ਬੁਲੇਟਿਨ

# ਲਲਕਾਰ

**ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ**

₹ 10

ਸਤੰਬਰ-ਅਕਤੂਬਰ 2011




## ਸਰਮਾਏਦਾਰੀ ਦੇ 'ਸਵਰਗ' ਇੰਗਲੈਂਡ ਵਿੱਚ ਭੜਕੀ ਲੋਕ ਰੋਹ ਦੀ ਜਵਾਲਾ

# ਜਨਮ ਦਿਵਸ 'ਤੇ

## ਸ਼ਹੀਦ ਭਗਤ ਸਿੰਘ



28 ਸਤੰਬਰ, 1907-23 ਮਾਰਚ, 1931

''ਭਗਤ ਸਿੰਘ ਪੰਜਾਬ ਦਾ ਪਹਿਲਾ ਵਿਚਾਰਕ ਸੀ ਜਿਸ ਨੇ ਸਮਾਜ ਦੀ ਬਦਤਰ ਬਾਰੇ ਵਿਗਿਆਨਕ ਢੰਗ ਨਾਲ ਵਿਚਾਰ ਕੀਤਾ ਸੀ। ਪਹਿਲਾ ਬੁੱਧੀਮਾਨ ਸੀ ਜਿਸ ਨੇ ਦੁੱਖਾਂ ਅਤੇ ਸਮਾਜਕ ਸਮੱਸਿਆਵਾਂ ਦੀ ਧੁਰ ਡੂੰਘਿਆਈ ਤੱਕ ਪਈਆਂ ਉਲਝਣਾਂ ਦੀ ਪਹਿਚਾਣ ਕੀਤੀ ਸੀ। ਉਹ ਪਹਿਲਾ ਦੇਸ਼ ਭਗਤ ਸੀ, ਜਿਸ ਦੇ ਮਨ ਵਿੱਚ ਸਮਾਜ ਸੁਧਾਰ ਦਾ ਇੱਕ ਨਿਸ਼ਚਿਤ ਦ੍ਰਿਸ਼ਟੀਕੋਣ ਸੀ। ਉਹ ਪਹਿਲਾ ਪੰਜਾਬੀ ਮਹਾਂਪੁਰਸ਼ ਸੀ ਜਿਸ ਨੇ ਭਾਵਨਾਵਾਂ ਅਤੇ ਸੋਝੀ ਦੇ ਸੁਮੇਲ ਲਈ ਧੁੰਦਲੀਆਂ ਮਾਨਤਾਵਾਂ ਦਾ ਸਹਾਰਾ ਨਹੀਂ ਸੀ ਲਿਆ। ਉਹ ਪਹਿਲਾ ਪੰਜਾਬੀ ਸੀ, ਜੋ ਦੇਸ਼-ਭਗਤੀ ਦੇ ਪ੍ਰਦਰਸ਼ਨਕਾਰੀ ਵਿਚਾਰਾਂ ਤੋਂ ਮੁਕਤ ਹੋ ਸਕਿਆ ਸੀ। ਉਹ ਪਹਿਲਾ ਪੰਜਾਬੀ ਸੀ ਜਿਸ ਨੇ ਗਾਂਧੀਵਾਦ ਦੇ ਥੋਥੇ ਅਤੇ ਖੋਖਲੇ ਮਾਨਵਤਾਵਾਦ ਅਤੇ ਆਦਰਸ਼ਵਾਦ ਨੂੰ ਵੰਗਾਰਿਆ ਸੀ।

ਪੰਜਾਬ ਦੀ ਵਿਚਾਰਧਾਰਾ ਨੂੰ ਉਸ ਦੀ ਦੇਣ ਸਾਂਡਰਸ ਦੀ ਹੱਤਿਆ, ਅਸੈਂਬਲੀ ਵਿੱਚ ਬੰਬ ਸੁੱਟਣ, ਫਾਂਸੀ ਦੇ ਫੰਦੇ 'ਤੇ ਲਟਕ ਜਾਣ ਤੋਂ ਕਿਤੇ ਜ਼ਿਆਦਾ ਹੈ। ਭਗਤ ਸਿੰਘ ਨੇ ਪਹਿਲੀ ਵਾਰ ਪੰਜਾਬ ਨੂੰ ਪਹਿਲਵਾਨੀ ਅਤੇ ਜਹਾਲਤ ਤੋਂ ਬੁੱਧੀਵਾਦ ਵੱਲ ਮੋੜਿਆ ਸੀ।

ਭਗਤ ਸਿੰਘ ਦੀਆਂ ਤਸਵੀਰਾਂ 'ਤੇ ਹਾਰ ਪਾਉਣ ਜਾਂ ਉਸ ਦੀ ਸ਼ਹਾਦਤ ਉੱਪਰ ਕਵਿਤਾਵਾਂ ਲਿਖਣ ਦਾ ਫਾਇਦਾ ਨਹੀਂ ਹੋਵੇਗਾ। ਜ਼ਰੂਰਤ ਹੈ ਉਸ ਦੀ ਵਿਚਾਰਧਾਰਾ ਨੂੰ ਸਮਝਣ ਅਤੇ ਅੱਗੇ ਵਧਾਉਣ ਦੀ। ਜਿਸ ਦਿਨ ਉਸ ਨੂੰ ਫਾਂਸੀ ਲੱਗੀ ਸੀ, ਉਸ ਦੀ ਕੋਠੜੀ 'ਚੋਂ ਲੈਨਿਨ ਦੀ ਕਿਤਾਬ ਮਿਲੀ ਸੀ, ਜਿਸ ਦਾ ਇੱਕ ਪੰਨਾ ਮੋੜਿਆ ਹੋਇਆ ਸੀ।

ਪੰਜਾਬ ਦੀ ਜਵਾਨੀ ਨੂੰ ਉਸ ਦੇ ਆਖਰੀ ਦਿਨ ਮੋੜੇ ਹੋਏ ਪੰਨੇ ਤੋਂ ਅਗਾਂਹ ਤੁਰਨਾ ਚਾਹੀਦਾ ਹੈ।''

–ਪਾਸ਼

## ਇਨਕਲਾਬੀ ਕਵੀ ਪਾਸ਼

# ਆਸ ਰੱਖਦੇ ਹਨ



9 ਸਤੰਬਰ, 1950-23 ਮਾਰਚ, 1988

ਵੰਡੋ ਵੰਡ ਹੋ ਜਾਂਦੀ ਹੈ-
ਆਲਮ ਦੀ ਸਿਆਹ ਚਾਦਰ
ਜਦ ਵਿਹੜੇ ਵਿਚ ਕੁੱਕੜ ਦੀ
ਬਾਂਗ ਫ਼ਣਕ ਉਠਦੀ ਹੈ
ਗੀਤ ਆਲ੍ਹਣਿਆਂ 'ਚੋਂ
ਨਿਕਲ ਕੇ ਬਾਹਰ ਆਉਂਦੇ ਹਨ
ਤੇ ਹਵਾ ਵਿਚ ਖੁਰਚ ਦਿੰਦੇ ਹਨ
ਸ਼ਹੀਦਾਂ ਦੇ ਅਮਿਟ ਚਿਹਰੇ,
ਮਿੱਟੀ ਦਾ ਸਭ ਤੋਂ ਸੁਹਾਣਾ ਸਫ਼ਰ।

ਚਾਨਣ ਦੀ ਪਹਿਲੀ ਸੂਆ ਸੰਗ
ਫੈਲਦੀਆਂ ਹਨ ਇਸ ਕਦਰ ਤਸਵੀਰਾਂ
ਕਿ ਕਿਸੇ ਦੇਸ਼ ਭਗਤ ਯਾਦਗਾਰ ਹਾਲ ਦੀ
ਮਜਬੂਰ ਵਲਗਣ 'ਤੇ
ਬੇਪਰਵਾਹ ਹੱਸਦਾ ਹੈ ਤਸਵੀਰਾਂ ਦਾ ਆਕਾਰ।

ਤੁਸੀਂ ਜਦ ਵੀ ਕਿਸੇ ਨੂੰ ਨਮਸਕਾਰ ਕਰਦੇ ਹੋ
ਜਾਂ ਹੱਥ ਮਿਲਾਉਂਦੇ ਹੋ
ਉਨ੍ਹਾਂ ਦੇ ਬੁੱਲ੍ਹਾਂ ਤੋਂ ਤਿਰਕੀ ਹੋਈ ਮੁਸਕਰਾਹਟ
ਤੁਹਾਡੀ ਪਰਿਕਰਮਾ ਕਰਦੀ ਹੈ
ਤੁਸੀਂ ਜਦ ਕਿਤਾਬਾਂ ਪੜ੍ਹਦੇ ਹੋ
ਤਾਂ ਅੱਖਰਾਂ 'ਤੇ ਫੈਲ ਜਾਂਦੇ ਹਨ
ਉਨ੍ਹਾਂ ਦੇ ਅਮਲ ਅਤੇ ਸਿੱਖਿਆਵਾਂ,

ਜਦ ਸਮਾਜ ਦੇ ਕੁਰੱਖਤ ਸੀਨੇ 'ਤੇ
ਹੁੰਦਾ ਹੈ ਛਵੀਆਂ ਦਾ ਨਾਚ
ਜਦ ਤੱਤੇ ਲਹੂ ਬੱਕਰੇ ਬੁਲਾਉਂਦੇ ਹਨ
ਜਾਂ ਜਦ ਭਿੜ ਦੀ ਗੁੜਗੁੜਾਹਟ ਨਾਅਰਾ ਬਣਦੀ ਹੈ
ਤਾਂ ਕਈ ਹੋਂਠ ਕਈ ਮੁਸਕਰਾਉਂਦੇ ਹਨ
-ਸਲੀਬ ਦੇ ਗੀਤ

ਤੁਹਾਡੇ ਕੋਲ ਚੋਅ ਹੈ ਜਾਂ ਘਰਾਣ ਦੀ ਰੱਖੀ
ਤੁਹਾਡੇ ਪੈਰਾਂ 'ਚ ਸਵੇਰ ਹੈ ਜਾਂ ਸ਼ਾਮ
ਤੁਹਾਡੇ ਅੰਗ-ਸੰਗ ਤੁਹਾਡੇ ਸ਼ਹੀਦ
ਤੁਹਾਥੋਂ ਕੋਈ ਆਸ ਰੱਖਦੇ ਹਨ।

## 'ਲਲਕਾਰ' ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜਿਉਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। "ਲਲਕਾਰ" ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। "ਲਲਕਾਰ" ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁੱਖ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿੱਚ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ 'ਲਲਕਾਰ' ਦਾ ਬੇਖੌਫ਼ ਐਲਾਨ ਹੈ।

# ਇਸ ਅੰਕ 'ਚ


**ਸੰਪਾਦਕੀ**

• ਅੰਨਾ ਹਜ਼ਾਰੇ, ਭ੍ਰਿਸ਼ਟਾਚਾਰ ਅਤੇ ਭਾਰਤੀ ਹਾਕਮ 2

**ਭਖਦੇ ਮਸਲੇ**

• ਗਰੀਬਾਂ ਦੀ ਜਾਨ ਨਾਲ਼ ਖਿਲਵਾੜ ਕਰਕੇ ਹੁੰਦੀ ਹੈ ਦਵਾਈਆਂ ਦੀ ਪਰਖ਼ 4

• ਗੋਬਿੰਦਪੁਰਾ ਜ਼ਮੀਨ ਐਕੁਆਇਰ ਕਾਂਡ ਵਿਕਾਸ ਦੇ ਨਾਂ 'ਤੇ ਸਰਮਾਏਦਾਰਾਂ ਦੀ ਸੇਵਾ 7

• ਇੰਗਲੈਂਡ ਵਿਦਰੋਹ 'ਸਦੀਆਂ ਦੀ ਅਣਕਹੀ ਨੂੰ, ਇੱਕ ਹਾਦਸਾ ਕਹੇਗਾ' 9

• ਸਲਵਾ ਜੁਡੁਮ ਖਿਲਾਫ਼ ਸੁਪਰੀਮ ਕੋਰਟ ਦਾ ਫੈਸਲਾ ਲੋਕਾਂ ਵਿਰੁੱਧ ਸਰਕਾਰ ਦੀ ਦਹਿਸ਼ਤੀ ਜੰਗ ਦਾ ਸੱਚ ਫੇਰ ਹੋਇਆ ਬੇਨਕਾਬ 11

• ਜੰਗ ਆਖ਼ਰ ਲੋਕ ਹੀ ਜਿੱਤਣਗੇ 14

**ਇਤਿਹਾਸ**

• ਕੇਹਾ ਹੈ ਇਹ ਲੋਕਤੰਤਰ ਅਤੇ ਇਹ ਸੰਵਿਧਾਨ ਕਿਨ੍ਹਾਂ ਦੀ ਸੇਵਾ ਕਰਦਾ ਹੈ? 16

**ਸਾਹਿਤ ਤੇ ਕਲਾ**

• ਮੈਕਸਿਮ ਗੋਰਕੀ ਦੀ ਸਵੈ-ਜੀਵਨੀ : ਇੱਕ ਫੁੱਲ ਦੀ ਜਨਮ-ਪ੍ਰਕਿਰਿਆ 23

• ਬੰਗਾਲ ਦੇ ਅਕਾਲ 'ਤੇ ਨਵੀਂ ਕਿਤਾਬ: ਬਰਤਾਨਵੀ ਸਾਮਰਾਜਵਾਦੀਆਂ ਦੇ ਬਰਬਰ ਯੁੱਧ-ਅਪਰਾਧ 'ਤੇ ਨਵੀਂ ਰੌਸ਼ਨੀ 27

• ਸ਼ਬਦਾਂ ਨਾਲ਼ ਜਾਦੂ ਬੁਣਨਾ ਕਵਿਤਾ ਲਿਖਣਾ 29

**ਸਰਗਰਮੀਆਂ**

• ਲੁਧਿਆਣਾ ਵਿੱਚ ਮਜ਼ਦੂਰਾਂ ਲਈ ਲਾਇਬ੍ਰੇਰੀ ਦੀ ਸਥਾਪਨਾ 30

• ਲੁਧਿਆਣੇ 'ਚ ਹੋਈ ਟੈਕਸਟਾਈਲ ਮਜ਼ਦੂਰਾਂ ਦੀ ਪੰਚਾਇਤ 31

**ਪਾਠਕ ਮੰਚ** 32



# ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ ਵਿਦਿਆਰਥੀਆਂ ਦੀ ਮੈਗਜ਼ੀਨ

**ਬੁਲੇਟਿਨ-19, ਸਤੰਬਰ-ਅਕਤੂਬਰ 2011**

**ਸੰਪਾਦਕ**

**ਲਖਵਿੰਦਰ**

**ਇੱਕ ਕਾਪੀ ਦਾ ਮੁੱਲ**

ਦਸ ਰੁਪਏ

**ਸਾਲਾਨਾ ਚੰਦਾ**

60 ਰੁਪਏ (ਡਾਕ ਰਾਹੀਂ 80 ਰੁਪਏ)



**ਫੋਨ ਨੰ. - 9646150249**

**ਈਮੇਲ: lalkaar08@rediffmail.com**

**ਸੰਪਾਦਕੀ ਦਫ਼ਤਰ** : ਮੁਹੱਲਾ ਜੱਸੜਾਂ, ਨੇੜੇ ਬੀ.ਐੱਸ.ਐੱਨ.ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ 140406, ਪੰਜਾਬ



ਮਾਲਕ, ਪ੍ਰਕਾਸ਼ਕ ਅਤੇ ਸੰਪਾਦਕ ਲਖਵਿੰਦਰ ਸਿੰਘ ਦੁਆਰਾ ਸੈਂਟੋਂ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਕ੍ਰਾਸਿੰਗ, ਜਲੰਧਰ, ਪੰਜਾਬ ਤੋਂ ਛਪਵਾ ਕੇ ਮੁਹੱਲਾ ਜੱਸੜਾਂ, ਨੇੜੇ ਬੀ.ਐੱਸ.ਐੱਨ.ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ 140406, ਪੰਜਾਬ ਤੋਂ ਪ੍ਰਕਾਸ਼ਿਤ ਕੀਤਾ

ਸੰਪਾਦਕੀ

# ਅੰਨਾ ਹਜ਼ਾਰੇ, ਭ੍ਰਿਸ਼ਟਾਚਾਰ ਅਤੇ ਭਾਰਤੀ ਹਾਕਮ

ਸਰਮਾਏਦਾਰੀ ਭ੍ਰਿਸ਼ਟਾਚਾਰ ਦੀ ਜਣਨੀ ਹੈ। ਸਰਮਾਏਦਾਰੀ ਅਤੇ ਭ੍ਰਿਸ਼ਟਾਚਾਰ ਕਰੰਗੜੀ ਪਾ ਕੇ ਚਲਦੇ ਹਨ। ਜਦ ਤੱਕ ਸਰਮਾਏਦਾਰੀ ਰਹੇਗੀ, ਭ੍ਰਿਸ਼ਟਾਚਾਰ ਰਹੇਗਾ। ਪਿਛਲੇ ਦੋ ਦਹਾਕਿਆਂ ਤੋਂ, ਜਦੋਂ ਤੋਂ ਭਾਰਤੀ ਹਾਕਮਾਂ ਨੇ ਨਵਉਦਾਰਵਾਦੀ ਨੀਤੀਆਂ ਅਪਣਾਈਆਂ ਹਨ ਭਾਰਤ ਦੇ ਲੋਕ ਨਿੱਤ ਨਵੇਂ ਘਪਲੇ-ਘੋਟਾਲਿਆਂ ਦੀਆਂ ਖ਼ਬਰਾਂ ਸੁਣਦੇ ਹਨ। ਭ੍ਰਿਸ਼ਟਾਚਾਰ ਤਾਂ ਉਸ ਤੋਂ ਪਹਿਲਾਂ ਵੀ ਜਾਰੀ ਸੀ ਪਰ ਪਿਛਲੇ ਦੋ ਦਹਾਕਿਆਂ ਤੋਂ ਇੱਥੇ ਘਪਲੇ-ਘੋਟਾਲਿਆਂ ਦਾ ਹੜ੍ਹ ਜਿਹਾ ਆ ਗਿਆ ਹੈ। ਅੱਜ ਇੱਥੋਂ ਦੀ ਹਾਕਮ ਸਰਮਾਏਦਾਰ ਜਮਾਤ, ਉਹਨਾਂ ਦੀਆਂ ਨੁਮਾਇੰਦਾ ਸੰਸਦੀ ਪਾਰਟੀਆਂ, ਇਨ੍ਹਾਂ ਪਾਰਟੀਆਂ ਦੇ ਲੀਡਰ ਸਭ ਭ੍ਰਿਸ਼ਟਾਚਾਰ ਦੀ ਗੰਗਾ 'ਚ ਡੁਬਕੀਆਂ ਲਾ ਰਹੇ ਹਨ। ਉਹ ਲੋਕਾਂ ਦੀਆਂ ਨਜ਼ਰਾਂ 'ਚ ਪੂਰੀ ਤਰ੍ਹਾਂ ਬੇਪੜਦ ਹਨ।

ਅਜਿਹੇ ਮਹੌਲ ਵਿੱਚ ਪੂੰਜੀਵਾਦ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਕੇ ਸਾਫ਼ ਸੁਥਰਾ ਬਣਾਉਣ ਦਾ ਝੰਡਾ ਸਭ ਤੋਂ ਪਹਿਲਾਂ ਰਾਸ਼ਟਰੀ ਸਵੈਸੇਵਕ ਸੰਘ (ਆਰ. ਐਸ. ਐਸ) ਦੇ ਏਜੰਟ ਰਾਮਦੇਵ ਨੇ ਚੁੱਕਿਆ। ਉਸ ਦੀ ਇਹ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਹਮੇਸ਼ਾ ਕਨਫਿਊਜ਼ ਰਹਿਣ ਵਾਲੇ, ਅਗਿਆਨੀ, ਮੂਰਖ ਭਾਰਤੀ ਮੱਧ ਵਰਗ ਦੇ ਇੱਕ ਹਿੱਸੇ ਨੂੰ ਪ੍ਰਭਾਵਤ ਵੀ ਕਰ ਰਹੀ ਸੀ। ਪਰ ਅਚਾਨਕ ਇਸ ਭ੍ਰਿਸ਼ਟਾਚਾਰ ਵਿਰੋਧੀ 'ਜੰਗ' ਦੇ ਮੈਦਾਨ ਵਿੱਚ ਅੰਨਾ ਹਜ਼ਾਰੇ ਆ ਟਪਕੇ। ਇਸ ਤੋਂ ਪਹਿਲਾਂ ਅੰਨਾ ਹਜ਼ਾਰੇ ਨੂੰ ਇਸ ਦੇ ਵਿੱਚ ਜ਼ਿਆਦਾ ਲੋਕ ਨਹੀਂ ਜਾਣਦੇ ਸਨ। ਅੰਨਾ ਹਜ਼ਾਰੇ ਦੇ ਮੈਦਾਨ ਵਿੱਚ ਆ ਜਾਣ ਨਾਲ਼ ਰਾਮਦੇਵ ਨੇ ਖ਼ੁਦ ਨੂੰ ਖੂੰਜੇ ਲਗਦਾ ਮਹਿਸੂਸ ਕੀਤਾ। ਭਾਵੇਂ ਪਹਿਲਾਂ ਉਸ ਨੇ ਅੰਨਾ ਨਾਲ਼ ਭ੍ਰਿਸ਼ਟਾਚਾਰ ਵਿਰੋਧੀ ਸਾਂਝਾ ਮੋਰਚਾ ਬਣਾਇਆ ਪਰ ਬਾਅਦ ਵਿੱਚ ਉਹ ਅੰਨਾ ਨੂੰ ਠਿੱਬੀ ਲਾਉਣ ਅਤੇ ਭਾਰਤ ਵਿੱਚ ਭ੍ਰਿਸ਼ਟਾਚਾਰ ਵਿਰੋਧੀ 'ਜੰਗ' ਦਾ ਇੱਕੋ ਇੱਕ ਸੂਰਮਾ ਬਣਨ ਦੀ ਦੌੜ ਵਿੱਚ ਇਕੱਲਿਆਂ ਹੀ ਇਸ 'ਜੰਗ' ਦੇ ਮੈਦਾਨ ਵਿੱਚ ਨਿੱਤਰ ਆਇਆ। ਉਸ ਨੇ ਦਿੱਲੀ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਮੋਰਚਾ ਲਾ ਦਿੱਤਾ। ਪਰ ਦਿੱਲੀ ਪੁਲਿਸ ਦੀ ਮਾਮੂਲੀ ਜਿਹੀ ਘੁਰਕੀ ਨਾਲ਼ ਹੀ ਇਹ ਸੂਰਮਾ ਪੂਛ ਚੁੱਕ ਕੇ ਭੱਜ ਗਿਆ। ਬਾਅਦ 'ਚ ਕੇਂਦਰ ਸਰਕਾਰ ਦੀਆਂ ਘੁਰਕੀਆਂ ਤੋਂ ਡਰਦਾ ਪੂਰੀ ਤਰ੍ਹਾਂ ਇਸ ਭ੍ਰਿਸ਼ਟਾਚਾਰ ਵਿਰੋਧੀ 'ਜੰਗ' ਤੋਂ ਕਿਨਾਰਾ ਕਰ ਗਿਆ। ਬਾਬੇ ਦੀ ਇਸ ਕਾਇਰਤਾ ਪੂਰਨ ਕਰਤੂਤ ਨੇ ਉਸ ਦੇ ਮੱਧ ਵਰਗੀ ਪੈਰੋਕਾਰਾਂ ਨੂੰ ਕਾਫੀ ਨਿਰਾਸ਼ ਕੀਤਾ ਅਤੇ ਬਾਬੇ ਤੋਂ ਉਹਨਾਂ ਦਾ ਮੋਹ ਭੰਗ ਵੀ ਹੋਇਆ।

ਦੂਜੇ ਪਾਸੇ ਅੰਨਾ ਹਜ਼ਾਰੇ ਦੀ ਕੇਂਦਰ ਸਰਕਾਰ ਨਾਲ਼ ਗੱਲਬਾਤ, ਸੁਲਹ-ਸਫਾਈ ਸਿਰੇ ਨਾ ਚੜ੍ਹੀ। ਕੇਂਦਰ ਸਰਕਾਰ ਉਸ ਦੀ ਮਰਜ਼ੀ ਦਾ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਬਣਾਉਣ ਲਈ ਤਿਆਰ ਨਾ ਹੋਈ। ਜਿਸ ਕਾਰਨ ਅੰਨਾ ਨੇ 16 ਅਗਸਤ 2011 ਤੋਂ ਫਿਰ ਤੋਂ ਦਿੱਲੀ 'ਚ ਭੁੱਖ ਹੜਤਾਲ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ। ਇਸ ਨੂੰ ਅੰਨਾ ਨੇ 'ਦੂਸਰੀ ਜੰਗੇ ਆਜ਼ਾਦੀ' ਦਾ ਨਾਂ ਦਿੱਤਾ। ਅੰਨਾ ਦੀ ਲੜਾਈ ਸਰਮਾਏਦਾਰੀ ਵਿਰੁੱਧ ਨਹੀਂ ਸਿਰਫ ਇਸ ਦੀ ਜਾਇਜ਼ ਸੰਤਾਨ ਭ੍ਰਿਸ਼ਟਾਚਾਰ ਵਿਰੁੱਧ ਹੈ। ਦੇਸ਼ ਦੇ ਸਨਅਤਕਾਰਾਂ, ਪੇਂਡੂ ਸਰਮਾਏਦਾਰਾਂ (ਵੱਡੇ ਜ਼ਮੀਨ ਮਾਲਕ), ਵਪਾਰੀਆਂ, ਬੈਂਕਰਾਂ, ਸੂਦਖੋਰਾਂ, ਸਾਮਰਾਜਵਾਦੀਆਂ ਦੁਆਰਾ ਜੋ ਹਰ ਰੋਜ਼ ਕਰੋੜਾਂ ਕਿਰਤੀਆਂ ਦੀ ਕਿਰਤ ਸ਼ਕਤੀ ਲੁੱਟੀ ਜਾ ਰਹੀ ਹੈ ਉਸ ਤੋਂ ਅੰਨਾ ਅਤੇ ਉਸ ਦੇ ਜੋਟੀਦਾਰਾਂ ਨੂੰ ਕੋਈ ਤਕਲੀਫ ਨਹੀਂ ਹੈ। ਉਸ ਬੱਸ ਇਸ ਦੇਸ਼ ਦੀ ਹਾਕਮ ਜਮਾਤ (ਸਰਮਾਏਦਾਰ) ਅਤੇ ਸਾਮਰਾਜਵਾਦੀਆਂ ਦੁਆਰਾ ਇਸ ਦੇ ਕਿਰਤੀਆਂ ਦੀ ਅਥਾਹ ਲੁੱਟ 'ਚੋਂ ਟੁਕੜਿਆਂ ਦੇ ਰੂਪ 'ਚ ਜੋ ਕੁਝ ਇੱਥੋਂ ਦੇ ਸਿਆਸਤਦਾਨਾਂ ਨੌਕਰਸ਼ਾਹਾਂ ਦੁਆਰਾ 'ਗੈਰ-ਕਾਨੂੰਨੀ' ਰੂਪ 'ਚ ਹਾਸਲ ਕੀਤਾ ਜਾਂਦਾ ਹੈ, ਵਿਰੁੱਧ ਹੀ ਝੰਡਾ ਚੁੱਕ ਰਹੇ ਹਨ। ਇਹ ਭੋਲ਼ੀਆਂ (ਜੇ ਸੱਚਮੁੱਚ ਅਜਿਹਾ ਹੋਵੇ ਤਾਂ) ਆਤਮਾਵਾਂ ਇਹ ਨਹੀਂ ਸਮਝਦੀਆਂ ਕਿ ਹਾਕਮ ਜਮਾਤਾਂ ਦੇ ਸਿਆਸੀ ਨੁਮਾਇੰਦੇ ਅਤੇ ਨੌਕਰਸ਼ਾਹ ਜੋ ਇਸ ਗੱਲ ਨੂੰ ਯਕੀਨੀ ਬਣਾਉਂਦੇ ਹਨ ਕਿ ਇਸ ਦੇਸ਼ ਦੇ ਕਿਰਤੀਆਂ ਦੀ ਬੇਪਨਾਹ ਲੁੱਟ ਨਿਰੰਤਰ, ਨਿਰਵਿਘਨ ਚੱਲਦੀ ਰਹੇ, ਭਲਾ ਉਹ ਇਸ ਲੁੱਟ ਚੋਂ ਕੁਝ ਅੰਸ਼ ਕਿਉਂ ਨਹੀਂ ਹਾਸਲ ਕਰਨਗੇ ? ਇਸ ਭ੍ਰਿਸ਼ਟਾਚਾਰ ਰੂਪੀ 'ਗੈਰ ਕਾਨੂੰਨੀ' ਲੁੱਟ ਨੂੰ ਖ਼ਤਮ ਕਰਨ ਲਈ ਜ਼ਰੂਰੀ ਹੈ ਕਿ ਪਹਿਲਾਂ ਦੇਸੀ-ਵਿਦੇਸ਼ੀ ਸਰਮਾਏਦਾਰਾਂ ਦੁਆਰਾ ਇਸ ਦੇਸ਼ ਦੇ ਕਿਰਤੀਆਂ ਦੀ ਕਿਰਤ ਸ਼ਕਤੀ ਦੀ ਕਾਨੂੰਨੀ ਲੁੱਟ ਖ਼ਤਮ ਕੀਤੀ ਜਾਵੇ। ਪਰ ਇਹ ਅੰਨਾ ਅਤੇ ਉਸ ਦੇ ਜੋੜੀਦਾਰਾਂ ਦਾ ਏਜੰਡਾ ਨਹੀਂ, ਉਹ ਪੂੰਜੀਵਾਦ ਤਾਂ ਚਾਹੁੰਦੇ ਹਨ ਪਰ ਭ੍ਰਿਸ਼ਟਾਚਾਰ ਨਹੀਂ। ਇਹ ਕਿਸੇ ਦਾ ਭੋਲਾ ਸੁਪਨਾ ਤਾਂ ਹੋ ਸਕਦਾ ਹੈ, ਪਰ ਇਸ ਸੁਪਨੇ ਦੇ ਹਕੀਕਤ ਬਣਨ ਦੀ ਕੋਈ ਵੀ ਸੰਭਾਵਨਾ ਮੌਜੂਦ ਨਹੀਂ ਹੈ। ਸਰਮਾਏਦਾਰ ਜਮਾਤ ਦੁਆਰਾ ਬਣਾਏ ਕਿਸੇ ਕਾਨੂੰਨ ਦੁਆਰਾ ਸਰਮਾਏਦਾਰੀ ਦੀ ਅਟੱਲ ਉਪਜ ਭ੍ਰਿਸ਼ਟਾਚਾਰ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ।

1991 'ਚ ਭਾਰਤੀ ਹਾਕਮਾਂ ਵੱਲੋਂ ਅਪਣਾਈਆਂ ਨਵਉਦਾਰਵਾਦੀ ਨੀਤੀਆਂ ਤੋਂ ਬਾਅਦ ਭਾਰਤੀ ਹਾਕਮਾਂ ਵੱਲੋਂ ਭਾਰਤ ਦੇ ਕਿਰਤੀਆਂ 'ਤੇ ਵਿੱਢਿਆਂ ਲੋਟੂ ਹੱਲਾ ਹੋਰ ਵੀ ਤੇਜ਼ ਹੋਇਆ ਹੈ। ਅਮੀਰ ਗਰੀਬ ਦਾ ਪਾੜਾ ਵਧਿਆ ਹੈ, ਜਮਾਤੀ ਧਰੁਵੀਕਰਨ ਤਿੱਖਾ ਹੋਇਆ ਹੈ, ਬੇਰੁਜ਼ਗਾਰੀ ਵਧੀ ਹੈ, ਪੱਕੇ ਰੁਜ਼ਗਾਰ ਦੀ ਥਾਂ ਠੇਕੇ-ਦਿਹਾੜੀ ਅਤੇ ਪੀਸ ਰੇਟ ਸਿਸਟਮ ਨੇ ਲੈ ਲਈ ਹੈ। ਲੋਕਾਂ ਦੀ ਗੁਜ਼ਰ-ਬਸਰ ਬਹੁਤ ਹੀ ਅਨਿਸ਼ਚਿਤ ਹੋਈ ਹੈ। ਸਿੱਟੇ ਵਜੋਂ ਭਾਰਤੀ ਹਾਕਮਾਂ ਵਿਰੁੱਧ ਲੋਕ ਰੋਹ ਵੀ ਵਧਿਆ ਹੈ। ਜਿਸ ਦਾ ਫੁਟਾਰਾ ਦੇਸ਼ ਭਰ 'ਚ ਮਜ਼ਦੂਰਾਂ,

ਕਿਸਾਨਾਂ, ਆਦਿਵਾਸੀਆਂ ਦੇ ਸੰਘਰਸ਼ਾਂ ਵਿੱਚ ਹੁੰਦਾ ਹੈ। ਪਰ ਕਿਰਤੀ ਲੋਕਾਂ ਦੇ ਇਨ੍ਹਾਂ ਸੰਘਰਸ਼ਾਂ ਨੂੰ ਆਮ ਤੌਰ 'ਤੇ ਵੱਡੇ ਸਰਮਾਏਦਾਰ ਘਰਾਣਿਆਂ ਦੁਆਰਾ ਸੰਚਾਲਤ ਪ੍ਰਿੰਟ ਅਤੇ ਇਲੈਕਟ੍ਰਾਨਕ ਮੀਡੀਆ ਦੁਆਰਾ ਪੂਰੀ ਤਰ੍ਹਾਂ ਬਲੈਕਆਊਟ ਕੀਤਾ ਜਾਂਦਾ ਹੈ। ਪਰ ਅੰਨਾ ਹਜ਼ਾਰੇ ਦਾ ਭ੍ਰਿਸ਼ਟਾਚਾਰ ਵਿਰੋਧੀ ਸੰਘਰਸ਼ ਜਿਸ ਦਾ ਕਿ ਹਮਾਇਤੀ ਘੇਰਾ ਵੀ ਬੇਹੱਦ ਸੀਮਤ ਹੈ, ਨੂੰ ਮੀਡੀਆ 'ਚ ਪ੍ਰਮੁੱਖ ਥਾਂ ਮਿਲ ਰਹੀ ਹੈ। ਇਹ ਵੀ ਭਾਰਤੀ ਹਾਕਮਾਂ ਦੀ ਇੱਕ ਸਾਜ਼ਿਸ ਹੀ ਹੈ ਕਿ ਲੋਕਾਂ ਦਾ ਧਿਆਨ ਉਹਨਾਂ ਦੇ ਅਸਲ ਮੁੱਦਿਆਂ ਤੋਂ ਭਟਕਾਇਆ ਜਾਵੇ। ਇਸ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ।

ਅੰਨਾ ਦਾ ਭ੍ਰਿਸ਼ਟਾਚਾਰ ਵਿਰੋਧੀ ਸੰਘਰਸ਼ ਇਸੇ ਲੋਟੂ ਢਾਂਚੇ ਦੇ ਦਾਇਰੇ ਅੰਦਰ ਦਾ ਸੰਘਰਸ਼ ਹੈ। ਇਸ ਤੋਂ ਇਸ ਢਾਂਚੇ ਨੂੰ ਕੋਈ ਖ਼ਤਰਾ ਨਹੀਂ ਹੈ। ਪਰ ਭਾਰਤ ਦੇ ਹਾਕਮ ਅਜਿਹੇ ਕਿਸੇ ਸੰਘਰਸ਼ ਨੂੰ ਵੀ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਹਨ। ਉਹਨਾਂ ਦਿੱਲੀ ਵਿੱਚ ਅੰਨਾ ਨੂੰ ਭੁੱਖ ਹੜਤਾਲ ਕਰਨ ਦੀ ਇਜ਼ਾਜਤ ਨਹੀਂ ਦਿੱਤੀ। ਅੰਨਾ ਨੂੰ ਗ੍ਰਿਫਤਾਰ ਕੀਤਾ ਗਿਆ। ਇਹ ਭਾਰਤੀ ਰਾਜਸੱਤਾ ਦੇ ਲਗਾਤਾਰ ਫਾਸਿਸਟ ਹੁੰਦੇ ਜਾਣ ਦਾ ਇੱਕ ਖ਼ਤਰਨਾਕ ਸੰਕੇਤ ਹੈ। ਇਨ੍ਹਾਂ ਹਾਕਮਾਂ ਦੁਆਰਾ ਬਣਾਏ ਸੰਵਿਧਾਨ ਦੇ ਦਾਇਰੇ 'ਚ ਰਹਿ ਕੇ ਸਰਕਾਰ ਦੀਆਂ ਨੀਤੀਆਂ ਵਿਰੁੱਧ ਰੋਸ ਪ੍ਰਗਟ ਕਰ ਸਕਣਾ, ਹਰ ਭਾਰਤੀ ਨਾਗਰਿਕ ਦਾ ਜਮਹੂਰੀ ਹੱਕ ਹੈ। ਅਤੇ ਅੱਜ ਭਾਰਤੀ ਹਾਕਮ ਅਜਿਹੇ ਸਭ ਜਮਹੂਰੀ ਹੱਕਾਂ ਨੂੰ ਖ਼ਤਮ ਕਰਨ 'ਤੇ ਉਤਾਰੂ ਹਨ। ਨਵਉਦਾਰਵਾਦੀ ਨੀਤੀਆਂ ਦਾ ਇਹ ਤਰਕ ਹੈ। ਸਰਮਾਏਦਾਰਾਂ ਜਮਹੂਰੀਅਤ ਅਤੇ ਨਵਉਦਾਰਵਾਦੀ ਨੀਤੀਆਂ ਕਰੰਗੜੀ ਪਾਕੇ ਨਹੀਂ ਚੱਲ ਸਕਦੀਆਂ। ਨਵਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਲਈ ਹਾਕਮ ਸਿਰਫ਼ ਡੰਡੇ 'ਤੇ ਹੀ ਟੇਕ ਰੱਖ ਸਕਦੇ ਹਨ ਅਤੇ ਅਜਿਹਾ ਹੀ ਉਹ ਕਰ ਰਹੇ ਹਨ। ਪੰਜਾਬ, ਉੱਤਰ ਪ੍ਰਦੇਸ਼ ਅਤੇ ਹੋਰ ਕਈ ਥਾਵਾਂ ਉੱਪਰ ਤਾਂ ਉਹ ਬਾਕਾਇਦਾ ਕਾਨੂੰਨ ਬਣਾ ਕੇ ਲੋਕਾਂ ਤੋਂ ਉਹਨਾਂ ਦੇ ਜਮਹੂਰੀ ਹੱਕ ਖੋਹ ਰਹੇ ਹਨ।

ਸਰਕਾਰ ਨੇ ਅੰਨਾ ਨੂੰ ਦਿੱਲੀ 'ਚ ਰੋਸ ਵਿਖਾਵਾ ਕਰਨ ਤੋਂ ਰੋਕ ਕੇ ਉਸ ਦੇ ਜਮਹੂਰੀ ਹੱਕਾਂ 'ਤੇ ਡਾਕਾ ਮਾਰਿਆ ਹੈ, ਜਿਸ ਦੀ ਕਿ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ। ਪਰ ਨਾਲ਼ ਦੀ ਨਾਲ਼ ਇਹ ਵੀ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਅਜਿਹੇ ਸੰਘਰਸ਼ ਲੋਕਾਂ ਦਾ ਧਿਆਨ ਉਹਨਾਂ ਦੇ ਅਸਲ ਮੁੱਦਿਆਂ ਤੋਂ ਭਟਕਾ ਕੇ, ਕਿਰਤ ਸ਼ਕਤੀ ਦੀ ਕਾਨੂੰਨੀ ਲੁੱਟ ਦੀ ਥਾਂ ਭ੍ਰਿਸ਼ਟਾਚਾਰ ਰੂਪੀ 'ਗੈਰ-ਕਾਨੂੰਨੀ' ਲੁੱਟ ਨੂੰ ਲੁੱਟ ਦਾ ਇੱਕ ਇੱਕ ਰੂਪ ਦੱਸਕੇ, ਭ੍ਰਿਸ਼ਟਾਚਾਰ ਮੁਕਤ ਸਰਮਾਏਦਾਰੀ ਦਾ ਭਰਮ ਪੈਦਾ ਕਰਕੇ ਇਸ ਲੋਟੂ ਸਰਮਾਏਦਾਰਾਂ ਢਾਂਚੇ ਲਈ ਸੇਫਟੀ ਵਾਲਵ ਦਾ ਵੀ ਕੰਮ ਕਰਦੇ ਹਨ। •

*ਤਮੰਨਾਓਂ ਮੇਂ ਕਬ ਤੱਕ ਜ਼ਿੰਦਗੀ ਉਲਝਾਈ ਜਾਏਗੀ*
*ਖਿਲੌਨੇ ਦੇਕਰ ਕਬ ਤੱਕ ਮੁਫ਼ਲਿਸੀ ਬਹਿਲਾਈ ਜਾਏਗੀ*
*ਨਯਾ ਚਸ਼ਮਾ ਹੈ ਪੱਥਰ ਕੇ ਸ਼ਿਗਾਫੋਂ ਸੇ ਨਿਕਲਨੇ ਕੋ*
*ਜ਼ਮਾਨਾ ਕਿਸ ਕਦਰ ਬੇਤਾਬ ਹੈ ਕਰਵਟ ਬਦਲਨੇ ਕੋ।*

*• ਅਲੀ ਸਰਦਾਰ ਜ਼ਾਫ਼ਰੀ*

**(ਸਫ਼ਾ 6 ਦਾ ਬਾਕੀ)**

ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ। ਇਸ ਤਰ੍ਹਾਂ ਇਹ ਪਰਖਾਂ ਅਤੇ ਟਰਾਇਲ ਨਾ ਸਿਰਫ਼ ਗਰੀਬ ਲੋਕਾਂ ਨੂੰ ਮੌਤ ਦੇ ਮੂੰਹ ਪਾਉਂਦੇ ਹਨ, ਸਗੋਂ ਵਿਗਿਆਨ ਦੀ ਵੀ ਐਸੀ-ਤੈਸੀ ਕਰ ਛੱਡਦੇ ਹਨ ਅਤੇ ਪਰਖਾਂ-ਟਰਾਇਲਾਂ ਉੱਪਰ ਹੁੰਦੇ ਮਨੁੱਖੀ ਸ੍ਰੋਤਾਂ ਨੂੰ ਬਰਬਾਦ ਕਰਦੇ ਹਨ।

ਅੰਤ ਵਿੱਚ ਅਸੀਂ ਇੱਕ ਝਾਤ ਪਰਖਾਂ ਅਤੇ ਟਰਾਇਲਾਂ ਸਬੰਧੀ ਕੌਮਾਂਤਰੀ ਨਿਯਮਾਂਵਲੀ 'ਤੇ ਵੀ ਮਾਰ ਲਈਏ। ਸੰਸਾਰ ਸਿਹਤ ਐਸੋਸੀਏਸ਼ਨ (World Health Association) ਦੇ ਹੇਲਸਿੰਕੀ ਐਲਾਨਨਾਮੇ ਦੇ ਪੈਰਾ 17 ਅਨੁਸਾਰ — "ਕਿਸੇ ਪਿਛੜੀ ਹੋਈ ਆਬਾਦੀ ਜਾਂ ਭਾਈਚਾਰੇ 'ਤੇ ਹੋਣ ਵਾਲ਼ੇ ਖੋਜ-ਕਾਰਜ ਨੂੰ ਤਾਂ ਹੀ ਜਾਇਜ਼ ਠਹਿਰਾਇਆ ਜਾ ਸਕਦਾ ਹੈ ਜੇਕਰ ਇਹੋ ਜਿਹਾ ਖੋਜ-ਕਾਰਜ ਉਸ ਆਬਾਦੀ ਜਾਂ ਭਾਈਚਾਰੇ ਦੀਆਂ ਸਿਹਤ ਸਬੰਧੀ ਜ਼ਰੂਰਤਾਂ ਅਤੇ ਪ੍ਰਾਥਮਿਕਤਾਵਾਂ ਦੇ ਅਨੁਸਾਰ ਹੋਵੇ ਅਤੇ ਇਸ ਗੱਲ ਦੀ ਪੂਰੀ ਸੰਭਾਵਨਾ ਹੋਵੇ ਕਿ ਖੋਜ-ਕਾਰਜ ਦੇ ਨਤੀਜਿਆਂ ਨਾਲ਼ ਉਸ ਖਾਸ ਆਬਾਦੀ ਜਾਂ ਭਾਈਚਾਰੇ ਨੂੰ ਫਾਇਦਾ ਪਹੁੰਚੇਗਾ।" ਪਰ ਇਸ ਕੌਮਾਂਤਰੀ ਦਿਸ਼ਾ-ਨਿਰਦੇਸ਼ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾਂਦੀਆਂ ਹਨ। ਭਾਰਤ ਵਿੱਚ ਹੋਣ ਵਾਲ਼ੇ ਬਹੁਤੇ ਟਰਾਇਲਾਂ ਤੋਂ ਭਾਰਤ ਦੀ ਆਮ ਆਬਾਦੀ ਨੂੰ ਕੋਈ ਖਾਸ ਫਾਇਦਾ ਨਹੀਂ ਹੋਣ ਵਾਲ਼ਾ ਹੁੰਦਾ। ਇਸ ਤਰ੍ਹਾਂ ਹੁੰਦਾ ਇਹ ਹੈ ਕਿ ਅਕਸਰ ਕੰਪਨੀਆਂ ਜਿਹੜੀਆਂ ਦਵਾਈਆਂ ਦੀ ਪਰਖ ਕਰਦੀਆਂ ਹਨ ਜਾਂ ਤਾਂ ਉਹ ਬਹੁਤੇ ਭਾਰਤੀ ਲੋਕਾਂ ਦੀ ਜ਼ਰੂਰਤ ਹੀ ਨਹੀਂ ਹੁੰਦੀ ਜਾਂ ਫਿਰ ਉਹਨਾਂ ਦੀ ਕੀਮਤ ਹੀ ਇੰਨੀ ਰੱਖੀ ਜਾਂਦੀ ਹੈ ਕਿ ਬਹੁਗਿਣਤੀ ਭਾਰਤੀ ਮਰੀਜ਼ਾਂ ਦੀ ਖਰੀਦ ਸਕਣ ਦੀ ਸਮਰੱਥਾ ਤੋਂ ਬਾਹਰ ਹੁੰਦੀ ਹੈ। ਭਾਵੇਂ ਕੰਪਨੀਆਂ ਲਈ ਇਹ ਲਾਜ਼ਮੀ ਹੁੰਦਾ ਕਿ ਉਹ ਲੋਕਾਂ ਦੀ ਖਰੀਦ ਸਕਣ ਦੀ ਸਮਰੱਥਾ ਅਨੁਸਾਰ ਕੀਮਤ 'ਤੇ ਪਰਖ ਅਧੀਨ ਅਬਾਦੀ ਜਾਂ ਭਾਈਚਾਰੇ ਲਈ ਦਵਾਈ ਉਪਲਬਧ ਕਰਵਾਏ, ਪਰ ਇਹੋ ਜਿਹੇ ਆਸ਼ਿਆਂ ਦੀ ਮੁਨਾਫੇ ਦੀ ਇਸ ਅੰਨੀ ਦੌੜ 'ਚ ਕੋਈ ਥਾਂ ਨਹੀਂ। ਜਿਵੇਂ ਹੋਰ ਸਾਰੇ ਕਾਨੂੰਨ-ਅਸੂਲ ਇਸ ਢਾਂਚੇ 'ਚ ਚਿੱਟੇ ਹਾਥੀ ਹੁੰਦੇ ਹਨ, ਇਹ ਐਲਾਨਨਾਮੇ ਵੀ ਕੁੱਝ ਅਲੱਗ ਸਾਬਿਤ ਨਹੀਂ ਹੁੰਦੇ ਕਿਉਂਕਿ ਇਹ ਨਿਯਮ-ਅਸੂਲ ਬਣਾਉਣ ਵਾਲ਼ੇ ਵੀ ਅਕਸਰ ਇਸੇ ਵਿਵਸਥਾ 'ਚ ਚੰਗੀ ਤਰ੍ਹਾਂ 'ਸੈੱਟ' ਹੁੰਦੇ ਹਨ। ਬਸ ਕੁੱਝ ਭੋਲੀਆਂ ਆਤਮਾਵਾਂ ਇਹਨਾਂ ਐਲਾਨਨਾਮਿਆਂ ਦੀ ਦੁਹਾਈ ਦਿੰਦੀਆਂ ਰਹਿੰਦੀਆਂ ਹਨ ਅਤੇ ਮੁਨਾਫ਼ੇ ਦੇ ਤੇਜ਼ ਚਲਦੇ ਚੱਕੇ ਦੇ ਖੜਕੇ 'ਚ ਤੇ ਰੋਂਦੀ ਜਾ ਰਹੀ ਮਾਨਵਤਾ ਦੀ ਚੀਕ-ਪੁਕਾਰ 'ਚ ਇਹ ਬੂ-ਦੁਹਾਈ ਰੂਪੀ ਰੁਦਨ ਅਪੀਲਾਂ-ਉਦੇਸ਼ਾਂ, ਅਦਾਲਤੀ ਰਿੱਟ-ਪਟੀਸ਼ਨਾਂ ਅਤੇ ਸਰਕਾਰ/ਕੰਪਨੀਆਂ ਦੇ ਧਰਵਾਸਿਆਂ ਦੇ ਰੂਪ 'ਚ ਸਿਆਲ਼ਾਂ ਦੀ ਠੰਡੀ ਰਾਤ ਦੀ ਚੁੱਪ ਵਾਂਗ ਗੁਆਚ ਜਾਂਦੀ ਹੈ। •

# ਗਰੀਬਾਂ ਦੀ ਜਾਨ ਨਾਲ਼ ਖਿਲਵਾੜ ਕਰਕੇ ਹੁੰਦੀ ਹੈ
# ਦਵਾਈਆਂ ਦੀ ਪਰਖ਼

• ਡਾ. ਅੰਮ੍ਰਿਤ

ਕਈ ਦਹਾਕੇ ਪਹਿਲਾਂ ਇੱਕ ਮਸ਼ਹੂਰ ਡਾਕਟਰ ਨੇ ਕਿਹਾ ਸੀ — "ਜਦੋਂ ਡਾਕਟਰ ਪੈਸਾ ਕਮਾਉਣ ਲਈ ਕੰਮ ਕਰਨਗੇ ਤਾਂ ਲੋਕਾਂ ਦੀਆਂ ਬਿਨਾਂ ਲੋੜ ਤੋਂ ਹੀ ਲੱਤਾਂ ਕੱਟੀਆਂ ਜਾਣਗੀਆਂ, ਬਿਨਾ ਲੋੜ ਤੋਂ ਲੋਕਾਂ ਨੂੰ ਟਨਾਂ ਦੇ ਹਿਸਾਬ ਨਾਲ਼ ਦਵਾਈਆਂ ਖਵਾਈਆਂ ਜਾਣਗੀਆਂ।" ਉਹ ਸ਼ਾਇਦ ਇਹ ਜੋੜਨਾ ਭੁੱਲ ਗਿਆ ਕਿ ਲੋਕਾਂ ਦੀਆਂ ਜਾਨਾਂ ਵੀ ਲਈਆਂ ਜਾਣਗੀਆਂ ਕਿਉਂਕਿ ਸੰਸਾਰ ਦਾ ਸਿਹਤ ਢਾਂਚਾ ਹੁਣ ਵਿਕਾਸ ਦੇ ਉਸ ਉੱਚ ਪੜਾਅ 'ਤੇ ਆ ਪਹੁੰਚਾ ਹੈ ਜਿੱਥੇ ਅਜਿਹੇ "ਚਮਤਕਾਰ" ਵੀ ਸੰਭਵ ਹਨ। ਪਹਿਲਾਂ ਆਮ ਲੋਕ ਇਹ ਤਾਂ ਸੁਣਦੇ ਰਹੇ ਹਨ ਕਿ ਗਰੀਬ ਮਰੀਜ਼ ਗਰੀਬੀ ਕਾਰਨ ਮੌਕੇ 'ਤੇ ਡਾਕਟਰੀ ਸਹਾਇਤਾ ਜਾਂ ਦਵਾਈਆਂ ਨਾ ਮਿਲਣ ਕਾਰਨ ਅਤੇ ਜਾਂ ਫਿਰ ਸਰਕਾਰੀ ਅਣਗਹਿਲੀ ਕਾਰਨ ਜਾਨਾਂ ਗੁਆ ਦਿੰਦੇ ਹਨ, ਪਰ ਹੁਣ ਇੱਕ ਬਿਲਕੁਲ ਨਵੀਂ ਕਿਸਮ ਦਾ ਤਰੀਕਾ ਈਜਾਦ ਕੀਤਾ ਹੈ ਦਵਾ ਕੰਪਨੀਆਂ ਨੇ ਲੋਕਾਂ ਦੀਆਂ ਜਾਨਾਂ ਲੈਣ ਲਈ ਜਿਸ ਅਧੀਨ ਦਵਾਈਆਂ ਦੀ ਪਰਖ ਲਈ ਗਰੀਬ ਦੇਸ਼ਾਂ ਦੇ ਲੋਕਾਂ ਨੂੰ ਬਲੀ ਦੇ ਬੱਕਰੇ ਬਣਾਇਆ ਜਾ ਰਿਹਾ ਹੈ।

ਪਹਿਲਾਂ ਪਹਿਲ ਇਹ ਸਾਰਾ ਮਾਮਲਾ 2004 'ਚ ਰੋਸ਼ਨੀ 'ਚ ਆਇਆ ਜਦੋਂ ਦੋ ਭਾਰਤੀ ਦਵਾ ਕੰਪਨੀਆਂ ਦੁਆਰਾ ਗੈਰ-ਕਾਨੂੰਨੀ ਤੌਰ 'ਤੇ ਦਵਾਈਆਂ ਦੀ ਪਰਖ ਲਈ ਟਰਾਇਲ ਕਰਨ ਦਾ ਮਾਮਲਾ ਸਾਹਮਣੇ ਆਇਆ। ਇਹਨਾਂ ਪਰਖਾਂ ਦੌਰਾਨ ਅੱਠ ਲੋਕਾਂ ਦੀ ਮੌਤ ਹੋਈ। ਫਿਰ ਦਸੰਬਰ 2008 ਵਿੱਚ ਇੱਕ ਅਖ਼ਬਾਰੀ ਰਿਪੋਰਟ ਨੇ ਦਿਖਾਇਆ ਕਿ ਭਾਰਤ ਵਿੱਚ ਲੋਕਾਂ ਨੂੰ ਪੂਰਾ ਇਲਾਜ ਲੈਣ ਲਈ ਦਵਾਈਆਂ ਦੀਆਂ ਪਰਖਾਂ 'ਚ ਸ਼ਾਮਿਲ ਹੋਣ ਲਈ ਮਜਬੂਰ ਕੀਤਾ ਜਾਂਦਾ ਹੈ ਜਾਂ ਇਲਾਜ ਪੂਰਾ ਕਰਨ ਦਾ ਝਾਂਸਾ ਦੇ ਕੇ ਪਰਖਾਂ ਵਿੱਚ ਸ਼ਾਮਿਲ ਕਰ ਲਿਆ ਜਾਂਦਾ ਹੈ। ਰਿਪੋਰਟ ਨੇ ਇਹ ਵੀ ਦੱਸਿਆ ਕਿ ਕੈਂਸਰ ਦੇ ਇੱਕ ਮਰੀਜ਼ ਨੂੰ ਸ਼ੁਰੂਆਤੀ ਇਲਾਜ ਮਿਲਣ ਤੋਂ ਬਾਅਦ ਬਾਕੀ ਰਹਿੰਦੇ ਇਲਾਜ ਲਈ ਇਹ ਕਿਹਾ ਗਿਆ ਕਿ ਉਹ ਜਾਂ ਤਾਂ ਪਰਖ 'ਚ ਸ਼ਾਮਿਲ ਹੋਵੇ ਜਾਂ ਫਿਰ ਘਰ ਜਾਵੇ। ਫਿਰ 2010 ਦੇ ਸਾਲ ਦੌਰਾਨ ਇੱਕ ਕੈਂਸਰ ਰੋਕੂ ਵੈਕਸੀਨ ਦਾ ਟਰਾਇਲ ਸੁਰਖੀਆਂ 'ਚ ਛਾਇਆ ਰਿਹਾ ਜੋ ਕਿ ਆਂਧਰਾ ਪ੍ਰਦੇਸ਼ ਅਤੇ ਗੁਜਰਾਤ ਵਿੱਚ ਚੱਲ ਰਿਹਾ ਸੀ। ਇਸ ਟਰਾਇਲ ਦੌਰਾਨ ਛੇ ਕਬਾਇਲੀ ਲੜਕੀਆਂ ਦੀ ਮੌਤ ਹੋ ਗਈ, ਭਾਵੇਂ ਬਾਅਦ 'ਚ ਇਹ ਕਿਹਾ ਗਿਆ ਕਿ ਇਹ ਮੌਤਾਂ ਪਰਖ ਅਧੀਨ ਵੈਕਸੀਨ ਕਰਕੇ ਨਹੀਂ ਸਗੋਂ ਕਿਸੇ ਹੋਰ ਕਾਰਨ ਹੋਈਆਂ ਸਨ। ਪਰ ਫਿਰ ਵੀ ਇਸ ਟਰਾਇਲ ਦੀ ਜਾਂਚ ਦੌਰਾਨ ਇਸ ਟਰਾਇਲ ਵਿੱਚ ਘੋਰ ਬੇਨਿਯਮੀਆਂ ਤੇ ਅਣਗਹਿਲੀਆਂ ਸਾਹਮਣੇ ਆਈਆਂ ਕਿ ਕਿਸ ਤਰ੍ਹਾਂ ਭਾਰਤ ਵਿੱਚ ਲੋਕਾਂ ਦੀ ਅਨਪੜ੍ਹਤਾ, ਘੱਟ ਗਿਆਨ ਹੋਣ ਅਤੇ ਗਰੀਬੀ ਦਾ ਫਾਇਦਾ ਉਠਾਇਆ ਜਾਂਦਾ ਹੈ ਅਤੇ ਮਾਨਵਤਾ ਤੇ ਵਿਗਿਆਨ ਦੇ ਨਿਯਮਾਂ ਤੇ ਅਸੂਲਾਂ ਨੂੰ ਛਿੱਕੇ ਟੰਗਿਆ ਜਾਂਦਾ ਹੈ।

ਇਹਨਾਂ ਖ਼ਬਰਾਂ ਤੋਂ ਬਾਅਦ ਸਰਕਾਰ ਦੇ ਸਿਹਤ ਮੰਤਰਾਲੇ ਦੀ ਕੁੰਭਕਰਨੀ ਨੀਂਦ ਵਿੱਚ ਕੁੱਝ ਰੁਕਾਵਟ ਪਈ ਅਤੇ (ਸਿਹਤ) ਮੰਤਰੀ ਹੁਰਾਂ ਨੇ ਅੱਖਾਂ 'ਤੇ ਪਾਣੀ ਦੇ ਛਿੱਟੇ ਮਾਰਕੇ ਜਾਗਦੇ ਹੋਣ ਦਾ ਸਬੂਤ ਦੇਣ ਦੀ ਕੋਸ਼ਿਸ਼ ਕੀਤੀ। ਹੁਣੇ ਹੁਣੇ ਸਰਕਾਰ ਦੇ (ਸਿਹਤ) ਮੰਤਰੀ ਨੇ ਇਹ ਮੰਨਿਆ ਕਿ ਪਿਛਲੇ ਚਾਰ ਸਾਲਾਂ ਦੌਰਾਨ ਦਵਾਈਆਂ ਦੀਆਂ ਪਰਖਾਂ ਦੌਰਾਨ 1725 ਲੋਕਾਂ ਦੀ ਜਾਨ ਜਾ ਚੁੱਕੀ ਹੈ। 2007 'ਚ ਮੌਤਾਂ ਦੀ ਗਿਣਤੀ 132 ਸੀ ਜੋ 2008 'ਚ 288, 2009 'ਚ 637 ਅਤੇ 2010 'ਚ ਵੱਧ ਕੇ 688 ਤੱਕ ਪਹੁੰਚ ਚੁੱਕੀ ਹੈ। ਇਹਨਾਂ ਵਿੱਚੋਂ ਸਿਰਫ਼ 22 ਕੇਸਾਂ ਵਿੱਚ ਹੀ ਮੁਆਵਜ਼ਾ ਦਿੱਤਾ ਗਿਆ ਹੈ।

ਪੂਰੇ ਮੈਡੀਕਲ ਖੇਤਰ ਵਾਂਗ ਹੁਣ ਦਵਾਈਆਂ ਦੀ ਪਰਖ ਵੀ ਇੱਕ ਕਰੋੜਾਂ-ਅਰਬਾਂ ਰੁਪਈਏ ਦਾ ਬਿਜ਼ਨੈੱਸ ਬਣ ਚੁੱਕਾ ਹੈ। ਇਸ ਬਿਜ਼ਨੈੱਸ ਵਿੱਚ ਲਗਭਗ 1000 ਕੰਪਨੀਆਂ ਹਨ ਜਿਹਨਾਂ ਵਿੱਚ ਅੱਧੇ ਤੋਂ ਵੱਧ ਦਾ ਮੁੱਖ ਦਫ਼ਤਰ ਅਮਰੀਕਾ ਵਿੱਚ ਹੈ। 1990 ਤੋਂ ਪਹਿਲਾਂ ਦਵਾਈਆਂ ਦੀ ਪਰਖ ਦੇ ਟਰਾਇਲ ਮੁੱਖ ਤੌਰ 'ਤੇ ਅਮਰੀਕਾ ਅਤੇ ਪੱਛਮੀ ਯੂਰਪ ਦੇ ਮੁਲਕਾਂ ਵਿੱਚ ਹੁੰਦੇ ਸਨ। ਪਰ 1990 ਤੋਂ ਬਾਅਦ ਬਦਲਾਅ ਆਉਣਾ ਸ਼ੁਰੂ ਹੋਇਆ। ਦਵਾਈਆਂ ਦੇ ਟਰਾਇਲ ਕਰਨ ਵਾਲ਼ੀਆਂ ਕੰਪਨੀਆਂ ਨੇ ਆਪਣੇ ਮੁਨਾਫ਼ੇ ਅਤੇ ਦਵਾਈਆਂ ਬਣਾਉਣ ਵਾਲ਼ੀਆਂ ਕੰਪਨੀਆਂ ਦੇ ਮੁਨਾਫਿਆਂ ਨੂੰ ਵਧਾਉਣ ਲਈ ਇਹਨਾਂ ਟਰਾਇਲਾਂ 'ਤੇ ਹੋਣ ਵਾਲ਼ੇ ਖਰਚੇ ਨੂੰ ਘੱਟ ਕਰਨ ਲਈ ਵਿਕਾਸਸ਼ੀਲ ਅਤੇ ਪਿਛੜੇ ਦੇਸ਼ਾਂ ਵੱਲ ਮੂੰਹ ਕਰਨਾ ਸ਼ੁਰੂ ਕੀਤਾ ਕਿਉਂਕਿ ਇੱਕ ਤਾਂ ਇਹਨਾਂ ਮੁਲਕਾਂ 'ਚ ਲਾਗਤ ਘਟ ਜਾਂਦੀ ਹੈ, ਨਾਲ਼ ਦੀ ਨਾਲ਼ ਕਾਨੂੰਨੀ ਅਤੇ ਮਰੀਜ਼ਾਂ ਨੂੰ ਟਰਾਇਲਾਂ ਵਿੱਚ ਸ਼ਾਮਿਲ ਕਰਨ ਲਈ 'ਪ੍ਰੈਕਟੀਕਲ' ਸਮੱਸਿਆਵਾਂ ਵੀ ਘੱਟ ਆਉਂਦੀਆਂ ਹਨ।

ਕੰਪਨੀਆਂ ਅਨੁਸਾਰ ਇੱਕ ਨਵੀਂ ਦਵਾਈ ਵਿਕਸਿਤ ਕਰਨ ਅਤੇ ਇਸਨੂੰ ਮਨੁੱਖੀ ਵਰਤੋਂ ਲਈ ਫਾਇਦੇਮੰਦ ਤੇ ਨੁਕਸਾਨ-ਰਹਿਤ ਸਿੱਧ ਕਰਨ ਲਈ ਇੱਕ ਬਿਲੀਅਨ ਭਾਵ ਸੌ ਕਰੋੜ ਡਾਲਰ ਦਾ ਖਰਚ ਆਉਂਦਾ ਹੈ, ਭਾਵੇਂ ਕਿ ਇਸ ਖਰਚੇ 'ਤੇ ਬਹੁਤ ਸਾਰੇ ਲੋਕਾਂ ਨੇ ਸਵਾਲੀਆ ਨਿਸ਼ਾਨ ਖੜ੍ਹਾ ਕੀਤਾ ਹੈ, ਜਿਹਨਾਂ ਦਾ ਕਹਿਣਾ ਹੈ ਕਿ ਅਸਲ ਵਿੱਚ ਖਰਚਾ ਦਵਾਈ ਵਿਕਸਿਤ ਕਰਨ ਉੱਤੇ ਨਹੀਂ ਸਗੋਂ ਦਵਾਈ ਨੂੰ ਵੇਚਣ ਲਈ ਵਰਤੇ ਜਾਂਦੇ ਹੱਥਕੰਡਿਆਂ ਜਿਵੇਂ

ਡਾਕਟਰਾਂ ਨੂੰ ਹਿੱਸੇਦਾਰੀ ਤੇ ਤੋਹਫੇ ਦੇਣੇ, ਅਤੇ ਇਹਨਾਂ ਕੰਪਨੀਆਂ ਨੂੰ ਚਲਾਉਣ ਵਾਲ਼ਿਆਂ ਦੀਆਂ ਮੋਟੀਆਂ ਤਨਖਾਹਾਂ 'ਤੇ ਹੁੰਦਾ ਹੈ, ਖੈਰ ਇਸ ਬਾਰੇ ਕਦੇ ਫੇਰ ਸਹੀ। ਇਹ ਕਿਹਾ ਜਾਂਦਾ ਹੈ ਕਿ ਦਵਾਈ ਨੂੰ ਵਿਕਸਿਤ ਕਰਨ 'ਤੇ ਆਉਣ ਵਾਲ਼ੇ 'ਵੱਡੇ' ਖਰਚੇ ਦਾ ਕਾਫ਼ੀ ਮੋਟਾ ਹਿੱਸਾ, ਲਗਭਗ 40% ਦਵਾਈ ਦੇ ਮਨੁੱਖਾਂ ਉੱਪਰ ਹੋਣ ਵਾਲ਼ੀ ਪਰਖ ਉੱਤੇ ਹੁੰਦਾ ਹੈ। ਭਾਰਤ ਵਰਗੇ ਮੁਲਕਾਂ ਵਿੱਚ ਇਹ ਖਰਚਾ ਅਮਰੀਕਾ ਤੇ ਯੂਰਪੀ ਮੁਲਕਾਂ ਦੇ ਮੁਕਾਬਲੇ ਦਸ ਗੁਣਾ ਘੱਟ ਹੁੰਦਾ ਹੈ। ਇਸ ਤੋਂ ਇਲਾਵਾ ਮਰੀਜ਼ਾਂ ਦੀ ਬਹੁਲਤਾ ਕਾਰਨ ਪਰਖ ਲਈ ਮਰੀਜ਼ ਜਲਦੀ ਮਿਲ਼ ਜਾਂਦੇ ਹਨ ਜਿਸ ਕਰਕੇ ਟਰਾਇਲ ਛੇਤੀ ਖ਼ਤਮ ਹੁੰਦੇ ਹਨ ਅਤੇ ਕੰਪਨੀ ਨੂੰ ਪੇਟੈਂਟ ਦੇ 20 ਸਾਲਾਂ ਦੌਰਾਨ ਆਪਣੀ ਦਵਾਈ ਵੇਚਣ ਲਈ ਜ਼ਿਆਦਾ ਸਮਾਂ ਮਿਲ਼ ਜਾਂਦਾ ਹੈ, ਜ਼ਿਆਦਾ ਸਮਾਂ ਭਾਵ ਜ਼ਿਆਦਾ ਮੁਨਾਫ਼ਾ।

**ਆਓ ਦੇਖੀਏ, ਕੰਪਨੀਆਂ ਆਪਣੀ ਲਾਗਤ ਕਿਵੇਂ ਘੱਟ ਕਰਦੀਆਂ ਹਨ।**

ਅਮਰੀਕਾ ਤੇ ਪੱਛਮੀ ਯੂਰਪ ਦੇ ਮੁਲਕਾਂ ਵਿੱਚ ਮਰੀਜ਼ਾਂ ਨੂੰ ਪਰਖਾਂ ਵਿੱਚ ਸ਼ਾਮਿਲ ਹੋਣ ਲਈ ਕੰਪਨੀਆਂ ਨੂੰ ਤਰ੍ਹਾਂ ਤਰ੍ਹਾਂ ਦੇ ਲਾਲਚ ਦੇਣੇ ਪੈਂਦੇ ਹਨ ਕਿਉਂਕਿ ਸਿਹਤ ਬੀਮਾ ਜਾਂ ਸਿਹਤ ਲਈ ਸਰਕਾਰੀ ਸਹੂਲਤ ਹੋਣ ਕਰਕੇ ਇਹਨਾਂ ਦੇਸ਼ਾਂ ਵਿੱਚ ਨਵੀਆਂ ਦਵਾਈਆਂ ਦੀਆਂ ਪਰਖਾਂ ਵਿੱਚ ਸ਼ਾਮਿਲ ਹੋਣ ਲਈ ਘੱਟ ਹੀ ਲੋਕ ਰਾਜ਼ੀ ਹੁੰਦੇ ਹਨ। ਇਸ ਤੋਂ ਇਲਾਵਾ ਉਹਨਾਂ ਦੀ ਸ਼ਮੂਲੀਅਤ ਨੂੰ ਬਣਾਈ ਰੱਖਣ ਲਈ ਭਾਰੀ ਖਰਚਾ ਕਰਨਾ ਪੈਂਦਾ ਹੈ ਕਿਉਂਕਿ ਇਹਨਾਂ ਦੇਸ਼ਾਂ ਵਿੱਚ ਮਰੀਜ਼ ਅਕਸਰ ਪਰਖ ਵਿੱਚੋਂ ਬਾਹਰ ਹੋ ਜਾਣ ਦੇ ਆਪਣੇ ਹੱਕ ਦੀ ਵਰਤੋਂ ਕਰਦੇ ਹੋਏ ਦਵਾਈ ਦੇ ਟਰਾਇਲ ਵਿਚਕਾਰੋਂ ਹੀ ਛੱਡ ਕੇ ਚਲੇ ਜਾਂਦੇ ਹਨ। ਇਸ ਨਾਲ਼ ਜਿੱਥੇ ਛੱਡ ਕੇ ਗਏ ਮਰੀਜ਼ਾਂ ਦਾ ਖਰਚਾ ਕੰਪਨੀ ਸਿਰ ਟੁੱਟਦਾ ਹੈ, ਉੱਥੇ ਨਵੇਂ ਮਰੀਜ਼ ਲੈਣ ਦਾ ਖਰਚਾ ਵੀ ਸਿਰ ਆ ਪੈਂਦਾ ਹੈ। ਇਸ ਦੇ ਨਾਲ਼ ਹੀ ਪਰਖਾਂ ਦਾ ਸਮਾਂ ਲੰਮਾ ਹੋ ਜਾਂਦਾ ਹੈ, ਜਿਸ ਨਾਲ਼ ਪੇਟੈਂਟ ਤੋਂ ਬਾਅਦ ਦਵਾਈ ਵੇਚ ਕੇ ਕਮਾਈ ਕਰਨ ਦਾ ਮੌਕਾ ਵੀ ਘੱਟ ਮਿਲ਼ਦਾ ਹੈ।

ਪਰ ਭਾਰਤ ਜਾਂ ਹੋਰ ਵਿਕਾਸਸ਼ੀਲ ਮੁਲਕਾਂ ਵਿੱਚ ਕੰਪਨੀਆਂ ਨੂੰ ਇਹਨਾਂ "ਮੁਸ਼ਕਿਲਾਂ" ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਇਹਨਾਂ ਦੇਸ਼ਾਂ ਵਿੱਚ ਇਲਾਜ ਦਾ ਖਰਚਾ ਚੁੱਕਣ ਤੋਂ ਅਸਮਰਥ ਮਰੀਜ਼ਾਂ ਦੀ ਵੱਡੀ ਗਿਣਤੀ ਮਿਲ਼ ਜਾਂਦੀ ਹੈ। ਉਹਨਾਂ ਦੀ ਇਸ ਮਜਬੂਰੀ ਦਾ ਫਾਇਦਾ ਉਠਾ ਕੇ ਮੁਫ਼ਤ ਇਲਾਜ, ਮੁਫ਼ਤ ਡਾਕਟਰੀ ਸਲਾਹ ਦਾ ਲਾਲਚ ਦੇ ਕੇ ਮੈਡੀਕਲ ਪਰਖਾਂ ਤੇ ਟਰਾਇਲਾਂ ਨੂੰ ਸਪਾਂਸਰ ਕਰਨ ਵਾਲ਼ੀਆਂ ਸੰਸਥਾਵਾਂ ਤੇ ਫਾਰਮਾ ਕੰਪਨੀਆਂ ਬਿਨਾਂ ਕਿਸੇ ਵਾਧੂ ਖਰਚੇ ਦੇ ਅਜਿਹੇ ਗਰੀਬ ਮਰੀਜ਼ਾਂ ਨੂੰ ਨਵੀਆਂ ਦਵਾਈਆਂ ਦੀਆਂ ਪਰਖਾਂ 'ਚ ਸ਼ਾਮਿਲ ਕਰ ਲੈਂਦੀਆਂ ਹਨ। ਬਹੁਤੀ ਵਾਰ ਧੋਖੇ ਨਾਲ਼ ਨਵੀਆਂ ਦਵਾਈਆਂ ਦੀ ਪਰਖ ਨੂੰ ਇਲਾਜ ਦਾ ਇੱਕ ਜ਼ਰੀਆ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਅਤੇ ਗਰੀਬ ਲੋਕਾਂ ਦੀ ਜਾਨ ਨਾਲ਼ ਖੇਡਿਆ ਜਾਂਦਾ ਹੈ। ਕਿਉਂਕਿ ਭਾਰਤ 'ਚ ਗਰੀਬੀ ਦੇ ਮਹਾਂਸਾਗਰ ਹਨ ਅਤੇ ਅਜਿਹੇ ਮਰੀਜ਼ਾਂ ਦੀ ਵਿਸ਼ਾਲ ਗਿਣਤੀ ਹੈ ਜਿਹੜੇ ਆਪਣੇ ਇਲਾਜ ਦਾ ਖਰਚਾ ਨਹੀਂ ਚੁੱਕ ਸਕਦੇ, ਇਸ ਲਈ ਭਾਰਤ ਇਹਨਾਂ ਕੰਪਨੀਆਂ ਤੇ ਸੰਸਥਾਵਾਂ ਲਈ ਸਵਰਗ ਹੈ।

ਇਸ ਤੋਂ ਇਲਾਵਾ, ਭਾਰਤ ਜਾਂ ਹੋਰ ਗਰੀਬ ਮੁਲਕਾਂ ਵਿੱਚ ਮਰੀਜ਼ਾਂ ਦੀ ਟਰਾਇਲ ਨੂੰ ਵਿਚਕਾਰ ਛੱਡ ਕੇ ਜਾਣ ਦੀ ਦਰ ਬਹੁਤ ਘੱਟ ਹੈ। ਇਹਨਾਂ ਮੁਲਕਾਂ ਵਿੱਚ 90% ਮਰੀਜ਼ ਟਰਾਇਲ ਨੂੰ ਪੂਰਾ ਕਰਦੇ ਹਨ ਜਦਕਿ ਪੱਛਮੀ ਦੇਸ਼ਾਂ ਵਿੱਚ ਦਸ ਵਿੱਚੋਂ ਛੇ ਮਰੀਜ਼ ਟਰਾਇਲ ਨੂੰ ਵਿਚਕਾਰ ਹੀ ਛੱਡ ਜਾਂਧੇ ਹਨ। ਇਸਦਾ ਇੱਕ ਕਾਰਨ ਤਾਂ ਮੁਫ਼ਤ ਇਲਾਜ ਅਤੇ ਮੁਫ਼ਤ ਡਾਕਟਰੀ ਸਲਾਹ ਦਾ ਲਾਲਚ ਹੁੰਦਾ ਹੈ ਜੋ ਗਰੀਬ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ। ਇੱਕ ਹੋਰ ਵੱਡਾ ਕਾਰਨ ਇਹ ਵੀ ਹੈ ਕਿ ਇਹਨਾਂ ਪਿਛੜੇ ਦੇਸ਼ਾਂ ਦੇ ਲੋਕ ਆਮ ਤੌਰ 'ਤੇ ਅਨਪੜ੍ਹ ਹੁੰਦੇ ਹਨ ਇਸ ਲਈ ਉਹ ਆਪਣੇ ਹੱਕ ਤੋਂ ਜਾਣੂੰ ਨਹੀਂ ਹੁੰਦੇ ਜਾਂ ਉਹਨਾਂ ਦੇ ਪਿਛੜੇਪਨ ਦਾ ਫਾਇਦਾ ਲੈ ਕੇ ਕੰਪਨੀਆਂ ਤੇ ਟਰਾਇਲ ਕਰਨ ਵਾਲ਼ੇ ਕਰਮੀ ਉਹਨਾਂ ਨੂੰ ਇਸ ਬਾਰੇ ਉੱਕਾ ਹੀ ਨਹੀਂ ਦੱਸਦੇ। ਇਸ ਤਰ੍ਹਾਂ ਪੱਛਮੀ ਲੋਕਾਂ ਦੇ ਇਲਾਜ ਲਈ ਦਵਾਈਆਂ ਦੀਆਂ ਪਰਖਾਂ ਦੀ ਕੀਮਤ ਪਿਛੜੇ ਦੇਸ਼ਾਂ ਦੇ ਲੋਕ ਚੁਕਾਉਂਦੇ ਹਨ, ਸਿਰਫ਼ ਇਸ ਕਰਕੇ ਕਿ ਕੰਪਨੀਆਂ ਦੀ ਨਜ਼ਰ ਵਿੱਚ ਉਹਨਾਂ ਦੀ ਜਾਨ ਦੀ ਕੀਮਤ ਅਮੀਰ ਮੁਲਕਾਂ ਦੇ ਲੋਕਾਂ ਦੀ ਜਾਨ ਦੇ ਮੁਕਾਬਲੇ ਕਿਤੇ ਘੱਟ ਹੈ।

ਸਿਰਫ਼ ਇਹੀ ਨਹੀਂ, ਪਿਛੜੇ ਮੁਲਕਾਂ ਵਿੱਚ ਦਵਾਈਆਂ ਦੀ ਪਰਖ ਸਬੰਧੀ ਕਾਨੂੰਨਾਂ ਅਤੇ ਰੈਗੂਲੇਟਰੀ ਪ੍ਰਬੰਧਾਂ ਦੀ ਅਣਹੋਂਦ ਜਾਂ ਘੱਟ ਪ੍ਰਭਾਵੀ ਹੋਣ ਕਾਰਨ ਵੀ ਕੰਪਨੀਆਂ ਦਾ ਕੰਮ ਸੁਖਾਲਾ ਹੋ ਜਾਂਦਾ ਹੈ, ਰਹਿੰਦੀ ਖੂੰਹਦੀ ਕਸਰ ਇਹਨਾਂ ਦੇਸ਼ਾਂ ਦੇ ਢਾਂਚਿਆਂ 'ਚ ਫੈਲਿਆ ਵਿਆਪਕ ਭ੍ਰਿਸ਼ਟਾਚਾਰ ਕੱਢ ਦਿੰਦਾ ਹੈ ਕਿਉਂਕਿ ਇਸ ਨਾਲ਼ ਮਰੀਜ਼ਾਂ ਪ੍ਰਤੀ ਜ਼ਿੰਮੇਵਾਰੀ ਅਤੇ ਇੱਕਦਮ ਸਹੀ ਰਿਕਾਰਡ ਰੱਖਣ ਦੀ ਜ਼ਰੂਰਤ ਘਟ ਜਾਂਦੀ ਹੈ ਜੋ ਪੱਛਮੀ ਮੁਲਕਾਂ ਵਿੱਚ ਸਖਤ ਕਾਨੂੰਨ ਤੇ ਪ੍ਰਬੰਧ ਹੋਣ ਕਰਕੇ ਸੰਭਵ ਨਹੀਂ। ਭਾਰਤ ਵਿੱਚ ਵੀ ਇੰਝ ਹੀ ਹੋਇਆ ਹੈ, ਆਮ ਤੌਰ 'ਤੇ ਹੋਣਾ ਤਾਂ ਇਹ ਚਾਹੀਦਾ ਹੈ ਕਿ ਸਰਕਾਰ ਜ਼ਰੂਰਤ ਨੂੰ ਪਹਿਲਾਂ ਹੀ ਭਾਂਪ ਕੇ ਕਾਨੂੰਨ ਤੇ ਰੈਗੂਲੇਟਰੀ ਸੰਸਥਾ ਦੀ ਸਥਾਪਨਾ ਕਰੇ, ਪਰ ਹੋਇਆ ਬਿਲਕੁਲ ਉਲ਼ਟ। 1990 ਵਿੱਚ ਹੀ ਇਹ ਰੁਝਾਨ ਸਾਹਮਣੇ ਆਉਣ ਦੇ ਬਾਵਜੂਦ ਕੁੱਝ ਸਾਲ ਪਹਿਲਾਂ ਤੱਕ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕੀ, ਉਸਤੋਂ ਬਾਅਦ ਜੇ ਜੂੰ ਸਰਕੀ ਵੀ ਤਾਂ 2005 'ਚ ਅਜਿਹੇ ਕਾਨੂੰਨ ਬਣਾਏ ਗਏ ਜਿਸ ਨਾਲ਼ ਭਾਰਤ 'ਚ ਹੋਣ ਵਾਲ਼ੇ ਟਰਾਇਲਾਂ ਦੀ ਗਿਣਤੀ ਪਹਿਲਾਂ ਨਾਲ਼ੋਂ ਕਿਤੇ ਤੇਜ਼ ਗਤੀ ਨਾਲ਼ ਵਧੀ ਹੈ। ਨਾ ਸਿਰਫ਼ ਇੰਨਾ ਹੀ, ਸਗੋਂ ਭਾਰਤ ਸਰਕਾਰ ਨੇ ਕੰਪਨੀਆਂ ਦੁਆਰਾ ਭਾਰਤ ਦੇ ਲੋਕਾਂ ਉੱਪਰ ਪਰਖੀਆਂ ਜਾਣ ਵਾਲ਼ੀਆਂ ਦਵਾਈਆਂ ਨੂੰ ਭਾਰਤੀ ਲੋਕਾਂ ਲਈ ਸਸਤੀ ਦਰ 'ਤੇ ਉਪਲੱਬਧ ਕਰਵਾਉਣ ਦੇ ਆਪਣੇ ਦਾਅਵੇ ਨੂੰ ਵੀ ਛੱਡ ਦਿੱਤਾ ਹੈ ਅਤੇ ਕੰਪਨੀਆਂ ਨੂੰ ਭਾਰਤੀ ਲੋਕਾਂ ਦੀ ਜਾਨ ਨਾਲ਼ ਖੇਡ ਕੇ ਮੁਨਾਫੇ ਕਮਾਉਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ।

ਇੱਕ ਹੋਰ ਬਹੁਤ ਅਹਿਮ ਮੁੱਦਾ ਹੈ ਜੋ ਵਿਚਾਰਿਆ ਜਾਣਾ ਬਣਦਾ ਹੈ। ਹਰ ਸਮਾਜ ਵਿੱਚ ਅਮੀਰ ਅਤੇ ਗਰੀਬ ਤਬਕਿਆਂ ਦੀ ਵੰਡ ਹੈ ਜੋ ਭਾਰਤ ਵਰਗੇ ਮੁਲਕਾਂ ਵਿੱਚ ਕਿਤੇ ਜ਼ਿਆਦਾ ਗਹਿਰੀ

ਹੈ। ਇਹਨਾਂ ਤਬਕਿਆਂ ਵਿੱਚ ਖੁਰਾਕ ਅਤੇ ਰਹਿਣ-ਸਹਿਣ ਸਬੰਧੀ ਵੱਡੇ ਵਖਰੇਵੇਂ ਹਨ ਜਿਸ ਕਾਰਨ ਇਹਨਾਂ ਦੀਆਂ ਬਿਮਾਰੀਆਂ ਵੀ ਅਲੱਗ ਅਲੱਗ ਹਨ ਜਿਵੇਂ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀਆਂ ਬਿਮਾਰੀਆਂ, ਕੁੱਝ ਮਾਨਸਿਕ ਰੋਗ ਆਦਿ ਮੁੱਖ ਤੌਰ ’ਤੇ ਧਨਾਢਾਂ ਅਤੇ ਮੱਧ ਵਰਗ ਦੀਆਂ ਬਿਮਾਰੀਆਂ ਹਨ ਜਦਕਿ ਗਰੀਬ ਲੋਕਾਂ ਦੀਆਂ ਬਿਮਾਰੀਆਂ ਆਮ ਤੌਰ ’ਤੇ ਵੱਖ-ਵੱਖ ਕਿਸਮ ਦੀਆਂ ਬੈਕਟੀਰੀਆ ਜਾਂ ਹੋਰ ਇਨਫੈਕਸ਼ਨਾਂ ਕਾਰਨ ਹਨ ਜਾਂ ਖੁਰਾਕੀ ਤੱਤਾਂ ਦੀਆਂ ਕਮੀਆਂ ਕਾਰਨ ਹਨ। ਹੁਣ ਕਿਉਂਕਿ ਧਨਾਢ ਅਤੇ ਮੱਧ ਵਰਗ ਦੇ ਲੋਕ ਆਮ ਤੌਰ ’ਤੇ ਦਵਾਈਆਂ ਦੀ ਪਰਖ ਵਿੱਚ ਸ਼ਾਮਿਲ ਨਹੀਂ ਹੁੰਦੇ ਕਿਉਂਕਿ ਉਹਨਾਂ ਨੂੰ ਪਰਖ ’ਚ ਸ਼ਾਮਿਲ ਕਰਨ ਲਈ ਮਨਾ ਪਾਉਣਾ ਔਖਾ ਹੁੰਦਾ ਹੈ ਜਾਂ ਸ਼ਾਮਿਲ ਹੋਣ ਦੇ ਫਾਇਦੇ ਤੋਂ ਉਹ ਜ਼ਿਆਦਾ ਪ੍ਰਭਾਵਿਤ ਨਹੀਂ ਹੁੰਦੇ, ਇਸ ਲਈ ਇਸ ਤਬਕੇ ਦੀਆਂ ਬਿਮਾਰੀਆਂ ਲਈ ਦਵਾਈਆਂ ਦੀ ਪਰਖ ਵੀ ਗਰੀਬ ਅਤੇ ਅਨਪੜ੍ਹ ਲੋਕਾਂ ਉੱਪਰ ਹੀ ਕੀਤੀ ਜਾਂਦੀ ਹੈ ਜੋ ਸਮਾਜਿਕ ਤੌਰ ’ਤੇ ਗਲਤ ਹੈ। ਇੱਕ ਘੱਟਗਿਣਤੀ ਤਬਕੇ ਲਈ ਬਹੁਗਿਣਤੀ ਲੋਕ ਆਪਣੀ ਮਜਬੂਰੀ ਦੇ ਚਲਦੇ ਬਲੀ ਦੇ ਬੱਕਰੇ ਕਿਉਂ ਬਣਨ? ਦੂਜਾ, ਅਕਸਰ ਨਵੀਆਂ ਦਵਾਈਆਂ ਦੀ ਕੀਮਤ ਹੀ ਹਜ਼ਾਰਾਂ-ਲੱਖਾਂ ਵਿੱਚ ਹੁੰਦੀ ਹੈ ਜਿਸ ਨੂੰ ਖਰੀਦ ਪਾਉਣਾ ਗਰੀਬਾਂ ਦੇ ਵਿੱਤੋਂ ਬਾਹਰ ਹੈ। ਹੁਣ ਜਿਹੜੀ ਨਵੀਂ ਦਵਾਈ ਗਰੀਬ ਲੋਕ ਖਰੀਦ ਹੀ ਨਹੀਂ ਸਕਦੇ ਉਸ ਦੀ ਪਰਖ ਦਾ ਜੋਖ਼ਮ ਆਪਣੀ ਜਾਨ ਦੀ ਕੀਮਤ ਉੱਤੇ ਆਮ ਲੋਕ ਕਿਉਂ ਉਠਾਉਣ?

ਮਰੀਜ਼ਾਂ ’ਤੇ ਹੋਣ ਵਾਲ਼ੇ ਘੱਟ ਖਰਚੇ ਤੋਂ ਇਲਾਵਾ, ਭਾਰਤ ਜਿਹੇ ਦੇਸ਼ਾਂ ਵਿੱਚ ਟਰਾਇਲ ਅਤੇ ਪਰਖਾਂ ਕਰਨ ਲਈ ਤੇ ਰਿਕਾਰਡ ਰੱਖਣ ਲਈ ਲੋੜੀਂਦੀ ਮੈਡੀਕਲ ਕਿਰਤ ਸ਼ਕਤੀ ਵੀ ਪੱਛਮੀ ਦੇਸ਼ਾਂ ਦੇ ਮੁਕਾਬਲੇ ਸਸਤੀ ਹੈ। ਇਸ ਤਰ੍ਹਾਂ ਨਾ ਸਿਰਫ਼ ਭਾਰਤ ਦੇ ਬਹੁਗਿਣਤੀ ਗਰੀਬ ਲੋਕਾਂ ਦਾ ਹੀ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ, ਸਗੋਂ ਭਾਰਤ ਦਾ ਬੌਧਿਕ ਸ਼ੋਸ਼ਣ ਵੀ ਕੀਤਾ ਜਾਂਦਾ ਹੈ।

ਇੱਥੇ ਹੀ ਬਸ ਨਹੀਂ, ਭਾਰਤ ਵਿੱਚ ਇਸ ਤਰ੍ਹਾਂ ਦੇ ਖੋਜ-ਕਾਰਜਾਂ ਲਈ ਕੰਪਨੀਆਂ ਨੂੰ ਇੱਕ ਹੋਰ ‘ਵਿਗਿਆਨਕ’ ਲਾਭ ਵੀ ਮਿਲਦਾ ਹੈ, ਜੋ ਭਾਰਤ ਲਈ ਮਾਣ ਵਾਲ਼ੀ ਨਹੀਂ ਸਗੋਂ ਸ਼ਰਮ ਦੀ ਗੱਲ ਹੈ ਅਤੇ ਜਿਸ ਦਾ ਕਾਰਨ ਹੈ ਭਾਰਤ ਦੇ ਬਹੁਗਿਣਤੀ ਲੋਕਾਂ ਦਾ ਸਿਹਤ ਸਹੂਲਤਾਂ ਤੋਂ ਵਿਰਵੇ ਹੋਣਾ। ਕਿਉਂਕਿ ਭਾਰਤ ਵਿੱਚ ਬਹੁਤ ਸਾਰੇ ਮਰੀਜ਼ਾਂ ਨੂੰ ਸਹੀ ਵਕਤ ’ਤੇ ਸਹੀ ਡਾਕਟਰੀ ਸਲਾਹ ਅਤੇ ਸਹੀ ਇਲਾਜ ਨਹੀਂ ਮਿਲਦਾ, ਇਸ ਲਈ ਇੱਥੇ ਬਿਮਾਰੀਆਂ ਦੇ ਕਾਫ਼ੀ ਵੱਧ ਚੁੱਕੇ ਅਤੇ ਵਿਗੜੇ ਹੋਏ ਕੇਸ ਆਰਾਮ ਨਾਲ਼ ਮਿਲ ਜਾਂਦੇ ਹਨ ਅਤੇ ਅਜਿਹੇ ਮਰੀਜ਼ ਵੀ ਬਹੁਤ ਮਿਲ ਜਾਂਦੇ ਹਨ ਜਿਹਨਾਂ ਨੇ ਦਵਾਈ ਦੀ ਪਰਖ ਤੋਂ ਪਹਿਲਾਂ ਕੋਈ ਵੀ ਦਵਾਈ ਨਹੀਂ ਲਈ ਹੁੰਦੀ। ਇਹ ‘ਵਿਗਿਆਨਕ’ ਲਾਭ ਅਕਸਰ ਪੱਛਮੀ ਦੇਸ਼ਾਂ ’ਚ ਨਹੀਂ ਮਿਲਦੇ।

ਦੂਜੇ ਪਾਸੇ ਭਾਰਤ ਦੇ ਧਨਾਢ ਤੇ ਨਵ-ਧਨਾਢ ਵਰਗ ਜਿਸ ਵਿੱਚ ਇੱਥੋਂ ਦੇ ਬਹੁਤੇ ਡਾਕਟਰ ਵੀ ਸ਼ਾਮਿਲ ਹਨ, ਦਵਾਈਆਂ ਦੀ ਪਰਖ ਲਈ ਕੰਪਨੀਆਂ ਦੁਆਰਾ ਭਾਰਤ ਵਿੱਚ ਆਉਣ ਨੂੰ ‘ਮੈਡੀਕਲ ਟੂਰਿਜ਼ਮ’ ਦੀ ਤਰ੍ਹਾਂ ਵੱਡੇ ਵਿਸ਼ੇਸ਼ਣ ਲਾ ਕੇ ਭਾਰਤ ਦੇ ਲੋਕਾਂ ਲਈ ਬਹੁਤ ਲਾਭਕਾਰੀ ਸਿੱਧ ਕਰਨ ’ਤੇ ਲੱਗਿਆ ਹੋਇਆ ਹੈ। ਉਹਨਾਂ ਅਨੁਸਾਰ ਇਸ ਨਾਲ਼ ਭਾਰਤ ਦੇ ਸਿਹਤ ਕਰਮੀਆਂ ਨੂੰ ਨਵੀਆਂ ਤਕਨੀਕਾਂ ਅਤੇ ਨਵੀਆਂ ਦਵਾਈਆਂ ਸਬੰਧੀ ਜਾਣਕਾਰੀ ਮਿਲ਼ ਰਹੀ ਹੈ ਅਤੇ ਭਾਰਤ ਵਿੱਚ ਮੈਡੀਕਲ ਸਿੱਖਿਆ ਤੇ ਖੋਜ-ਕਾਰਜਾਂ ਦਾ ‘ਸਟੈਂਡਰਡ’ ਉੱਚਾ ਹੋ ਰਿਹਾ ਹੈ। ਇਹਨਾਂ ਦੀ ਮੰਨੀਏ ਤਾਂ ਇਹ ਇੱਕ ਮੂੰਹੋਂ ਮੰਗੀ ਨਿਆਮਤ ਹੈ। ਪਰ ਕੀ ਸੱਚਮੁਚ ਅਜਿਹਾ ਹੈ? ਨਵੀਆਂ ਤਕਨੀਕਾਂ ਅਤੇ ਨਵੀਆਂ ਦਵਾਈਆਂ ਹੋ ਸਕਦਾ ਆ ਵੀ ਰਹੀਆਂ ਹੋਣ, ਪਰ ਇਹਨਾਂ ਦਾ ਫਾਇਦਾ ਕਿਸਨੂੰ ਹੈ? ਕੀ ਇਸਦਾ ਫਾਇਦਾ ਬਹੁਗਿਣਤੀ ਲੋਕਾਂ ਨੂੰ ਹੈ ਜਾਂ ਕੁੱਝ ਫੀਸਦੀ ਆਰਾਮਪ੍ਰਸਤ ਅਤੇ ਵਿਹਲੜ ਲੋਕਾਂ ਨੂੰ ਹੈ ਜੋ ਬਹੁਤੀ ਵਾਰ ਇਸ ਕਰਕੇ ਬੀਮਾਰ ਹੁੰਦੇ ਹਨ ਕਿਉਂਕਿ ਉਹ ਆਪਣੇ ਹਿੱਸੇ ਤੋਂ ਜ਼ਿਆਦਾ ਖਾਂਦੇ ਹਨ ਅਤੇ ਆਪਣੇ ਹਿੱਸੇ ਦਾ ਕੰਮ ਨਹੀਂ ਕਰਦੇ ਜਾਂ ਫਿਰ ਇਕੱਲੇਪਣ ਦਾ ਸ਼ਿਕਾਰ ਹੋਣ ਕਰਕੇ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਹਨ। ਬਿਲਕੁਲ ਜੀ, ਇਹਨਾਂ ਨਵੀਆਂ ਤਕਨੀਕਾਂ ਦੇ ਦਵਾਈਆਂ ਦਾ ਫਾਇਦਾ ਇਸ ਪਿਛਲੀ ਕਿਸਮ ਦੇ ਲੋਕਾਂ ਨੂੰ ਹੀ ਹੈ ਕਿਉਂਕਿ ਜਿਹੜੀਆਂ ਦਵਾਈਆਂ ਲਈ ਖੋਜ-ਕਾਰਜ ਜਾਂ ਪਰਖਾਂ ਹੁੰਦੀਆਂ ਹਨ, ਉਹ ਅਸਲ ਵਿੱਚ ਇਹਨਾਂ ਲੋਕਾਂ ਦੀਆਂ ਬਿਮਾਰੀਆਂ ਨਾਲ਼ ਹੀ ਸੰਬੰਧਿਤ ਹੁੰਦੀਆਂ ਹਨ ਅਤੇ ਇਹੀ ਉਹ ਤਬਕਾ ਹੈ ਜੋ ਦੇਸ਼ ਦੀ ਧਨ-ਦੌਲਤ ’ਤੇ ਕਬਜ਼ਾ ਕਰ ਰੱਖਣ ਕਰਕੇ ਦਵਾਈਆਂ ’ਤੇ ਮੋਟਾ ਪੈਸਾ ਖਰਚ ਕਰ ਸਕਦਾ ਹੈ। ਜੇ ਆਮ ਲੋਕਾਂ ਦੀਆਂ ਬਿਮਾਰੀਆਂ ਨਾਲ਼ ਸਬੰਧਿਤ ਦਵਾਈਆਂ ਦੀ ਪਰਖ ਹੁੰਦੀ ਵੀ ਹੈ ਤਾਂ ਉਹ ਇੰਨੀਆਂ ਮਹਿੰਗੀਆਂ ਹੁੰਦੀਆਂ ਹਨ ਕਿ ਭਾਰਤ ਦਾ ਇੱਕ ਮਿਹਨਤਕਸ਼ ਬਸ਼ਿੰਦਾ ਇਹਨਾਂ ਨੂੰ ਪ੍ਰਾਪਤ ਕਰਨ ਬਾਰੇ ਸੋਚ ਵੀ ਨਹੀਂ ਸਕਦਾ। ਹਾਂ, ਇੱਕ ਹੋਰ ਫਾਇਦਾ ਜੋ ਟਰਾਇਲਾਂ ’ਚ ਸ਼ਾਮਿਲ ਡਾਕਟਰਾਂ ਨੂੰ ਹੁੰਦਾ ਹੈ, ਉਹਨਾਂ ਨੂੰ ਇਸ ਕਰੋੜਾਂ-ਅਰਬਾਂ ਦੇ ਬਿਜਨੈੱਸ ’ਚੋਂ ਕੁੱਝ ਭੂਰਾ-ਚੂਰਾ ਮਿਲ ਜਾਂਦਾ ਹੈ ਜਿਸ ’ਤੇ ਪਹਿਲਾਂ ਅਮਰੀਕੀ ਤੇ ਯੂਰਪੀ ਮੁਲਕਾਂ ਦੇ ਡਾਕਟਰਾਂ ਦੀ ਇਜ਼ਾਰੇਦਾਰੀ ਸੀ।

ਥੋੜ੍ਹਾ ਭਾਰਤ ਵਿੱਚ ਮੈਡੀਕਲ ਸਿੱਖਿਆ ਤੇ ਖੋਜ-ਕਾਰਜਾਂ ਦਾ ‘ਸਟੈਂਡਰਡ’ ਉੱਚਾ ਹੋਣ ਦੇ ਤਰਕ ਦੀ ਛਾਣਬੀਣ ਕਰ ਲਈਏ। ਪਹਿਲੀ ਗੱਲ ਤਾਂ ਇਹ ਕਿ ਜੇ ਉੱਚੇ ਹੋ ਰਹੇ ‘ਸਟੈਂਡਰਡ’ ਦਾ ਫਾਇਦਾ ਬਹੁਗਿਣਤੀ 80% ਆਬਾਦੀ ਨੂੰ ਨਹੀਂ ਹੁੰਦਾ ਤਾਂ ਅਜਿਹੇ ਉੱਚੇ ‘ਸਟੈਂਡਰਡ’ ਦਾ ਲਾਭ ਹੀ ਕੀ! ਦੂਜੀ ਗੱਲ, ਕੀ ਵਾਕਈ ਅਜਿਹਾ ਹੋ ਰਿਹਾ ਹੈ? ਜੇ ਕੌਮੀ ਹਾਲਾਤਾਂ ਤੇ ਕੌਮਾਂਤਰੀ ਪੱਧਰ ’ਤੇ ਹੋ ਰਹੀ ਚਰਚਾ ਨੂੰ ਵਾਚੀਏ ਤਾਂ ਇਸ ਦਾ ਜਵਾਬ ਨਾਂਹ ਵਿੱਚ ਹੀ ਮਿਲ਼ਦਾ। ਭਾਰਤ ਦੇ ਬਹੁਤੇ ਮੈਡੀਕਲ ਕਾਲਜਾਂ ਵਿੱਚ ਤਾਂ ਅਧਿਆਪਕ ਵੀ ਪੂਰੇ ਨਹੀਂ ਅਤੇ ਪੜ੍ਹਾਈ ਲਈ ਸਾਜੋ-ਸਮਾਨ ਦੀ ਜ਼ਬਰਦਸਤ ਕਮੀ ਹੈ, ਅਜਿਹੇ ਵਿੱਚ ‘ਸਟੈਂਡਰਡ’ ਉੱਚਾ ਹੋ ਹੀ ਕਿਵੇਂ ਸਕਦਾ ਹੈ? ਕੌਮਾਂਤਰੀ ਪੱਧਰ ’ਤੇ ਇਹਨਾਂ ਪਰਖਾਂ ਅਤੇ ਟਰਾਇਲਾਂ ਦੀਆਂ ਰਿਪੋਰਟਾਂ ਸ਼ੱਕ ਦੇ ਘੇਰੇ ਵਿੱਚ ਹਨ ਕਿਉਂਕਿ ਭਾਰਤ ਵਰਗੇ ਦੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਰਿਕਾਰਡ ਰੱਖਣ ਅਤੇ ਪਰਖ ਕਰਨ ਸਮੇਂ ਲੋੜੀਂਦੀਆਂ ਸਾਵਧਾਨੀਆਂ ਤੇ ਨਿਯਮਾਂ

(**ਬਾਕੀ ਸਫ਼ਾ 3 ’ਤੇ**)

# ਗੋਬਿੰਦਪੁਰਾ ਜ਼ਮੀਨ ਐਕੁਆਇਰ ਕਾਂਡ

# ਵਿਕਾਸ ਦੇ ਨਾਂ 'ਤੇ ਸਰਮਾਏਦਾਰਾਂ ਦੀ ਸੇਵਾ

• ਲਖਵਿੰਦਰ

ਇੰਡੀਆ ਬੁੱਲ ਨਾਂ ਦੀ ਕੰਪਨੀ ਵੱਲੋਂ ਲਗਾਏ ਜਾ ਰਹੇ ਪਿਊਨਾ ਥਰਮਲ ਪਲਾਂਟ ਲਈ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਗੋਬਿੰਦਪੁਰਾ ਵਿਖੇ ਵਾਪਰੀ ਜ਼ਬਰੀ ਜ਼ਮੀਨ ਐਕੁਆਇਰ ਕਰਨ ਦੀ ਘਟਨਾ ਨੇ ਪੂੰਜੀਵਾਦੀ ਹਾਕਮ ਜਮਾਤਾਂ ਦੇ ਬਰਬਰ ਕਾਲੇ ਕਾਰਨਾਮਿਆਂ ਦੇ ਗ੍ਰੰਥ 'ਚ ਇੱਕ ਹੋਰ ਕਾਂਡ ਨੱਥੀ ਕਰ ਦਿੱਤਾ ਹੈ। ਕਿਰਤੀ ਲੋਕਾਂ ਸਾਹਮਣੇ ਪੂੰਜੀਵਾਦੀ ਤਾਨਾਸ਼ਾਹੀ ਦਾ ਨਕਲੀ ਜਮਹੂਰੀ ਚਿਹਰਾ ਇਸ ਘਟਨਾ ਨੇ ਇੱਕ ਵਾਰ ਫੇਰ ਨੰਗਾ ਕਰ ਦਿੱਤਾ ਹੈ। ਵਿਕਾਸ ਦੇ ਨਾਂ 'ਤੇ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ, ਕੁੱਟਿਆ ਮਾਰਿਆ ਜਾ ਰਿਹਾ ਹੈ। ਇਹ ਕੇਹਾ ਜਮਹੂਰੀ ਰਾਜ ਹੈ ਜਿੱਥੇ ਲੋਕਾਂ ਤੋਂ ਬਿਨਾਂ ਕੁਝ ਗੱਲਬਾਤ ਦੇ, ਬਿਨਾਂ ਉਹਨਾਂ ਤੋਂ ਪੁੱਛੇ, ਬਿਨਾਂ ਉਹਨਾਂ ਦੀ ਮਰਜੀ ਦੇ, ਮਨਆਈਆਂ ਕੀਮਤਾਂ 'ਤੇ ਉਹਨਾਂ ਦੀ ਜ਼ਮੀਨ-ਜਾਇਦਾਦ ਦਾ ਫੈਸਲਾ ਸੁਣਾ ਦਿੱਤਾ ਜਾਂਦਾ ਹੈ? ਸਾਂਤੀ-ਪੂਰਵਕ ਵਿਰੋਧ ਜਤਾਉਣ 'ਤੇ ਉਹਨਾਂ ਨਾਲ਼ ਅਪਰਾਧੀਆਂ ਵਾਂਗ ਵਰਤਾਓ ਕੀਤਾ ਜਾਂਦਾ ਹੈ। ਪਿਊਨਾ ਥਰਮਲ ਪਲਾਂਟ ਲਈ ਜ਼ਬਰੀ ਜ਼ਮੀਨ ਐਕੁਆਇਰ ਕਰਨ ਲਈ ਪੰਜਾਬ ਸਰਕਾਰ ਵੱਲੋਂ ਚਾਰ ਵਾਰ ਨੋਟੀਫੀਕੇਸ਼ਨ ਜਾਰੀ ਕੀਤੇ ਗਏ। ਚਾਰੋਂ ਵਾਰੀ ਐਕੁਆਇਰ ਕੀਤੀ ਜਾ ਰਹੀ ਜ਼ਮੀਨ ਬਦਲੀ ਜਾਂਦੀ ਰਹੀ। ਚੌਥੇ ਨੋਟੀਫੀਕੇਸ਼ਨ ਤਹਿਤ ਲਗਭਗ 881 ਏਕੜ ਜ਼ਮੀਨ ਨੂੰ ਐਕੁਆਇਰ ਕਰਨ ਦਾ ਐਲਾਨ ਕੀਤਾ ਗਿਆ। ਇਸ ਵਿੱਚ ਗੋਬਿੰਦਪੁਰਾ ਪਿੰਡ ਦੀ ਲਗਭਗ 805 ਏਕੜ ਜ਼ਮੀਨ ਆਉਂਦੀ ਹੈ। ਇਸ 'ਚੋਂ 166 ਏਕੜ ਜ਼ਮੀਨ ਦੇ ਮਾਲਕ ਕਿਸਾਨ ਆਪਣੀ ਜ਼ਮੀਨ ਦੇਣਾ ਨਹੀਂ ਚਾਹੁੰਦੇ। ਉਹਨਾਂ ਦਾ ਕਹਿਣਾ ਹੈ ਕਿ ਜ਼ਮੀਨ ਦੀ ਜੋ ਕੀਮਤ ਦਿੱਤੀ ਜਾ ਰਹੀ ਹੈ ਉਹ ਘੱਟ ਹੈ ਅਤੇ ਇਸ ਨਾਲ਼ ਉਹਨਾਂ ਦਾ ਮੁੜ-ਬਸੇਵਾ ਸੰਭਵ ਨਹੀਂ ਹੈ। ਇਨ੍ਹਾਂ 'ਚੋਂ 53 ਏਕੜ ਜ਼ਮੀਨ ਕਿਸਾਨ ਵੇਚਣਾ ਹੀ ਨਹੀਂ ਚਾਹੁੰਦੇ। ਪਿੰਡ ਦੇ ਮਜ਼ਦੂਰਾਂ 'ਤੇ ਸਭ ਤੋਂ ਵੱਧ ਜ਼ਬਰ ਹੋ ਰਿਹਾ ਹੈ। ਪਿੰਡ ਦੇ ਮਜ਼ਦੂਰਾਂ ਦੇ 14 ਘਰ ਵੀ ਐਕੁਆਇਰ ਕੀਤੀ ਜਾ ਰਹੀ ਜ਼ਮੀਨ 'ਚ ਆਉਂਦੇ ਹਨ। ਇਨ੍ਹਾਂ ਗਰੀਬ ਮਜ਼ਦੂਰਾਂ ਕੋਲ ਜ਼ਮੀਨ ਦੀ ਮਲਕੀਅਤ ਦੇ ਕੋਈ ਲਿਖਤ ਦਸਤਾਵੇਜ਼ ਨਹੀਂ ਹਨ। ਅਤੇ ਇਹਨਾਂ ਨੂੰ ਜ਼ਮੀਨ ਦੀ ਕੀਮਤ ਅਤੇ ਮੁੜ-ਬਸੇਵੇ ਲਈ ਕਾਣੀ ਕੌਡੀ ਵੀ ਨਹੀਂ ਮਿਲ ਰਹੀ। ਪਰ, ਨਾ ਸਰਕਾਰ ਤੇ ਨਾ ਹੀ ਕੰਪਨੀ ਇਨ੍ਹਾਂ ਮਜ਼ਬੂਰ ਮਜ਼ਦੂਰਾਂ-ਕਿਸਾਨਾਂ ਦੀ ਕੋਈ ਗੱਲ ਸੁਣ ਰਹੀਆਂ ਹਨ। 20 ਜੂਨ ਦੀ ਰਾਤ ਨੂੰ ਪੁਲਸੀਆ ਲਾਮ-ਲਸ਼ਕਰ ਨਾਲ਼ ਕੰਪਨੀ ਨੇ ਜ਼ਮੀਨ 'ਤੇ ਜ਼ਬਰੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਲੋਕਾਂ ਨੇ ਡਟ ਕੇ ਮੁਕਾਬਲਾ ਕੀਤਾ ਅਤੇ ਕਬਜ਼ਾ ਨਾ ਹੋਣ ਦਿੱਤਾ ਤੇ ਪ੍ਰਸ਼ਾਸਨ ਤੋਂ ਇਹ ਵਾਅਦਾ ਲਿਆ ਗਿਆ ਸੀ ਕਿ ਜ਼ਬਰੀ ਜ਼ਮੀਨ ਨਹੀਂ ਹਥਿਆਈ ਜਾਵੇਗੀ। ਪਰ 23 ਜੁਲਾਈ ਨੂੰ ਪੰਜਾਬ ਦੇ ਸਿਵਿਲ ਅਤੇ ਉੱਚ ਪੁਲਿਸ ਅਧਿਕਾਰੀ ਅੱਠ ਜਿਲ੍ਹਿਆਂ ਦੀ ਪੁਲਿਸ ਲੈ ਕੇ ਪਹੁੰਚ ਗਏ। ਖੰਭੇ ਗੱਡ ਕੇ ਲੋਹੇ ਦੀ ਕੰਡੇਦਾਰ ਤਾਰ ਲਗਾ ਦਿੱਤੀ ਗਈ। ਬਿਜਲੀ ਕਨੈਕਸ਼ਨ ਕੱਟ ਦਿੱਤੇ ਗਏ। ਪੰਜਾਬ ਦੇ 17 ਕਿਸਾਨ ਅਤੇ ਮਜ਼ਦੂਰ ਲੋਕ ਜਥੇਬੰਦੀਆਂ ਦੇ ਸਾਂਝੇ ਮੰਚ ਨੇ ਪੀੜਤਾਂ ਨਾਲ਼ ਖੜਦੇ ਹੋਏ ਜ਼ਬਰੀ ਕੀਤੇ ਗਏ ਕਬਜ਼ੇ ਨੂੰ ਛੁਡਾਉਣ ਲਈ ਸੰਘਰਸ਼ ਕੀਤਾ ਤਾਂ ਇਸ ਸੰਘਰਸ਼ ਨੂੰ ਵੀ ਪੰਜਾਬ ਸਰਕਾਰ ਨੇ ਬੇਕਿਰਕੀ ਨਾਲ਼ ਕੁਚਲਣ ਦੀ ਨੀਤੀ ਅਪਣਾਈ। ਗੋਬਿੰਦਪੁਰਾ ਦੇ ਪੀੜਤ ਕਿਸਾਨ-ਮਜ਼ਦੂਰ ਕਿਸੇ ਨਾਲ਼ ਮਿਲ ਨਾ ਸਕਣ ਇਸ ਲਈ ਪੁਲਿਸ ਨੇ ਪਿੰਡ ਨੂੰ ਸੀਲ ਕਰ ਦਿੱਤਾ। ਜੋ ਕੋਈ ਵੀ ਗੋਬਿੰਦਪੁਰਾ ਪਿੰਡ ਦੇ ਪੀੜਤ ਕਿਸਾਨ-ਮਜ਼ਦੂਰਾਂ ਦਾ ਹਾਲ-ਚਾਲ ਪੁੱਛਣ ਜਾਂਦਾ ਉਸ ਨੂੰ ਮਿਲਣ ਨਾ ਦਿੱਤਾ ਜਾਂਦਾ। ਵਿਰੋਧ ਕਰਨ 'ਤੇ ਗ੍ਰਿਫਤਾਰ ਕਰ ਲਿਆ ਜਾਂਦਾ। ਪੰਜਾਬ ਦੇ 17 ਕਿਸਾਨ-ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੰਚ ਨੇ ਐਲਾਨ ਕੀਤਾ ਕਿ 2 ਅਗਸਤ ਨੂੰ ਜ਼ਬਰੀ ਕਬਜ਼ੇ ਵਾਲੀ ਜ਼ਮੀਨ ਤੋਂ ਖੰਭੇ ਅਤੇ ਕੰਡੇਦਾਰ ਤਾਰਾਂ ਪੁੱਟ ਦਿੱਤੀਆਂ ਜਾਣਗੀਆਂ। ਪੂਰੇ ਮਾਨਸਾ ਜ਼ਿਲ੍ਹੇ 'ਚ ਇੱਕ ਤਰ੍ਹਾਂ ਨਾਲ ਕਰਫਿਊ ਲਗਾ ਦਿੱਤਾ ਗਿਆ। ਗੋਬਿੰਦਪੁਰਾ 'ਚ ਬਾਹਰੋਂ ਕਿਸੇ ਦੇ ਆਉਣ ਦੀ ਪੁਲਿਸ ਨੇ ਕੋਈ ਗੁੰਜਾਇਸ਼ ਨਾ ਛੱਡੀ। ਅੰਦੋਲਨਕਾਰੀਆਂ ਨੂੰ ਮਾਨਸਾ ਜ਼ਿਲ੍ਹੇ 'ਚ ਕਿਤੇ ਇਕੱਠੇ ਹੋਣ ਅਤੇ ਗੋਬਿੰਦਪੁਰੇ ਵੱਲ ਜਾਣ ਤੋਂ ਰੋਕਣ ਲਈ ਪੁਲਿਸ ਨੇ ਹਰ ਸੰਭਵ ਹੱਥਕੰਡਾ ਅਪਣਾਇਆ। ਸਾਰੇ ਪੰਜਾਬ ਦੀ ਪੁਲਿਸ ਨੂੰ ਇਸ ਤਰ੍ਹਾਂ ਤੈਨਾਤ ਕੀਤਾ ਗਿਆ ਕਿ ਗੋਬਿੰਦਪੁਰਾ ਪਿੰਡ ਪੰਜਾਬ ਤੋਂ ਪੂਰੀ ਤਰ੍ਹਾਂ ਕਟ ਗਿਆ। ਮਾਨਸਾ ਜ਼ਿਲ੍ਹੇ 'ਚ ਆਉਣ ਵਾਲੇ ਹਰ ਚਾਰ ਪਹੀਆ ਗੱਡੀ ਦੀ ਤਲਾਸ਼ੀ ਲਈ ਗਈ। ਮਾਨਸਾ-ਬਰਨਾਲਾ ਜ਼ਿਲ੍ਹੇ ਦੀ ਹੱਦ 'ਤੇ ਸਥਿਤ ਪਿੰਡ ਕੋਟਦੂੰਨਾ 'ਚ ਸ਼ਾਮ ਵੇਲੇ ਕਿਸਾਨਾਂ ਦਾ ਇੱਕ ਕਾਫਿਲਾ ਗੋਬਿੰਦਪੁਰਾ ਵੱਲ ਵਧਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਪੁਲਿਸ ਵੱਲੋਂ ਕੀਤੇ ਗਏ ਵਹਿਸ਼ੀ ਲਾਠੀਚਾਰਜ 'ਚ ਬਠਿੰਡੇ ਜ਼ਿਲ੍ਹੇ ਦੇ ਹਮੀਦੀ ਪਿੰਡ ਦੇ ਬਜ਼ੁਰਗ ਅੰਦੋਲਨਕਾਰੀ ਸੁਰਜੀਤ ਸਿੰਘ ਦੀ ਮੌਤ ਹੋ ਗਈ। ਅਨੇਕਾਂ ਕਿਸਾਨ ਬੁਰੀ ਤਰ੍ਹਾਂ ਫੱਟੜ ਹੋ ਗਏ। ਪੁਲਿਸ ਨੇ ਕਿਸਾਨਾਂ ਦੇ 50 ਤੋਂ ਵੱਧ ਵਾਹਨਾਂ ਦੀ ਭੰਨਤੋੜ ਕਰ ਦਿੱਤੀ। ਅਨੇਕਾਂ ਹੋਰ ਕਾਫਲਿਆਂ 'ਤੇ ਵੀ ਪੁਲਿਸ ਨੇ ਭਾਰੀ ਲਾਠੀਚਾਰਜ ਕੀਤਾ ਅਤੇ ਹਜ਼ਾਰਾਂ ਅੰਦੋਲਨਕਾਰੀਆਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਵਿੱਚ ਸੁੱਟ ਦਿੱਤਾ। ਗੋਬਿੰਦਪੁਰਾ ਦੇ ਮਰਦਾਂ ਨੂੰ ਪਹਿਲਾਂ ਹੀ ਚੁੱਕ ਕੇ ਜੇਲ੍ਹ ਵਿੱਚ ਡੱਕ ਦਿੱਤਾ ਸੀ ਪਰ ਪਿੰਡ ਦੀਆਂ ਲਗਭਗ 100 ਔਰਤਾਂ ਨੇ ਇਕੱਠੇ ਹੋ ਕੇ ਕੰਡੇਦਾਰ ਤਾਰਾਂ ਦੇ ਖੰਭੇ ਪਟ ਦਿੱਤੇ।

ਇਸ ਤੋਂ ਕੁਝ ਦਿਨ ਪਹਿਲਾਂ ਵੀ ਪਿੰਡ ਦੀਆਂ ਔਰਤਾਂ ਨੇ ਖੰਭੇ ਪੱਟੇ ਸਨ। ਇਹ ਖੰਭੇ ਹਾਲੇ ਤੱਕ ਦੁਬਾਰਾ ਨਹੀਂ ਲਗਾਏ ਜਾ ਸਕੇ।

ਜ਼ਮੀਨ ਦੀ ਵਿਕਰੀ ਦਾ ਸੌਦਾ, ਖਰੀਦਣ ਤੇ ਵੇਚਣ ਵਾਲੇ ਦਾ ਆਪਸੀ ਮਾਮਲਾ ਹੈ, ਭਾਵੇਂ ਖਰੀਦਦਾਰ ਸਰਕਾਰ ਹੋਵੇ ਜਾਂ ਕੋਈ ਨਿੱਜੀ ਪੂੰਜੀਪਤੀ। ਇਸ ਲਈ ਕਾਨੂੰਨ ਬਣਾ ਕੇ ਜ਼ਮੀਨ ਵੇਚਣ ਲਈ ਮਜਬੂਰ ਕਰਨਾ ਜਮਹੂਰੀ ਹੱਕਾਂ ਦਾ ਘਾਣ ਹੈ। ਭਾਵੇਂ ਕਾਨੂੰਨ 'ਚ ਬਹੁਮਤ ਦੀ ਮਰਜ਼ੀ ਦੀ ਵੀ ਗੱਲ ਕਿਉਂ ਨਾ ਕੀਤੀ ਗਈ ਹੋਵੇ। ਜ਼ਮੀਨ ਮਾਲਕ ਹੀ ਜ਼ਮੀਨ ਵੇਚਣ ਲਈ ਸਹਿਮਤ ਨਹੀਂ ਹੈ ਤਾਂ ਜ਼ਮੀਨ ਨੂੰ ਜ਼ਬਰਦਸਤੀ ਖਰੀਦਿਆ ਜਾਣਾ ਸਰਾਸਰ ਧੱਕਾ ਹੈ। ਜ਼ਮੀਨ ਦੀ ਕੀਮਤ, ਮੁੜ-ਬਸੇਵੇ ਦੀ ਰਕਮ, ਪ੍ਰੋਜੈਕਟ 'ਚ ਨੌਕਰੀ ਤੇ ਹੋਰ ਮੁਆਵਜ਼ੇ ਜਾਂ ਭੱਤਿਆਂ ਦੀ ਸ਼ਰਤ ਰੱਖਣਾ ਅਤੇ ਕਿਸੇ ਵੀ ਸਮਝੌਤੇ ਲਈ ਸਹਿਮਤੀ ਬਣਾਉਣਾ ਜਾਂ ਨਾ ਬਣਾਉਣਾ ਜ਼ਮੀਨ ਮਾਲਕਾਂ ਦਾ ਜਮਹੂਰੀ ਹੱਕ ਹੈ। ਅੰਗਰੇਜ਼ੀ ਹਕੂਮਤ ਦੇ ਵੇਲੇ ਤੋਂ ਇਸ ਜਮਹੂਰੀ ਹੱਕ ਦੇ ਘਾਣ ਲਈ ਬਣੇ ਕਾਨੂੰਨ 'ਚ ਕੁਝ ਸੋਧਾਂ ਕਰਦੇ ਹੋਏ ਅੱਜ ਤੱਕ ਆਜ਼ਾਦ ਭਾਰਤ ਦੇ ਹਾਕਮ ਵੀ ਉਸੇ ਕਾਨੂੰਨ ਨੂੰ ਲਾਗੂ ਕਰਦੇ ਆ ਰਹੇ ਹਨ। ਇੱਥੇ ਇਹ ਵੀ ਦੇਖਣ ਵਾਲੀ ਗੱਲ ਹੈ ਕਿ ਲੋਕ ਭਲਾਈ ਦੇ ਨਾਂ 'ਤੇ ਜਿਸ ਜ਼ਮੀਨ ਨੂੰ ਐਕੁਆਇਰ ਕੀਤਾ ਜਾਂਦਾ ਹੈ ਉਹ ਜ਼ਮੀਨ ਇਸ ਦੇ ਮਾਲਕ (ਸਰਕਾਰ ਜਾਂ ਨਿੱਜੀ ਕੰਪਨੀ) ਵੱਲੋਂ ਅਕਸਰ ਉਸ ਮਕਸਦ ਲਈ ਇਸਤੇਮਾਲ ਹੀ ਨਹੀਂ ਕੀਤੀ ਜਾਂਦੀ ਜਿਸ ਦਾ ਬਹਾਨਾ ਬਣਾ ਕੇ ਐਕੁਆਇਰ ਕੀਤਾ ਜਾਂਦਾ ਹੈ। ਇਹ ਵੀ ਅਕਸਰ ਹੁੰਦਾ ਹੈ ਕਿ ਅਦਾ ਕੀਤੀਆਂ ਗਈਆਂ ਕੀਮਤਾਂ ਤੋਂ ਕਿਤੇ ਉੱਚੀਆਂ ਕੀਮਤਾਂ 'ਤੇ ਜ਼ਮੀਨ ਨੂੰ ਅੱਗੇ ਵੇਚ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ, 1998 'ਚ ਫਰੀਦਕੋਟ ਜਿਲ੍ਹੇ 'ਚ ਬਾਬਾ ਫਰੀਦ ਯੂਨੀਵਰਸਿਟੀ ਲਈ ਸਰਕਾਰ ਨੇ 122 ਕਿਸਾਨਾਂ ਤੋਂ 158 ਏਕੜ ਜ਼ਮੀਨ ਐਕੁਆਇਰ ਕੀਤੀ ਸੀ। ਕਿਸਾਨਾਂ ਨੂੰ ਪ੍ਰਤੀ ਏਕੜ ਸਾਢੇ ਚਾਰ ਲੱਖ ਰੁਪਏ ਅਦਾ ਕੀਤੇ ਗਏ ਸੀ। ਹੁਣ ਪੰਜਾਬ ਅਰਬਨ ਡੈਵੇਲਪਮੈਂਟ ਅਥਾਰਟੀ (ਪੁਡਾ) ਇਸ 'ਚੋਂ 86 ਏਕੜ ਜ਼ਮੀਨ ਰਿਹਾਇਸ਼ੀ ਕਲੋਨੀ ਦੇ ਰੂਪ 'ਚ ਚਾਰ ਕਰੋੜ ਰੁਪਏ ਪ੍ਰਤੀ ਏਕੜ ਦੀ ਕੀਮਤ 'ਤੇ ਵੇਚ ਰਹੀ ਹੈ। ਬਾਕੀ ਦੀ ਜ਼ਮੀਨ 'ਤੇ ਯੂਨੀਵਰਸਿਟੀ ਦੀ ਥਾਂ ਜੇਲ੍ਹ ਦੀ ਉਸਾਰੀ ਕੀਤੀ ਗਈ ਹੈ।

ਪੂਰੇ ਦੇਸ਼ 'ਚ ਜ਼ਮੀਨ ਐਕੁਆਇਰ ਖਿਲਾਫ਼ ਹੋ ਰਹੇ ਜ਼ੋਰਦਾਰ ਵਿਰੋਧ ਦੇ ਦਬਾਅ ਹੇਠ ਕੇਂਦਰ ਸਰਕਾਰ ਜ਼ਮੀਨ ਐਕੁਆਇਰ ਸਬੰਧੀ ਨਵਾਂ ਕਾਨੂੰਨ ਪਾਸ ਕਰਨ ਦੀ ਤਿਆਰੀ ਕਰ ਰਹੀ ਹੈ। ਨਵੇਂ ਕਾਨੂੰਨ ਦੇ ਖਰੜੇ 'ਚ ਕਿਹਾ ਗਿਆ ਹੈ ਕਿ ਪੇਂਡੂ ਇਲਾਕੇ 'ਚ ਐਕੁਆਇਰ ਕੀਤੀ ਜਾਣ ਵਾਲੀ ਜ਼ਮੀਨ ਲਈ ਬਾਜ਼ਾਰੀ ਕੀਮਤ ਦੀ ਘੱਟ ਤੋਂ ਘੱਟ ਛੇ ਗੁਣਾ ਕੀਮਤ ਅਦਾ ਕਰਨੀ ਪਵੇਗੀ ਅਤੇ ਸ਼ਹਿਰੀ ਖੇਤਰ 'ਚ ਦੁੱਗਣੀ। ਨਾਲ਼ ਹੀ ਜ਼ਮੀਨ ਵੇਚਣ ਵਾਲੇ ਤੇ ਜ਼ਮੀਨ 'ਤੇ ਨਿਰਭਰ ਪਰਿਵਾਰ ਦੇ ਇੱਕ ਮੈਂਬਰ ਨੂੰ ਜ਼ਮੀਨ 'ਤੇ ਲੱਗਣ ਵਾਲੇ ਪ੍ਰੋਜੈਕਟ 'ਚ ਨੌਕਰੀ ਦੇਣੀ ਹੋਵੇਗੀ ਜਾਂ ਫੇਰ ਦੋ ਲੱਖ ਰੁਪਏ ਮੁਆਵਜ਼ਾ। ਇਸ ਤੋਂ ਇਲਾਵਾ ਕੁਝ ਹੋਰ ਭੱਤਿਆਂ ਦੀ ਗੱਲ ਵੀ ਇਸ ਖਰੜੇ 'ਚ ਕਹੀ ਗਈ ਹੈ। ਨਾਲ਼ ਹੀ ਜਦੋਂ ਤੱਕ ਐਕੁਆਇਰ ਕੀਤੀ ਜਾ ਰਹੀ ਜ਼ਮੀਨ ਦੇ 80 ਫੀਸਦੀ ਮਾਲਕ ਸਹਿਮਤੀ ਨਹੀਂ ਦਿੰਦੇ ਤਦ ਤੱਕ ਜ਼ਮੀਨ ਨੂੰ ਐਕੁਆਇਰ ਕੀਤਾ ਹੀ ਨਹੀਂ ਜਾ ਸਕਦਾ। ਬਹੁ-ਫਸਲੀ ਅਤੇ ਸੇਂਜੂ ਜ਼ਮੀਨ ਨੂੰ ਐਕੁਆਇਰ ਨਹੀਂ ਕੀਤਾ ਜਾ ਸਕਦਾ। ਜ਼ਮੀਨ ਨੂੰ ਲੋਕਹਿੱਤ 'ਚ ਐਕੁਆਇਰ ਕੀਤਾ ਜਾ ਸਕਦਾ ਹੈ ਤੇ ਇੱਕ ਵਾਰ ਤੈਅ ਕੀਤਾ ਲੋਕ ਹਿੱਤ ਦੁਬਾਰਾ ਬਦਲਿਆ ਨਹੀਂ ਜਾ ਸਕਦਾ। ਜੇਕਰ ਐਕੁਆਇਰ ਕਰਦੇ ਹੋਏ ਤੈਅ ਕੀਤੇ ਗਏ ਮਕਸਦ ਲਈ ਪੰਜ ਸਾਲਾਂ 'ਚ ਇਸ ਦਾ ਇਸਤੇਮਾਲ ਨਹੀਂ ਹੁੰਦਾ ਤਾਂ ਜ਼ਮੀਨ ਵਾਪਸ ਕਰਨੀ ਹੋਵੇਗੀ। ਇਹ ਉੱਪਰੀ ਤੌਰ 'ਤੇ ਜਮਹੂਰੀ ਹੋਣ ਦਾ ਭਰਮ ਪੈਦਾ ਕਰਦਾ ਹੈ। ਇਹ ਠੀਕ ਹੈ ਕਿ ਪਹਿਲਾਂ ਦੇ ਮੁਕਾਬਲੇ ਇਸ ਨਵੇਂ ਕਾਨੂੰਨ 'ਚ ਭੋਂ-ਮਾਲਕਾਂ ਨੂੰ ਰਾਹਤ ਤਾਂ ਦਿੱਤੀ ਗਈ ਹੈ ਪਰ ਇੱਥੇ ਵੀ ਕਾਨੂੰਨ ਦੀ ਬੁਨਿਆਦ ਪਹਿਲਾਂ ਵਾਲੀ ਹੀ ਹੈ। ਸਾਡੇ ਕਹਿਣਾ ਹੈ ਕਿ ਜ਼ਮੀਨ ਵੇਚਣਾ ਜਾਂ ਨਾ ਵੇਚਣਾ ਅਤੇ ਇਸ ਦੀਆਂ ਸ਼ਰਤਾਂ ਤੈਅ ਕਰਨਾ ਸਰਕਾਰ ਦਾ ਕੰਮ ਨਹੀਂ ਹੈ। ਇਹ ਜ਼ਮੀਨ ਵੇਚਣ ਅਤੇ ਖਰੀਦਣ ਵਾਲੇ ਦੀ ਆਪਸੀ ਸਹਿਮਤੀ 'ਤੇ ਨਿਰਭਰ ਕਰਦਾ ਹੈ। ਜ਼ਮੀਨ ਵੇਚਣ ਤੋਂ ਮਨ੍ਹਾ ਕਰਨ ਵਾਲੇ ਭਲੇ ਹੀ ਘੱਟ-ਗਿਣਤੀ 'ਚ ਹੀ ਕਿਉਂ ਨਾ ਹੋਣ, ਉਹਨਾਂ ਨਾਲ਼ ਜ਼ਬਰਦਸਤੀ ਨਹੀਂ ਹੋਣੀ ਚਾਹੀਦੀ।

ਗੋਬਿੰਦਪੁਰਾ ਜ਼ਮੀਨ ਐਕੁਆਇਰ ਕਰਨ ਦੀ ਘਟਨਾ 'ਚ ਪੰਜਾਬ ਸਰਕਾਰ ਨੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਹੀ ਪਾਰ ਕਰ ਦਿੱਤੀਆਂ। ਪੂਰੇ ਦੇਸ਼ 'ਚ ਜ਼ਬਰੀ ਜ਼ਮੀਨ ਐਕੁਆਇਰ ਕਰਨ ਵਿਰੁੱਧ ਇੱਕ ਲਹਿਰ ਉੱਠੀ ਹੋਈ ਹੈ, ਦੇਸ਼ ਦੇ ਨਕਲੀ ਜਮਹੂਰੀ ਢਾਂਚੇ ਦਾ ਪੂੰਜੀ ਪ੍ਰਤੀ ਵਫਾਦਾਰੀ ਦਾ ਚਿਹਰਾ ਦਿਨੋਂ-ਦਿਨ ਨੰਗਾ ਹੁੰਦਾ ਜਾ ਰਿਹਾ ਹੈ। ਇਸ ਤੋਂ ਘਬਰਾ ਕੇ ਨਵੇਂ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਚਲ ਰਹੀ ਹੈ ਅਤੇ ਪਿਛਲੇ ਦਿਨੀਂ ਖੁਦ ਸੁਪਰੀਮ ਕੋਰਟ ਨੂੰ ਦਖਲਅੰਦਾਜ਼ੀ ਕਰਦੇ ਹੋਏ ਜ਼ਬਰੀ ਜ਼ਮੀਨ ਐਕੁਆਇਰ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕਰਨੀ ਪਈ ਸੀ। ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਸਭ ਤੋਂ ਬੁਰੀ ਕਿਸਮ ਦੇ ਅਪਰਾਧੀਆਂ, ਕਾਨੂੰਨ ਦੇ ਪੇਸ਼ੇਵਰ ਉਲੰਘਣ ਕਰਨ ਵਾਲਿਆਂ, ਨਸ਼ੇ ਦੇ ਵਪਾਰੀਆਂ ਤੱਕ ਨੂੰ ਸੁਣਵਾਈ ਦਾ ਮੌਕਾ ਮਿਲਦਾ ਹੈ ਪਰ ਇੱਕ ਤੁਸੀਂ ਓ ਜਿਹੜੇ ਕਿਸਾਨਾਂ ਨੂੰ ਸੁਣਵਾਈ ਦਾ ਮੌਕਾ ਦਿੱਤੇ ਬਿਨਾਂ ਹੀ ਉਹਨਾਂ ਦੀ ਜ਼ਮੀਨ ਐਕੁਆਇਰ ਕਰ ਲੈਂਦੇ ਹੋ। ਇਸ ਸਭ ਕਾਸੇ ਦੇ ਬਾਵਜੂਦ ਵੀ ਪੰਜਾਬ ਦੀ ਜ਼ਾਲਮ ਸਰਕਾਰ ਨੇ ਨਿੱਜੀ ਕੰਪਨੀ ਪਿਉਨਾ ਪਾਵਰ ਲਈ ਜ਼ਬਰੀ ਜ਼ਮੀਨ ਐਕੁਆਇਰ ਕਰਨ ਨੂੰ ਅੰਜਾਮ ਦਿੱਤਾ।

ਜ਼ਮੀਨ ਐਕੁਆਇਰ ਦੇ ਮੁੱਦੇ 'ਤੇ ਇਹ ਗੱਲ ਬਹੁਤ ਮਹੱਤਵਪੂਰਨ ਹੈ ਕਿ ਪੂੰਜੀਪਤੀਆਂ ਅਤੇ ਉਹਨਾਂ ਦੇ ਸੇਵਕ ਸਰਕਾਰ ਦੀਆਂ ਮਨਆਈਆਂ ਮੁਤਾਬਕ ਹੋਣ ਵਾਲੇ ਜ਼ਮੀਨ ਐਕੁਆਇਰ ਦੇ ਤਹਿਤ ਅਸਲ ਨੁਕਸਾਨ ਆਪਣੇ ਨਾਂ 'ਤੇ ਬਚੇ ਘਰ-ਬਾਰ ਗਵਾ ਦੇਣ ਵਾਲੇ ਮਜ਼ਦੂਰਾਂ ਅਤੇ ਗਰੀਬ ਕਿਸਾਨਾਂ ਦਾ ਹੀ ਹੁੰਦਾ ਹੈ। ਦੂਜੇ ਨੰਬਰ 'ਤੇ ਵੱਡੇ ਹਮਲੇ ਦਾ ਸ਼ਿਕਾਰ ਦਰਮਿਆਨੇ ਕਿਸਾਨ ਹੁੰਦੇ ਹਨ ਜਿਹੜੇ ਖੇਤਾਂ ਵਿੱਚ ਖੁਦ ਕੰਮ ਕਰਦੇ ਹਨ। ਸ਼ਹਿਰਾਂ 'ਚ ਹੋਣ ਵਾਲੀ ਜ਼ਮੀਨ ਐਕੁਆਇਰ ਨਾਲ਼ ਵੀ ਗਰੀਬ ਅਤੇ ਨਿਮਨ

**(ਬਾਕੀ ਸਫ਼ਾ 15 'ਤੇ)**

# • ਇੰਗਲੈਂਡ ਵਿਦਰੋਹ •

## *'ਸਦੀਆਂ ਦੀ ਅਣਕਰੀ ਨੂੰ, ਇੱਕ ਹਾਦਸਾ ਕਰੇਗਾ'*

• **ਸਵਜੀਤ**

ਇੰਗਲੈਂਡ ਮੁੜ ਫਿਰ ਸੁਰਖੀਆਂ ਵਿੱਚ ਹੈ। ਕੁਝ ਮਹੀਨੇ ਪਹਿਲਾਂ ਸਿੱਖਿਆ ਸਹੂਲਤਾਂ ਵਿੱਚ ਕੀਤੀ ਕਟੌਤੀ ਦੇ ਵਿਰੋਧ ਵਿੱਚ ਇੰਗਲੈਂਡ ਭਰ ਦੇ ਵਿਦਿਆਰਥੀਆਂ ਵੱਲੋਂ ਕੀਤੇ ਗਏ ਜੁਝਾਰੂ ਮੁਜ਼ਾਹਰਿਆਂ ਦੇ ਦ੍ਰਿਸ਼ ਅਜੇ ਲੋਕ-ਮਨਾਂ ਵਿੱਚ ਤਾਜ਼ੇ ਹੀ ਹੋਣਗੇ ਕਿ ਇੰਗਲੈਂਡ ਦਾ ਮਾਹੌਲ ਇੱਕ ਵਾਰ ਫਿਰ ਭਖ ਉੱਠਿਆ ਹੈ। ਗਰਮੀਆਂ ਦੀਆਂ ਛੁੱਟੀਆਂ ਦਾ ਆਨੰਦ ਮਾਣ ਰਹੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੂੰ ਇਟਲੀ ਵਿੱਚੋਂ ਛੁੱਟੀਆਂ ਵਿਚਾਲ਼ੇ ਹੀ ਛੱਡ ਕੇ ਵਾਪਿਸ ਪਰਤਣਾ ਪਿਆ। ਆਉਂਦਿਆਂ ਹੀ ਸਦਨ ਦੀ ਹੰਗਾਮੀ ਮੀਟਿੰਗ ਸੱਦੀ ਤੇ ਲੰਡਨ ਦੀਆਂ ਸੜਕਾਂ ਨੂੰ ਪੁਲਿਸ ਚੌਂਕੀਆਂ ਵਿੱਚ ਤਬਦੀਲ ਕਰ ਦਿੱਤਾ ਗਿਆ। 16000 ਤੋਂ ਵੀ ਜ਼ਿਆਦਾ ਪੁਲਿਸ ਕਰਮਚਾਰੀਆਂ ਨੂੰ ਤੈਨਾਤ ਕੀਤਾ ਗਿਆ। ਤੇ ਕੈਮਰੌਨ ਸਾਹਿਬ ਨੇ ਗਰਮਾ ਗਰਮ ਬਿਆਨ ਦਾਗਣੇ ਸ਼ੁਰੂ ਕਰ ਦਿੱਤੇ। ਪੁਲਿਸ ਨੂੰ ਖਾਸ ਤਾਕਤਾਂ ਪ੍ਰਦਾਨ ਕੀਤੀਆਂ ਗਈਆਂ। ਅਗਲੇ ਕੁਝ ਮਹੀਨਿਆਂ ਨੂੰ ਲੰਡਨ ਵਿਖੇ ਉਲੰਪਿਕਸ ਖੇਡਾਂ ਸ਼ੁਰੂ ਹੋਣੀਆਂ ਹਨ ਤੇ ਇਸ ਤਰ੍ਹਾਂ ਦੀਆਂ "ਘਟਨਾਵਾਂ" ਲੰਡਨ ਦੀ ਸਾਖ਼ 'ਤੇ ਵੱਟਾ ਹਨ, ਇਸ ਲਈ "ਲੋਕਾਂ" ਨੂੰ ਸੁਰੱਖਿਆ ਦੇਣ ਲਈ ਸਖ਼ਤ ਕਦਮ ਚੁੱਕੇ ਗਏ। 1200 ਤੋਂ ਜ਼ਿਆਦਾ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ, ਜਿਹਨਾਂ ਵਿੱਚ ਸਕੂਲ ਜਾਂਦੇ ਬੱਚੇ ਵੀ ਸ਼ਾਮਿਲ ਹਨ।

ਘਟਨਾਵਾਂ ਦੀ ਇਸ ਲੜੀ ਦੀ ਸ਼ੁਰੂਆਤ ਲੰਡਨ ਪੁਲਿਸ ਦੇ ਇੱਕ ਖਾਸ ਦਸਤੇ ਦੁਆਰਾ ਐਫਰੋ-ਕੈਰੇਬੀਆਈ ਮੂਲ ਦੇ ਨੌਜਵਾਨ ਦੇ "ਐਨਕਾਉਂਟਰ" ਵਿੱਚ ਹੋਏ ਕਤਲ ਤੋਂ ਹੋਈ। ਲੰਡਨ ਦੇ ਟੋਟੇਨਹਮ ਇਲਾਕੇ ਦੇ ਵਸਨੀਕ 29 ਸਾਲਾ ਨੌਜਵਾਨ ਮਾਰਕ ਡਗਨ ਨੂੰ ਲੰਡਨ ਪੁਲਿਸ ਨੇ 4 ਅਗਸਤ ਦੀ ਰਾਤ ਨੂੰ ਫੈਰੀ ਲੇਨ ਵਿਖੇ ਹੋਏ "ਮੁਕਾਬਲੇ" ਵਿੱਚ ਮਾਰ ਦਿੱਤਾ। ਲੰਡਨ ਦੇ ਇੱਕ ਪ੍ਰਮੁੱਖ ਅਖ਼ਬਾਰ 'ਈਵਨਿੰਗ ਸਟੈਂਡਰਡ' ਨੇ ਆਪਣੇ 5 ਅਗਸਤ ਦੇ ਅੰਕ ਵਿੱਚ ਛਾਪੀ ਇੱਕ ਖ਼ਬਰ ਵਿੱਚ ਕਿਹਾ ਕਿ ਮਾਰਕ ਨੂੰ ਸੜਕ 'ਤੇ ਲਿਟਾ ਕੇ ਗੋਲ਼ੀ ਮਾਰੀ ਗਈ ਸੀ। 20 ਸਾਲਾ ਇੱਕ ਚਸ਼ਮਦੀਦ ਗਵਾਹ ਨੇ ਦੱਸਿਆ "ਤਿੰਨ ਜਾਂ ਚਾਰ ਪੁਲਿਸ ਅਫ਼ਸਰ ਸਨ... ਫਿਰ ਮੈਂ ਚਾਰ ਵੱਡੇ ਧਮਾਕੇ ਸੁਣੇ। ਪੁਲਿਸ ਨੇ ਉਸਨੂੰ (ਮਾਰਕ ਡਗਨ ਨੂੰ) ਸੜ੍ਹਕ 'ਤੇ ਲਿਟਾ ਕੇ ਗੋਲ਼ੀ ਮਾਰੀ।"

6 ਅਗਸਤ ਨੂੰ ਮਾਰਕ ਦੇ ਪਰਿਵਾਰਕ ਮੈਂਬਰ ਅਤੇ ਦੋਸਤ ਟੋਟੇਨਹਮ ਦੇ ਪੁਲਿਸ ਸਟੇਸ਼ਨ ਸਾਹਮਣੇ ਇਕੱਠੇ ਹੋਏ। 300 ਦੇ ਕਰੀਬ ਲੋਕਾਂ ਨੇ ਬਰੌਡਵਾਟਰ ਫਾਰਮ ਐਸਟੇਟ ਤੋਂ ਲੈ ਕੇ ਪੁਲਿਸ ਸਟੇਸ਼ਨ ਤੱਕ ਇੱਕ ਸ਼ਾਂਤਮਈ ਰੋਸ ਮੁਜ਼ਾਹਰਾ ਕੀਤਾ। ਜਿਸ ਵਿੱਚ ਉਹਨਾਂ ਨੇ ਮਾਰਕ ਦੇ ਪਰਿਵਾਰ ਨੂੰ ਇਨਸਾਫ਼ ਦੇਣ ਦੀ ਮੰਗ ਕੀਤੀ। ਪੁਲਿਸ ਨੇ ਉਹਨਾਂ ਨੂੰ 4 ਘੰਟੇ ਤੱਕ ਉੱਥੇ ਹੀ ਰੋਕੀ ਰੱਖਿਆ। ਪੁਲਿਸ ਨਾਲ਼ ਝੜਪ ਹੋਣ ਤੋਂ ਬਾਅਦ ਲੋਕਾਂ ਦਾ ਗੁੱਸਾ ਫੁੱਟ ਪਿਆ ਅਤੇ ਉਹਨਾਂ ਨੇ ਉੱਥੇ ਖੜੀਆਂ ਦੋ ਕਾਰਾਂ ਨੂੰ ਅੱਗ ਲਗਾ ਦਿੱਤੀ। ਜੰਗਲ਼ ਦੀ ਅੱਗ ਵਾਂਗ ਇਹ ਲਹਿਰ ਪੂਰੇ ਲੰਡਨ ਵਿੱਚ ਫੈਲ ਗਈ ਅਤੇ ਇਸਨੇ ਬਰਮਿੰਘਮ, ਬਰਿਸਟਲ ਅਤੇ ਲੀਵਰਪੂਲ ਜਿਹੇ ਸ਼ਹਿਰਾਂ ਨੂੰ ਆਪਣੀ ਚਪੇਟ ਵਿੱਚ ਲੈ ਲਿਆ ਤੇ ਹੌਲ਼ੀ ਹੌਲ਼ੀ ਮਾਨਚੈਸਟਰ, ਸਾਲਫੋਰਡ ਅਤੇ ਨੌਟਿੰਘਮ ਤੱਕ ਵੀ ਪਹੁੰਚ ਗਈ।

ਮੁਜ਼ਾਹਰਾਕਾਰੀਆਂ ਨੇ ਕਾਰਾਂ, ਮਲਟੀਪਲੈਕਸ ਸ਼ੋਰੂਮਾਂ, ਮਾਲ, ਹੋਟਲ, ਰੈਸਟੋਰੈਂਟ ਅਤੇ ਬਿਜਨਸ ਹਾਊਸ ਜਿਹੇ ਅਮੀਰੀ ਅਤੇ ਐਯਾਸ਼ੀ ਦੇ ਚਿੰਨ੍ਹਾਂ ਨੂੰ ਹੀ ਮੁੱਖ ਤੌਰ 'ਤੇ ਆਪਣੇ ਗੁੱਸੇ ਦਾ ਨਿਸ਼ਾਨਾ ਬਣਾਇਆ ਹੈ। ਹਮੇਸ਼ਾਂ ਦੀ ਤਰ੍ਹਾਂ ਇਸ ਵਾਰ ਵੀ ਲੋਕਾਂ ਦੇ ਇਸ ਵਿਦਰੋਹ ਨੂੰ "ਭੜਕੇ ਹੋਏ ਦੰਗਾਕਾਰੀਆਂ ਅਤੇ ਮੌਕਾਪ੍ਰਸਤ ਚੋਰਾਂ ਦੁਆਰਾ ਮਚਾਈ ਲੁੱਟਮਾਰ" ਕਹਿ ਕੇ ਪ੍ਰਚਾਰਿਆ ਗਿਆ। ਪਰ ਜਲਦੀ ਹੀ ਇਸਦੀ ਅਸਲੀਅਤ ਵੀ ਸਾਹਮਣੇ ਆ ਗਈ ਜਦੋਂ ਕਰੋਏਡਾਨ ਵਿਖੇ ਇੱਕ ਬਿਜ਼ਨਸ ਹਾਊਸ 'ਰੀਵਸ ਕਾਰਨਰ' ਨੂੰ ਜਲਾ ਦਿੱਤਾ ਗਿਆ ਤਾਂ ਉਸਦੇ 52 ਸਾਲਾ ਮਾਲਿਕ ਗ੍ਰਾਹਮ ਰੀਵਸ ਨੇ ਪੱਤਰਕਾਰਾਂ ਸਾਹਮਣੇ ਮੰਨਿਆ ਕਿ "ਕਿਸੇ ਨੇ ਕੁਝ ਵੀ ਚੋਰੀ ਨਹੀਂ ਕੀਤਾ। ਉਹਨਾਂ ਨੇ ਬਸ ਇਸਨੂੰ ਸਾੜ ਦਿੱਤਾ। ਇਹ ਬੜੀ ਬੇਤੁਕੀ ਜਿਹੀ ਗੱਲ ਹੈ।" ('ਦਾ ਹਿੰਦੂ', 10 ਅਗਸਤ 2011)। (ਬਿਲਕੁਲ! ਜਿਹਨਾਂ "ਲੋਕਾਂ" ਦੀ ਸਰਕਾਰ ਬੰਦੂਕਾਂ ਤੇ ਸੰਗੀਨਾਂ ਦੇ ਦਮ 'ਤੇ ਗਰੀਬ ਮੁਲਕਾਂ ਨੂੰ ਧਮਕਾਉਂਦੀ ਫਿਰਦੀ ਹੋਵੇ ਅਤੇ ਜਿਸਨੇ ਸਿਰਫ ਲੁੱਟਣ ਲਈ ਹੀ ਇਰਾਕ ਤੇ ਅਫਗਾਨਿਸਤਾਨ ਨੂੰ ਪੂਰੀ ਤਰ੍ਹਾਂ ਸਾੜ ਕੇ ਰਾਖ ਕਰ ਦਿੱਤਾ ਹੋਵੇ, ਉਹਨਾਂ ਲਈ ਬਿਨਾਂ ਲੁੱਟਿਆਂ ਹੀ ਸਾੜ ਦੇਣਾ ਸਚਮੁੱਚ ਇੱਕ ਬੇਤੁਕੀ ਗੱਲ ਹੈ!)

ਟੋਟੇਨਹਮ ਲੰਡਨ ਦੇ ਸਭ ਤੋਂ ਗਰੀਬ ਇਲਾਕਿਆਂ ਵਿੱਚੋਂ ਇੱਕ ਹੈ। ਇੱਥੋਂ ਦੇ ਵਸਨੀਕ ਐਫਰੋ-ਕੈਰੇਬੀਆਈ ਤੇ ਏਸ਼ੀਆਈ ਮੂਲ ਦੇ ਕਿਰਤੀ ਲੋਕ ਗੋਰਿਆਂ ਦੇ ਨਸਲੀ ਭੇਦਭਾਵ ਦੇ ਸ਼ਿਕਾਰ ਤਾਂ ਹੁੰਦੇ ਹੀ ਹਨ ਉਹ ਨਾਲ਼ ਹੀ ਪੂੰਜੀ ਦੀ ਮਾਰੂ ਤਾਕਤ ਦੇ ਪੁੜਾਂ ਵਿਚਾਲ਼ੇ ਵੀ ਪਿਸਦੇ ਰਹਿੰਦੇ ਹਨ। ਸੰਸਾਰ ਭਰ ਵਿੱਚ ਚਲ ਰਹੀ ਆਰਥਿਕ ਮੰਦੀ ਦਾ ਆਪਣੇ ਦੇਸ਼ ਵਿੱਚ ਸਭ ਤੋਂ ਬੁਰਾ ਪ੍ਰਭਾਵ ਵੀ ਇਹਨਾਂ ਨੇ ਹੀ ਸਹਿਣ ਕੀਤਾ ਹੈ। ਇੰਗਲੈਂਡ ਦੀ ਸਰਕਾਰ ਜਿੱਥੇ ਇੱਕ ਪਾਸੇ ਕਰੋੜਾਂ-ਅਰਬਾਂ ਰੁਪਏ ਬੈਂਕਾਂ ਨੂੰ ਅਤੇ ਅਮੀਰ ਪੂੰਜੀਪਤੀ ਘਰਾਣਿਆਂ ਨੂੰ 'ਬੇਲ-ਆਊਟ ਪੈਕੇਜ' ਦੇ ਰੂਪ ਵਿੱਚ ਦੇ ਰਹੀ ਹੈ ਅਤੇ ਇਰਾਕ ਜੰਗ ਵਿੱਚ ਖਰਚ ਰਹੀ ਹੈ ਉੱਥੇ ਹੀ ਦੂਜੇ ਪਾਸੇ ਆਰਥਿਕ ਮੰਦੀ ਦਾ ਰੋਣਾ ਰੋ ਕੇ ਜਨਤਕ ਖਰਚਿਆਂ ਵਿੱਚ ਬੇਤਹਾਸ਼ਾ ਕਟੌਤੀ ਕਰ ਰਹੀ ਹੈ। ਜਿਸਦਾ ਅਸਰ ਲੰਡਨ ਦੇ ਗਰੀਬ ਇਲਾਕਿਆਂ ਵਿੱਚ ਮਾਰੂ ਸਾਬਿਤ ਹੋ ਰਿਹਾ ਹੈ। ਸਿੱਖਿਆ ਖਰਚ

ਵਿੱਚ ਕਟੌਤੀ ਕਾਰਨ ਹਜ਼ਾਰਾਂ ਹੀ ਨੌਜਵਾਨ ਪੜ੍ਹਨ ਦੇ ਮੌਕੇ ਗੁਆ ਬੈਠੇ ਹਨ। ਇੱਥੋਂ ਦੀ ਸਥਾਨਕ ਕੌਂਸਲ ਹੈਰਿੰਗੇ ਨੇ ਨੌਜਵਾਨਾਂ 'ਤੇ ਖਰਚ ਹੋਣ ਵਾਲੇ ਬਜਟ ਵਿੱਚ 75% ਤੱਕ ਕਟੌਤੀ ਕਰ ਦਿੱਤੀ ਹੈ। ਇਸਦੇ ਨਾਲ਼ ਹੀ ਨੌਕਰੀਆਂ ਨਾਲ਼ ਸਬੰਧਤ ਫੰਡਾਂ ਵਿੱਚ ਵੀ ਲਗਾਤਾਰ ਕਟੌਤੀ ਕੀਤੀ ਜਾ ਰਹੀ ਹੈ। ਕੌਮੀ ਪੱਧਰ 'ਤੇ ਬੇਰੁਜ਼ਗਾਰੀ ਪਿਛਲੇ 3 ਸਾਲਾਂ ਵਿੱਚ ਵਧਕੇ ਦੁੱਗਣੀ ਹੋ ਗਈ ਹੈ ਤੇ ਹਾਲਾਤ ਇਹ ਹਨ ਕਿ ਕਾਲ਼ੇ ਲੋਕਾਂ ਵਿੱਚ ਬੇਰੁਜ਼ਗਾਰੀ ਦਰ 50% ਤੋਂ ਵੀ ਟੱਪ ਗਈ ਹੈ।

ਇਹ ਹਾਲਤ ਕੇਵਲ ਕਾਲ਼ਿਆਂ ਤੱਕ ਹੀ ਸੀਮਤ ਨਹੀਂ ਹਨ, ਲਗਭਗ ਹਰ ਨਸਲ, ਧਰਮ ਤੇ ਕੌਮ ਦੇ ਲੋਕ ਵਸੋਂ ਦੀ ਇਸ ਹੇਠਲੀ ਸਫ਼ ਵਿੱਚ ਸ਼ਾਮਿਲ ਹਨ। ਮੀਡੀਏ ਨੇ ਇਸਨੂੰ ਕਾਲ਼ੇ ਲੋਕਾਂ ਖਿਲਾਫ਼ ਹੁੰਦੇ ਨਸਲੀ ਭੇਦਭਾਵ ਦੇ ਵਿਰੋਧ ਵਜੋਂ ਉਪਜਿਆ ਸੰਕਟ ਬਣਾ ਕੇ ਪੇਸ਼ ਕੀਤਾ ਹੈ। ਪਰ ਇੰਟਰਨੈੱਟ 'ਤੇ ਉਪਲਬਧ ਤਸਵੀਰਾਂ ਅਤੇ ਵੀਡੀਓ ਦੇਖਣ 'ਤੇ ਗੱਲ ਚਿੱਟੇ ਦਿਨ ਵਾਂਗ ਸਾਫ ਹੋ ਜਾਂਦੀ ਹੈ ਕਿ ਐਫਰੋ-ਕੈਰੇਬੀਆਈ ਲੋਕਾਂ ਦੇ ਨਾਲ਼ ਨਾਲ਼ ਏਸ਼ੀਆਈ ਅਤੇ ਇੰਗਲੈਂਡ ਦੇ ਲੋਕ ਵੀ ਇਸ ਵਿਦਰੋਹ ਦਾ ਸਰਗਰਮ ਹਿੱਸਾ ਰਹੇ ਹਨ। ਦਰਅਸਲ ਸਮਾਜਿਕ ਜੀਵਨ ਦੀ ਸਭ ਤੋਂ ਹੇਠਲੀ ਤਹਿ ਵਿੱਚ ਘੁਟੇ ਹੋਏ ਇਹਨਾਂ ਲੋਕਾਂ ਨੂੰ ਹਰ ਕਦਮ 'ਤੇ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਇਹਨਾਂ ਘਟਨਾਵਾਂ ਤੋਂ ਲਗਭਗ ਦੋ ਮਹੀਨੇ ਪਹਿਲਾਂ ਟੋਟੇਨਹਮ ਦੇ ਵਸਨੀਕਾਂ ਨੇ ਸਕਾਟਲੈਂਡ ਯਾਰਡ ਤੱਕ ਇੱਕ ਸ਼ਾਤਮਈ ਰੋਸ ਮੁਜ਼ਾਹਰਾ ਕੀਤਾ। ਪੂਰੇ ਮੀਡੀਆ ਨੇ ਇਸਦਾ ਜਾਣ-ਬੁੱਝ ਕੇ ਕੋਈ ਨੋਟਿਸ ਨਾ ਲਿਆ ਅਤੇ ਇਹਨਾਂ ਖਬਰਾਂ ਦਾ ਬਲੈਕਆਊਟ ਕੀਤਾ। ਅਜਿਹੀਆਂ ਕਈ ਉਦਾਹਰਨਾਂ ਨੇ ਇਹਨਾਂ ਲੋਕਾਂ ਅੰਦਰ ਬੇਗਾਨਗੀ ਤੇ ਅਖੌਤੀ ਜਮਹੂਰੀਅਤ ਦੇ ਖੋਖਲੇਪਨ ਦੀ ਭਾਵਨਾ ਭਰ ਦਿੱਤੀ। ਐਨ.ਬੀ.ਸੀ ਦੀ ਇੱਕ ਰਿਪੋਰਟ ਵਿੱਚ ਜਦੋਂ ਇੱਕ ਨੌਜਵਾਨ ਨੂੰ ਇਹ ਪੁੱਛਿਆ ਗਿਆ ਕਿ ਕੀ ਇਹਨਾਂ "ਦੰਗਿਆਂ" ਨਾਲ਼ ਉਹਨਾਂ ਨੂੰ ਕੁਝ ਹਾਸਿਲ ਹੋਇਆ ਹੈ ? ਤਾਂ ਉਸਨੇ ਜਵਾਬ ਦਿੱਤਾ, "ਹਾਂ, ਜੇ ਅਸੀਂ ਇਹ ਸਭ ਕੁਝ ਨਾ ਕਰਦੇ ਤਾਂ ਤੁਸੀਂ ਇੱਥੇ ਖੜੇ ਮੇਰੇ ਨਾਲ਼ ਗੱਲ ਨਾ ਕਰ ਰਹੇ ਹੁੰਦੇ, ਕਰਦੇ ਤੁਸੀਂ ?"

ਸਿੱਖਿਆ ਕਟੌਤੀਆਂ ਕਾਰਨ ਉੱਚ ਸਿੱਖਿਆ ਤੋਂ ਵਾਂਝੇ ਰਹਿ ਗਏ ਇਹਨਾਂ ਤਬਕਿਆਂ ਦੇ ਨੌਜਵਾਨਾਂ ਦਾ ਕੋਈ ਭਵਿੱਖ ਨਹੀਂ ਹੈ, ਨੌਜਵਾਨ ਕੁੜੀਆਂ ਨੂੰ ਭੁੱਖ ਤੋਂ ਬਚਣ ਲਈ ਜਿਸਮਫਰੋਸ਼ੀ ਦਾ ਧੰਦਾ ਅਪਨਾਉਣਾ ਪੈਂਦਾ ਹੈ। ਯੂਰਪ ਦੇ ਲਗਭਗ ਸਾਰੇ ਹੀ ਦੇਸ਼ਾਂ ਵਿੱਚ ਵੇਸਵਾਗਮਨੀ ਇੱਕ ਆਮ ਗੱਲ ਬਣ ਗਈ ਹੈ। ਹਜ਼ਾਰਾਂ ਲੱਖਾਂ ਪਰਿਵਾਰ ਮਜ਼ਬੂਰੀ ਵੱਸ ਇਸ ਧੰਦੇ 'ਤੇ ਪਲ਼ ਰਹੇ ਹਨ। ਇਹ ਧਿਆਨ ਦੇਣ ਵਾਲ਼ੀ ਗੱਲ ਹੈ ਕਿ ਵੇਸਵਾਗਮਨੀ ਵਿੱਚ ਲਗਭਗ ਹਰੇਕ ਨਸਲ,ਧਰਮ ਤੇ ਫਿਰਕੇ ਦੇ ਲੋਕ ਫਸੇ ਹੋਏ ਹਨ।

ਇੰਗਲੈਂਡ ਅਤੇ ਅਰਬ ਦੇ ਵਿਦਰੋਹਾਂ ਵਿੱਚ ਇੱਕ ਗੱਲ ਵੇਖਣ ਨੂੰ ਇਹ ਮਿਲ਼ੀ ਕਿ ਮੁਜ਼ਾਹਰਾਕਾਰੀਆਂ ਨੇ ਪੁਲਿਸ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਇਆ ਹੈ। ਇੰਗਲੈਂਡ ਦੇ ਵਿਦਰੋਹ ਵਿੱਚ ਪੁਲਿਸ ਨੂੰ ਭੜਕਾਉਣ ਲਈ ਮੁਜ਼ਾਹਰਾਕਾਰੀਆਂ ਵੱਲੋਂ ਕਈ ਥਾਈਂ ਕੂੜੇਦਾਨਾਂ ਨੂੰ ਅੱਗ ਲਾਉਣ ਦੀਆਂ ਖ਼ਬਰਾਂ ਵੀ ਆਈਆਂ ਹਨ। ਲੁੱਟ-ਸ਼ੋਸ਼ਣ 'ਤੇ ਟਿਕੇ ਪੂੰਜੀਵਾਦੀ ਢਾਂਚੇ ਨੂੰ ਥੋਪਣ ਵਿੱਚ ਪੁਲਿਸ ਦੀ ਭੂਮਿਕਾ ਮੂਹਰਲੀਆਂ ਸਫ਼ਾਂ ਵਿੱਚ ਹੋਣ ਕਾਰਨ ਮੋਹਰੀ ਹੁੰਦੀ ਹੈ। ਹਾਕਮ ਜਮਾਤ ਦੀਆਂ ਨੀਤੀਆਂ ਧੱਕੇ ਨਾਲ਼ ਲਾਗੂ ਕਰਨ ਲਈ ਵੀ ਪੁਲਿਸ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਜਿਸ ਕਾਰਨ ਲੋਕਾਂ ਨਾਲ਼ ਇਸਦੀ ਸਿੱਧੀ ਟੱਕਰ ਹੋਣਾ ਅਤੇ ਗੈਰ-ਬਰਾਬਰੀ ਤੇ ਬੇਇਨਸਾਫੀ 'ਤੇ ਟਿਕੇ ਇਸ ਨਿਜ਼ਾਮ ਪ੍ਰਤੀ ਗੁੱਸਾ ਫਿਰ ਇਸਦੀ ਪਹਿਲੀ ਸੁਰੱਖਿਆ ਪੰਕਤੀ—ਪੁਲਿਸ—ਤੇ ਨਿਕਲਣਾ ਸੁਭਾਵਕ ਹੀ ਹੈ। ਮੁਜ਼ਾਹਰਾਕਾਰੀਆਂ ਦੀ ਇਹੀ ਪਹੁੰਚ ਇੰਗਲੈਂਡ ਦੇ ਵਿਦਰੋਹ ਵਿੱਚ ਖਾਸ ਤੌਰ 'ਤੇ ਦੇਖਣ ਨੂੰ ਮਿਲੀ, ਜਿਹੜਾ ਕਿ ਦੰਗਾਕਾਰੀਆਂ ਜਾਂ ਚੋਰ-ਲੁਟੇਰਿਆਂ ਦਾ ਆਮ ਸੁਭਾਅ ਨਹੀਂ ਹੁੰਦਾ। 'ਏ ਵਰਲਡ ਟੂ ਵਿੰਨ ਨਿਊਜ਼ ਸਰਵਿਸ' ਨੇ ਇਹਨਾਂ ਘਟਨਾਵਾਂ ਦੇ ਇਸ ਪਹਿਲੂ ਬਾਰੇ ਇੰਝ ਲਿਖਿਆ ਹੈ:

"...ਪਰ ਬ੍ਰਿਟੇਨ ਦੀਆਂ ਗਲ਼ੀਆਂ ਵਿੱਚ ਜੋ ਕੁਝ ਵੀ ਵਾਪਰ ਰਿਹਾ ਹੈ ਇਹ ਦਮਨਕਾਰੀ ਰਾਜ ਮਸ਼ੀਨਰੀ ਖਿਲਾਫ ਇੱਕ ਵਿਦਰੋਹ ਹੈ, ਜਿਹੜੀ ਇੱਕ ਅਨਿਆਪੂਰਣ ਸਮਾਜ ਧੱਕੇ ਨਾਲ਼ ਚਲਾ ਰਹੀ ਹੈ, ਇੱਕ ਸੰਦ ਜਿਸਨੇ ਲੱਖਾਂ ਲੋਕਾਂ ਦੀ ਨਜ਼ਰ ਵਿੱਚ ਆਪਣੀ ਜ਼ਿਆਦਾਤਰ ਪ੍ਰਮਾਣਿਕਤਾ ਗੁਆ ਲਈ ਹੈ। ਇਹ ਰਾਜ ਦੀ ਸ਼ਹਿ ਪ੍ਰਾਪਤ ਨਸਲੀ ਭੇਦਭਾਵ ਖਿਲਾਫ਼ ਅਤੇ ਬ੍ਰਿਟੇਨ ਦੀ ਹਾਕਮ ਜਮਾਤ ਦੀ ਕਾਲ਼ੇ ਲੋਕਾਂ ਪ੍ਰਤੀ ਬਸਤੀਵਾਦੀ ਮਾਨਸਿਕਤਾ ਖਿਲਾਫ਼ ਵਿਦਰੋਹ ਹੈ। ਇਹ ਹਜ਼ਾਰਾਂ ਲੱਖਾਂ ਨੌਜਵਾਨਾਂ ਦਾ ਇੱਕ ਅਜਿਹੀ ਦੁਨੀਆਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਹੈ ਜਿਸ ਵਿੱਚ ਉਹ ਹਰ ਚੀਜ਼ ਦੇ ਮੁਥਾਜ ਹਨ, ਬਿਨਾਂ ਕਿਸੇ ਰੁਜ਼ਗਾਰ ਤੋਂ ਅਤੇ ਬਿਨਾਂ ਕਿਸੇ ਭਵਿੱਖ ਤੋਂ।"

ਫੌਰੀ ਤੌਰ 'ਤੇ ਭਾਵੇਂ ਪੁਲਿਸ ਵੱਲੋਂ ਮਾਰਕ ਡਗਨ ਦੀ ਹੱਤਿਆ ਪੂਰੇ ਇੰਗਲੈਂਡ ਵਿੱਚ ਨੌਜਵਾਨਾਂ ਦੇ ਵਿਦਰੋਹ ਦਾ ਕਾਰਨ ਬਣਿਆ ਹੋਵੇ, ਪਰ ਇਸ ਦੀ ਤਹਿ ਵਿੱਚ ਦਹਾਕਿਆਂ ਤੋਂ ਇੰਗਲੈਂਡ ਦੇ ਹਾਕਮਾਂ ਵਿਰੁੱਧ ਲੋਕਾਂ ਦੇ ਮਨਾਂ ਵਿੱਚ ਪਲ ਰਿਹਾ ਗੁੱਸਾ ਸੀ। 1980 ਤੋਂ ਇੰਗਲੈਂਡ ਵਿੱਚ ਮਾਗਰੇਟ ਥੈਚਰ ਦੇ ਪ੍ਰਧਾਨ ਮੰਤਰੀ ਬਣਨ ਸਮੇਂ ਤੋਂ ਹੀ ਇੱਥੇ ਨਵਉਦਾਰਵਾਦੀ ਨੀਤੀਆਂ ਦੀ ਸ਼ੁਰੂਆਤ ਹੋ ਗਈ ਸੀ। ਜਿਨ੍ਹਾਂ ਤਹਿਤ ਕਦਮ-ਬ-ਕਦਮ ਸਰਮਾਏਦਾਰਾਂ ਨੂੰ ਵੱਡੀਆਂ ਰਿਆਇਤਾਂ ਦਿੱਤੀਆਂ ਜਾਂਦੀਆਂ ਰਹੀਆਂ, ਜਦ ਕਿ ਰਾਜ ਵੱਲੋਂ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਹੌਲੀ ਹੌਲੀ ਵਾਪਸ ਲਈਆਂ ਜਾਂਦੀਆਂ ਰਹੀਆਂ। ਇਨ੍ਹਾਂ ਨਵਉਦਾਰਵਾਦੀ ਨੀਤੀਆਂ ਦਾ ਮੁੱਖ ਮਕਸਦ ਦੂਜੀ ਸੰਸਾਰ ਜੰਗ ਤੋਂ ਬਾਅਦ ਸਮਾਜਵਾਦੀ ਇਨਕਲਾਬ ਦੇ ਡਰੋਂ ਅਤੇ ਆਪਣੇ ਅੰਦਰੂਨੀ ਸੰਕਟਾਂ 'ਤੇ ਕਾਬੂ ਪਾਉਣ ਲਈ ਸੰਸਾਰ ਸਰਮਾਏਦਾਰੀ ਵੱਲੋਂ ਖਾਸ ਤੌਰ 'ਤੇ ਵਿਕਸਤ ਸਰਮਾਏਦਾਰ ਦੇਸ਼ਾਂ ਵਿੱਚ ਆਪਣਾਈਆਂ 'ਕਲਿਆਣਕਾਰੀ' ਰਾਜ ਦੀਆਂ ਨੀਤੀਆਂ ਨੂੰ ਖ਼ਤਮ ਕਰਨਾ ਸੀ। 1980ਵਿਆਂ ਤੋਂ ਸ਼ੁਰੂ ਹੋਏ ਸਰਮਾਏ ਦੇ ਵਿਸ਼ਵੀਕਰਨ ਦੇ ਨਵੇਂ ਦੌਰ ਵਿੱਚ ਇਹ ਨੀਤੀਆਂ ਹੁਣ ਸਰਮਾਏ ਦੇ ਵਿਕਾਸ ਦੇ ਰਾਹ ਦੀ ਰੋਕ ਬਣ ਗਈਆਂ ਸਨ। ਇਨ੍ਹਾਂ ਨਵਉਦਾਰਵਾਦੀ ਨੀਤੀਆਂ ਨੇ ਸਾਰੇ ਸੰਸਾਰ ਵਿੱਚ ਹੀ ਅਮੀਰ

(**ਬਾਕੀ ਸਫ਼ਾ** 13 **'ਤੇ**)

# ਸਲਵਾ ਜੁਡੂਮ ਖਿਲਾਫ਼ ਸੁਪਰੀਮ ਕੋਰਟ ਦਾ ਫੈਸਲਾ

## ਲੋਕਾਂ ਵਿਰੁੱਧ ਸਰਕਾਰ ਦੀ ਦਹਿਸ਼ਤੀ ਜੰਗ ਦਾ ਸੱਚ ਫੇਰ ਹੋਇਆ ਬੇਨਕਾਬ

ਲੰਘੀ 5 ਜੁਲਾਈ ਨੂੰ ਸੁਪਰੀਮ ਕੋਰਟ ਨੇ ਸਲਵਾ ਜੁਡੂਮ ਨੂੰ ਭੰਗ ਕਰਨ ਦਾ ਹੁਕਮ ਦਿੰਦੇ ਹੋਏ ਛੱਤੀਸਗੜ੍ਹ ਅਤੇ ਕੇਂਦਰ ਸਰਕਾਰ ਦੀ ਸਖ਼ਤ ਅਲੋਚਨਾ ਕੀਤੀ। ਜੱਜਾਂ ਨੇ ਛੱਤੀਸਗੜ੍ਹ ਸਰਕਾਰ ਵੱਲੋਂ ਆਦਿਵਾਸੀ ਨੌਜਵਾਨਾਂ ਦੀ ਵਿਸ਼ੇਸ਼ ਪੁਲਿਸ ਅਧਿਕਾਰੀ (ਐਸ. ਪੀ. ਓ.) ਦੇ ਰੂਪ 'ਚ ਭਰਤੀ ਨੂੰ ਗੈਰ-ਕਾਨੂੰਨੀ ਦੱਸਦੇ ਹੋਏ ਰੋਕ ਲਗਾ ਦਿੱਤੀ ਹੈ।

ਅਦਾਲਤ ਨੇ ਪ੍ਰੋਫੈਸਰ ਨੰਦਨੀ ਸੁੰਦਰ, ਇਤਿਹਾਸਕਾਰ ਰਾਮਚੰਦਰ ਗੁਹਾ ਅਤੇ ਸਾਬਕਾ ਆਈ. ਏ. ਐਸ. ਅਧਿਕਾਰੀ ਈ. ਏ. ਐਸ. ਸ਼ਰਮਾ ਦੀ ਲੋਕ ਹਿਤ ਪਟੀਸ਼ਨ 'ਤੇ ਇਹ ਫੈਸਲਾ ਦਿੱਤਾ। ਪਟੀਸ਼ਨ ਅਨੁਸਾਰ ਸਲਵਾ ਜੁਡੂਮ ਦੇ ਲੋਕ ਘੱਟੋ ਘੱਟ 537 ਹੱਤਿਆਵਾਂ, 99 ਜ਼ਬਰ-ਜਨਾਹ, ਅਗਜ਼ਨੀ ਦੀਆਂ 103 ਵਾਰਦਾਤਾਂ ਅਤੇ 644 ਪਿੰਡਾਂ ਨੂੰ ਅੱਗ ਲਗਾ ਕੇ ਉਜਾੜਣ ਲਈ ਜ਼ਿੰਮੇਵਾਰ ਹਨ। (ਭਾਵੇਂ ਕਿ 'ਮੇਨਸਟਰੀਮ' ਮੈਗਜ਼ੀਨ ਦੇ ਹੁਣੇ ਛਪੇ ਅੰਕ ਦੀ ਰਿਪੋਰਟ ਮੁਤਾਬਕ ਸਲਵਾ ਜੁਡੂਮ ਦੇ ਲੋਕਾਂ ਵੱਲੋਂ 2005 ਤੋਂ ਲੈ ਕੇ ਹੁਣ ਤੱਕ 700 ਪਿੰਡਾਂ 'ਚ ਲਗਭਗ 1500 ਤੋਂ ਵੱਧ ਬੇਗੁਨਾਹ ਲੋਕਾਂ ਦੀ ਹੱਤਿਆ ਕੀਤੀ ਜਾ ਚੁੱਕੀ ਹੈ, ਹਜ਼ਾਰਾਂ ਆਦਿਵਾਸੀ ਔਰਤਾਂ ਨਾਲ਼ ਜ਼ਬਰ-ਜਨਾਹ ਕੀਤਾ ਗਿਆ ਹੈ ਅਤੇ ਕਈ ਥਾਈਂ ਖੇਤਾਂ 'ਚ ਖੜ੍ਹੀ ਫਸਲਾਂ ਨੂੰ ਅੱਗ ਲਗਾ ਕੇ ਸੁਆਹ ਕਰਨ ਅਤੇ ਪਿੰਡਾਂ 'ਚ ਲੁੱਟਮਾਰ ਕਰਨ ਵਰਗੀਆਂ ਕਈ ਵਾਰਦਾਤਾਂ ਹੋਈਆਂ ਹਨ।)

ਆਪਣੇ ਫੈਸਲੇ 'ਚ ਜੱਜਾਂ ਨੇ ਸਰਕਾਰ ਦੀਆਂ ਨਵ-ਉਦਾਰਵਾਦੀ ਨੀਤੀਆਂ 'ਤੇ ਸਖ਼ਤ ਟਿੱਪਣੀ ਕਰਦੇ ਹੋਏ ਕਿਹਾ ਹੈ ਕਿ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਸਮਾਜਕ ਅਤੇ ਆਰਥਕ ਨੀਤੀਆਂ ਕਾਰਨ ਸਮਾਜ ਭਿਆਨਕ ਗੈਰ-ਬਰਾਬਰੀ 'ਚ ਗਲਤਾਨ ਹੈ। ਇਹ ਨੀਤੀਆਂ ਲੋਕਾਂ ਨਾਲ਼ ਜ਼ਬਰ-ਜਨਾਹ ਬਰਾਬਰ ਹਨ। ਉਹਨਾਂ ਕਿਹਾ, "ਇੱਕ ਪਾਸੇ ਰਾਜ ਨਿੱਜੀ ਖੇਤਰ ਨੂੰ ਸਬਸਿਡੀ ਦਿੰਦਾ ਹੈ, ਉਹਨਾਂ ਨੂੰ ਟੈਕਸਾਂ 'ਚ ਇੱਕ ਤੋਂ ਬਾਅਦ ਇੱਕ ਛੋਟ ਦਿੰਦਾ ਹੈ, ਜਦ ਕਿ ਨਾਲ਼ ਹੀ ਨਾਲ਼ ਉਹ ਸਮਾਜਕ ਕਲਿਆਣ ਉਦਮਾਂ ਜ਼ਰੀਏ ਗਰੀਬਾਂ ਨੂੰ ਸਹਾਰਾ ਦੇਣ ਦੀਆਂ ਆਪਣੀ ਜ਼ਿੰਮੇਵਾਰੀਆਂ ਪੂਰੀਆਂ ਨਾ ਕਰਨ ਲਈ ਸਾਧਨਾਂ ਦੀ ਕਮੀ ਦਾ ਰੋਣਾ ਰੋਂਦਾ ਹੈ। ਦੂਜੇ ਪਾਸੇ, ਰਾਜ ਗਰੀਬਾਂ 'ਚ ਫੈਲੇ ਵਿਆਪਕ ਗੁੱਸੇ ਅਤੇ ਅਸੰਤੋਖ ਦਾ ਮੁਕਾਬਲਾ ਕਰਨ ਲਈ ਉਹਨਾਂ 'ਚੋਂ ਕੁਝ ਨੌਜਵਾਨਾਂ ਦੇ ਹੱਥਾਂ 'ਚ ਹਥਿਆਰ ਫੜਾ ਰਿਹਾ ਹੈ।"

ਇਹ ਉਹੀ ਸਲਵਾ ਜੁਡੂਮ ਹੈ ਜਿਸ ਦੇ ਹੱਕ 'ਚ ਕੇਂਦਰੀ ਗ੍ਰਹਿ ਮੰਤਰੀ ਚਿਦੰਬਰਮ, ਛੱਤੀਸਗੜ੍ਹ ਦੇ ਮੁੱਖ ਮੰਤਰੀ ਰਮਨ ਸਿੰਘ ਤੋਂ ਲੈ ਕੇ ਛੱਤੀਸਗੜ੍ਹ ਦੇ ਡੀ. ਜੀ. ਪੀ. ਵਿਸ਼ਵਰੰਜਨ ਤੱਕ ਤਰਾਂ ਤਰਾਂ ਦੇ ਤਰਕ ਦਿੰਦੇ ਰਹੇ ਹਨ ਜਦ ਕਿ ਇੱਕ ਤੋਂ ਬਾਅਦ ਇੱਕ ਮਨੁੱਖੀ ਅਧਿਕਾਰ ਜੱਥੇਬੰਦੀਆਂ ਅਤੇ ਖੁਦ ਸਰਕਾਰ ਦੇ ਕਮਿਸ਼ਨਾਂ ਦੀਆਂ ਰਿਪੋਰਟਾਂ ਉਹਨਾਂ ਦਾ ਬਰਬਰ ਸੱਚ ਉਜਾਗਰ ਕਰਦੀਆਂ ਰਹੀਆਂ ਹਨ। ਕਿਸ ਤਰ੍ਹਾਂ ਆਦਿਵਾਸੀ ਵਸੋਂ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਹਥਿਆਰਬੰਦ ਕਰਕੇ ਮਾਓਵਾਦੀਆਂ ਖਿਲਾਫ਼ ਲੜਣ ਦੇ ਨਾਂ 'ਤੇ, ਵਸੋਂ ਦੇ ਵੱਡੇ ਹਿੱਸੇ ਵਿਰੁੱਧ ਖੜ੍ਹਾ ਕਰਕੇ ਖਾਨਾਜੰਗੀ ਵਰਗੇ ਹਾਲਾਤ ਖੜ੍ਹੇ ਕਰ ਦਿੱਤੇ ਹਨ। ਲੱਖਾਂ ਆਦਿਵਾਸੀਆਂ ਨੂੰ ਉਹਨਾਂ ਦੇ ਪਿੰਡਾਂ ਤੋਂ ਉਜਾੜ ਕੇ ਕੈਂਪਾਂ 'ਚ ਰਹਿਣ ਲਈ ਮਜਬੂਰ ਕਰ ਦਿੱਤਾ ਹੈ। ਇਹ ਵੀ ਸਾਫ ਹੋ ਚੁੱਕਿਆ ਹੈ ਕਿ ਇਸ ਬਰਬਰ ਮੁਹਿੰਮ ਪਿੱਛੇ ਅਸਲੀ ਮਕਸਦ ਆਦਿਵਾਸੀਆਂ ਦੇ ਉਹਨਾਂ ਸੈਂਕੜੇ ਪਿੰਡਾਂ ਨੂੰ ਖਾਲੀ ਕਰਾਉਣਾ ਸੀ ਜਿਨ੍ਹਾਂ ਦੀ ਜ਼ਮੀਨ 'ਚ ਖਰਬਾਂ ਡਾਲਰ ਦੇ ਖਣਿਜ ਪਦਾਰਥ ਦੱਬੇ ਪਏ ਹਨ। ਇਸੇ ਜ਼ੁਜ ਵਜੋਂ ਟਾਟਾ ਅਤੇ ਐਸਸਾਰ ਗਰੁੱਪ ਸਲਵਾ ਜੁਡੂਮ ਦੇ ਮੁੱਖ ਫਾਈਨੈਂਸਰ ਸਨ। ਭਾਰਤ ਸਰਕਾਰ ਵੱਲੋਂ ਖੁਦ ਇੱਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਮੁਹਿੰਮ ਅਮਰੀਕਾ 'ਚ ਕੋਲੰਬਸ ਵੱਲੋਂ ਮੂਲ ਵਾਸੀਆਂ ਨੂੰ ਉਜਾੜਣ ਤੋਂ ਬਾਅਦ ਜ਼ਮੀਨ ਹੜੱਪਣ ਦੀ ਸਭ ਤੋਂ ਵੱਡੀ ਮੁਹਿੰਮ ਹੈ।

ਚਿਦੰਬਰਮ, ਰਮਨ ਸਿੰਘ ਅਤੇ ਵਿਸ਼ਵਰੰਜਨ ਨੂੰ ਜੇਕਰ ਜ਼ਰਾ ਵੀ ਸ਼ਰਮ ਹੁੰਦੀ ਤਾਂ ਸੁਪਰੀਪ ਕੋਰਟ ਦੇ ਇਸ ਫੈਸਲੇ ਤੋਂ ਬਾਅਦ ਉਹਨਾਂ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਸੀ, ਪਰ ਉਹਨਾਂ ਤੋਂ ਇਹ ਉਮੀਦ ਕਰਨਾ ਵੀ ਬੇਅਰਥ ਹੈ।

ਸਵਾਲ ਸਿਰਫ਼ ਛੱਤੀਸਗੜ੍ਹ ਸਰਕਾਰ ਦੀਆਂ ਨੀਤੀਆਂ ਦਾ ਨਹੀਂ ਹੈ। ਪਿਛਲੇ ਵੀਹ ਸਾਲ ਤੋਂ ਜਾਰੀ ਨਵ-ਉਦਾਰਵਾਦੀ ਸਮਾਜਕ-ਆਰਥਕ ਅਤੇ ਸਿਆਸੀ ਨੀਤੀਆਂ ਤਹਿਤ ਵਿਕਾਸ ਦੇ ਨਾਂ 'ਤੇ ਦੇਸੀ-ਵਿਦੇਸ਼ੀ ਕੰਪਨੀਆਂ ਨੂੰ ਕੌਡੀਆਂ ਦੇ ਭਾਅ ਜ਼ਮੀਨਾਂ ਅਤੇ ਹੋਰ ਸਹੂਲਤਾਂ ਵੇਚੀਆਂ ਜਾ ਰਹੀਆਂ ਹਨ। ਬਚੇ-ਖੁਚੇ ਕਿਰਤ ਕਾਨੂੰਨਾਂ ਨੂੰ ਲਚਕੀਲੇ ਬਣਾ ਕੇ ਮਨਆਈਆਂ ਸ਼ਰਤਾਂ 'ਤੇ ਮਜ਼ਦੂਰਾਂ ਦੀ ਕਿਰਤ ਸ਼ਕਤੀ ਲੁੱਟਣ ਦੀ ਛੋਟ ਦਿੱਤੀ ਜਾ ਰਹੀ ਹੈ ਅਤੇ ਮੁਲਕ ਦੇ ਗਰੀਬਾਂ ਤੋਂ ਗੁਜ਼ਰ-ਬਸਰ ਦੇ ਸਾਧਨ ਖੋਹ ਕੇ ਸੜਕ 'ਤੇ ਸੁੱਟਿਆ ਜਾ ਰਿਹਾ ਹੈ। ਇਹ ਇੱਕ ਅਸਿੱਧੀ ਜੰਗ ਵਾਂਗ ਹੀ ਹੈ, ਜਿਹੜੀ ਲਗਾਤਾਰ ਜਾਰੀ ਹੈ।

ਇਨ੍ਹਾਂ ਨੀਤੀਆਂ ਨੂੰ ਲਾਗੂ ਕਰਦੇ ਹੋਏ ਸੱਤ੍ਹਾ ਵੱਧ ਤੋਂ ਵੱਧ ਨਿਰੰਕੁਸ਼ ਹੁੰਦੀ ਗਈ ਅਤੇ ਉਸਦਾ ਜ਼ਬਰ ਹੋਰ ਵੀ ਬਰਬਰ ਅਤੇ ਬੇਕਿਰਕ ਹੁੰਦਾ ਗਿਆ ਹੈ। ਸੱਤਾ ਦੀ ਖੁੱਲ੍ਹੀ ਹਿੰਸਾ ਤੋਂ ਇਲਾਵਾ ਗਰੀਬਾਂ ਨੂੰ ਰੋਜ਼ਾਨਾ ਦੇ ਜੀਵਨ 'ਚ ਜਿਸ ਢਾਂਚਾਗਤ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ ਉਹ ਵੀ ਜ਼ਿਆਦਾ ਵਿਵਸਥਤ ਅਤੇ ਹਮਲਾਵਰ ਹੁੰਦੀ ਗਈ ਹੈ।

ਖੈਰ, ਛੱਤੀਸਗੜ੍ਹ 'ਚ ਜਦ ਸਲਵਾ ਜੁਡੂਮ, ਐਸ. ਪੀ. ਓ. ਅਤੇ ਕੋਯਾ ਕਮਾਂਡੋ ਆਪਣੇ ਉਦੇਸ਼ 'ਚ ਸਫਲ ਹੁੰਦੇ ਨਾ ਦਿਸੇ

ਤਾਂ 2009 'ਚ ਅਪਰੇਸ਼ਨ ਗਰੀਨ ਹੰਟ ਦੇ ਨਾਂ 'ਤੇ ਅਰਧ ਫੌਜੀ ਤਾਕਤਾਂ ਦੀ ਇੱਕ ਸੰਘਣੀ ਮੁਹਿੰਮ ਛੱਤੀਸਗੜ੍ਹ, ਆਂਧਰਾ ਪ੍ਰਦੇਸ਼, ਝਾਰਖੰਡ ਤੋਂ ਲੈ ਕੇ ਉੜੀਸਾ ਤੱਕ ਸ਼ੁਰੂ ਕੀਤੀ ਗਈ। ਇਸ ਫੌਜੀ ਮੁਹਿੰਮ ਤਹਿਤ ਖੇਤਰ ਦੇ ਸਕੂਲਾਂ ਤੋਂ ਲੈ ਕੇ ਸਰਕਾਰੀ ਇਮਾਰਤਾਂ ਤੱਕ ਨੂੰ ਫੌਜੀ ਛਾਉਣੀਆਂ 'ਚ ਤਬਦੀਲ ਕਰ ਦਿੱਤਾ ਗਿਆ। ਸੀ. ਆਰ. ਪੀ. ਐਫ., ਕੋਬਰਾ ਬਟਾਲੀਅਨ ਅਤੇ ਬੀ. ਐਸ. ਐਫ. ਜਿਹੇ ਅਤਿ-ਆਧੁਨਿਕ ਹਥਿਆਰਾਂ ਅਤੇ ਟਰੇਨਿੰਗ ਨਾਲ਼ ਲੈਸ ਦੋ ਲੱਖ ਫੋਰਸ ਲਗਾਈ ਗਈ ਸੀ। ਬਸਤਰ ਦੇ ਸੰਘਣੇ ਜੰਗਲਾਂ ਦੇ ਅੰਦਰ ਮਾਓਵਾਦੀਆਂ ਦਾ ਮੁਕਬਲਾ ਕਰਨ 'ਚ ਇਹ ਤਾਕਤਾਂ ਅਸਫਲ ਰਹੀਆਂ ਪਰ ਇਸ ਇਲਾਕੇ ਦੇ ਆਦਿਵਾਸੀ ਪਿੰਡਾਂ 'ਤੇ ਉਹਨਾਂ ਨੇ ਜੋ ਕਹਿਰ ਢਾਹਿਆ ਹੈ ਉਸ ਦਾ ਸੱਚ ਅਨੇਕਾਂ ਜੱਥੇਬੰਦੀਆਂ ਦੀ ਜਾਂਚ ਟੀਮਾਂ ਅਤੇ ਕਈ ਮੈਗਜ਼ੀਨਾਂ ਦੀਆਂ ਰਿਪੋਰਟਾਂ 'ਚ ਸਾਹਮਣੇ ਆ ਚੁੱਕਿਆ ਹੈ।

ਸਰਕਾਰ ਇਸ ਗੱਲ ਤੋਂ ਲਗਾਤਾਰ ਮੁੱਕਰਦੀ ਰਹੀ ਹੈ ਪਰ ਹੁਣ ਸਾਰਾ ਸੱਚ ਸਾਹਮਣੇ ਆ ਚੁੱਕਾ ਹੈ ਅਤੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਹੈ ਕਿ ਇਸ ਫੌਜੀ ਕਾਰਵਾਈ ਦਾ ਅਸਲੀ ਮਕਸਦ ਦੇਸੀ ਅਤੇ ਵਿਦੇਸ਼ੀ ਕੰਪਨੀਆਂ ਦੇ ਨਾਲ਼ ਕੀਤੇ ਗਏ ਸਮਝੌਤਿਆਂ ਦੇ ਦਬਾਅ 'ਚ ਖਣਿਜਾਂ ਅਤੇ ਅਥਾਹ ਕੁਦਰਤੀ ਸੰਪਦਾ ਨਾਲ਼ ਭਰੀ ਜ਼ਮੀਨ ਨੂੰ ਖਾਲ਼ੀ ਕਰਾਉਣਾ ਹੈ। ਨਕਸਲਵਾਦ ਪ੍ਰਭਾਵਿਤ ਖੇਤਰਾਂ 'ਚ ਦੇਸੀ ਅਤੇ ਵਿਦੇਸ਼ੀ ਕੰਪਨੀਆਂ ਵੱਲੋਂ ਲਗਭਗ 6.6 ਲੱਖ ਕਰੋੜ ਰੁਪਏ ਦੇ ਨਿਵੇਸ਼ ਦੇ ਸਮਝੌਤੇ ਕੀਤੇ ਜਾ ਚੁੱਕੇ ਹਨ। ਸਿਰਫ਼ ਉੜੀਸਾ 'ਚ ਹੀ 2.7 ਅਰਬ ਡਾਲਰ ਦੀ ਕੀਮਤ ਦਾ ਬਾਕਸਾਈਟ ਦਾ ਭੰਡਾਰ ਮੌਜੂਦ ਹੈ। ਛੱਤੀਸਗੜ੍ਹ 'ਚ ਰਾਵਘਾਟ ਦੀਆਂ ਪਹਾੜੀਆਂ 'ਚ ਕੁੱਲ 7.4 ਅਰਬ ਟਨ ਸਭ ਤੋਂ ਉਤਮ ਕਿਸਮ ਦਾ ਲੋਹ ਖਣਿਜ ਮੌਜੂਦ ਹੈ। ਸਾਰੀਆਂ ਕੰਪਨੀਆਂ ਇਸ ਕੁਦਰਤੀ ਸੰਪਦਾ 'ਤੇ ਨਜ਼ਰ ਗੱਡੀ ਬੈਠੀਆਂ ਹਨ। ਇਸ ਨੂੰ ਧਿਆਨ 'ਚ ਰੱਖਦੇ ਹੋਏ ਸੌਖੇ ਹੀ ਸਮਝ ਆ ਜਾਂਦਾ ਹੈ ਕਿ ਮਨਮੋਹਨ ਸਿੰਘ ਅਚਾਨਕ ਕਿਉਂ ਆਖਣ ਲੱਗੇ ਕਿ ਨਕਸਲਵਾਦ ਦੇਸ਼ ਦੀ ਅੰਦਰੂਨੀ ਸੁਰਖਿਆ ਲਈ ਸਭ ਤੋਂ ਵੱਡਾ ਖ਼ਤਰਾ ਹੈ।

ਛੱਤੀਸਗੜ੍ਹ, ਉੜੀਸਾ, ਬੰਗਾਲ ਦੇ ਜੰਗਲ ਮੱਹਲ ਆਦਿ ਆਦਿਵਾਸੀ ਇਲਾਕਿਆਂ 'ਚ ਕੁਦਰਤੀ ਸੰਪਦਾ ਨੂੰ ਹੜੱਪਣ ਲਈ ਆਦਿਵਾਸੀਆਂ ਨੂੰ ਬੇਰਹਿਮੀ ਨਾਲ਼ ਬਿਨਾਂ ਕਿਸੇ ਸਮਾਜਕ ਸੁੱਰਖਿਆ ਅਤੇ ਮੁੜ-ਬਸੇਵੇ ਤੋਂ ਉਹਨਾਂ ਦੀ ਜ਼ਮੀਨ ਤੋਂ ਉਜਾੜਿਆ ਜਾ ਰਿਹਾ ਹੈ। ਬੇਦਖਲੀ ਦੀ ਇਸ ਪੂਰੀ ਪ੍ਰਕਿਰਿਆ ਦੇ ਵਿਰੋਧ 'ਚ ਹੋਣ ਵਾਲੇ ਹਰੇਕ ਲੋਕ ਸੰਘਰਸ਼ ਨੂੰ ਸਰਕਾਰ ਵੱਲੋਂ ਜ਼ਬਰੀ ਕੁਚਲਿਆ ਜਾਂਦਾ ਰਿਹਾ ਹੈ। ਇਸ ਦੇ ਵਿਰੁੱਧ ਆਦਿਵਾਸੀ ਲੋਕ ਆਪਣੇ ਜੀਉਣ ਅਤੇ ਮਰਨ ਦੀ ਲੜਾਈ ਲੜ ਰਹੇ ਹਨ ਅਤੇ ਸਰਕਾਰੀ ਨੀਤੀਆਂ ਦੇ ਸ਼ਿਕਾਰ ਇਨ੍ਹਾਂ ਆਦਿਵਾਸੀਆਂ ਦੇ ਘੋਲ਼ 'ਚ ਮਾਓਵਾਦੀ ਉਹਨਾਂ ਦਾ ਸਾਥ ਦੇ ਰਹੇ ਹਨ। ਭਾਰਤੀ ਇਨਕਲਾਬ ਦੀ ਆਮ ਸਿਆਸੀ ਦਿਸ਼ਾ ਅਤੇ ਯੁੱਧਨੀਤੀ ਨੂੰ ਲੈ ਕੇ ਮਾਓਵਾਦੀ ਸਿਆਸੀ ਧਾਰਾ ਨਾਲ਼ ਕਿਸੇ ਦਾ ਮਤਭੇਦ ਹੋ ਸਕਦਾ ਹੈ, ਉਹਨਾਂ ਦੇ ਕਈ ਐਕਸ਼ਨਾਂ ਨੂੰ ਅਸੀਂ ਦਹਿਸ਼ਤਗਰਦੀ ਅਤੇ ਅਰਾਜਕਤਾਵਾਦੀ ਕਾਰਵਾਈਆਂ ਦੀ ਸ਼੍ਰੇਣੀ 'ਚ ਰੱਖ ਸਕਦੇ ਹਾਂ, ਪਰ ਇਹ ਇੱਕ ਅਲੱਗ ਬਹਿਸ ਦਾ ਮੁੱਦਾ ਹੈ। ਪਰ ਇਸ ਖੇਤਰ ਦੀ ਜ਼ਮੀਨੀ ਹਕੀਕਤ ਇਹ ਹੈ ਕਿ ਸਰਕਾਰ ਉਥੇ ਜੋ ਜੰਗ ਚਲਾ ਰਹੀ ਹੈ ਉਹ ਮਾਓਵਾਦੀ ਸਿਆਸੀ ਧਾਰਾ ਵਿਰੁੱਧ ਹੀ ਨਹੀਂ ਸਗੋਂ ਆਮ ਆਦਿਵਾਸੀ ਵਸੋਂ ਦੇ ਵਿਰੁੱਧ ਵੀ ਚਲਾ ਰਹੀ ਹੈ।

ਲੋਕਾਂ ਵਿਰੁੱਧ ਇਸ ਜੰਗ ਦਾ ਦਾਇਰਾ ਫੈਲ ਕੇ ਜਦੋਂ ਅੱਗੇ ਵਧਿਆ ਹੈ ਤਾਂ ਜੋ ਵੀ ਕੋਈ ਆਦਿਵਾਸੀ ਵਸੋਂ ਨੂੰ ਉਜਾੜੇ ਜਾਣ ਦਾ ਵਿਰੋਧ ਕਰਦਾ ਹੈ ਉਸ 'ਤੇ "ਮਾਓਵਾਦੀ" ਹੋਣ ਦਾ ਠੱਪਾ ਲਾ ਦਿੱਤਾ ਜਾਂਦਾ ਹੈ। ਛੱਤੀਸਗੜ੍ਹ ਸਰਕਾਰ ਨੇ 2005 'ਚ ਛੱਤੀਸਗੜ੍ਹ ਵਿਸ਼ੇਸ਼ ਜਨ ਸੁੱਰਖਿਆ ਕਾਨੂੰਨ 2005 ਪਾਸ ਕੀਤਾ ਜਿਸ ਤਹਿਤ ਕਿਸੇ ਵੀ ਵਿਅਕਤੀ ਨੂੰ ਮਾਓਵਾਦੀਆਂ ਨਾਲ਼ ਹਮਦਰਦੀ ਰੱਖਣ ਦੇ ਜ਼ੁਰਮ 'ਚ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਇਸੇ ਤਹਿਤ 2007 'ਚ ਡਾ. ਬਿਨਾਇਕ ਸੇਨ ਦੇ ਨਾਲ਼ ਪਿਊਸ਼ ਗੁਹਾ ਅਤੇ ਹੋਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਦਸੰਬਰ 2010 'ਚ ਉਨ੍ਹਾਂ ਨੂੰ ਜ਼ਿਲ੍ਹਾ ਅਦਾਲਤ ਨੇ ਦੇਸ਼ ਧਰੋਹ ਦੇ ਦੋਸ਼ 'ਚ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਅਪ੍ਰੈਲ 2011 'ਚ ਸੁਪਰੀਮ ਕੋਰਟ ਨੇ ਡਾ. ਸੇਨ ਨੂੰ ਜ਼ਮਾਨਤ ਦਿੰਦੇ ਹੋਏ ਜੋ ਟਿੱਪਣੀਆਂ ਕੀਤੀਆਂ ਉਸ ਨਾਲ਼ ਜਿਸ ਤਰ੍ਹਾਂ ਪੂੰਜੀਵਾਦੀ ਲੋਕਤੰਤਰ ਦਾ ਸੱਚ ਪੂਰੀ ਦੁਨੀਆਂ ਦੇ ਸਾਹਮਣੇ ਆਇਆ ਅਤੇ ਉਸ ਦਾ ਜੋ ਮੂੰਹ ਕਾਲ਼ਾ ਹੋਇਆ ਉਹ ਕਿਸੇ ਤੋਂ ਅੱਜ ਲੁਕਿਆ ਨਹੀਂ ਰਿਹਾ।

ਡਾ. ਸੇਨ ਨੂੰ ਤਾਂ ਜ਼ਮਾਨਤ ਮਿਲ ਗਈ ਪਰ ਦੇਸ਼ ਭਰ 'ਚ ਲੋਕ ਲਹਿਰਾਂ ਨੂੰ ਕੁਚਲਣ ਤੋਂ ਲੈ ਕੇ ਲੋਕਾਂ ਦੀ ਅਗਵਾਈ ਕਰ ਰਹੇ ਕਾਰਕੁਨਾਂ ਅਤੇ ਜਮਹੂਰੀ ਜੱਥੇਬੰਦੀਆਂ ਨੂੰ ਮਾਓਵਾਦ ਦੇ ਨਾਂ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅੱਜ ਵੀ ਹਜ਼ਾਰਾਂ ਬੇਕਸੂਰ ਗਰੀਬ ਆਦਿਵਾਸੀ, ਕਿਸਾਨ, ਮਜ਼ਦੂਰ ਅਤੇ ਸਮਾਜਕ ਕਾਰਕੁਨ ਅਨੇਕਾਂ ਝੂਠੇ ਦੋਸ਼ਾਂ 'ਚ, ਬਿਨਾਂ ਕਿਸੇ ਸੁਣਵਾਈ ਤੋਂ ਸਾਲਾਂ ਤੋਂ ਜੇਲ੍ਹਾਂ 'ਚ ਬੰਦ ਹਨ।

ਪਹਿਲਾਂ ਅਪਰੇਸ਼ਨ ਗਰੀਨ ਹੰਟ ਦੀ ਅਸਫਲਤਾ ਅਤੇ ਹੁਣ ਸਲਵਾ ਜੁਡੂਮ 'ਤੇ ਸੁਪਰੀਮ ਕੋਰਟ ਵੱਲੋਂ ਰੋਕ ਲਗਾਏ ਜਾਣ ਨਾਲ਼ ਪੂੰਜੀਪਤੀਆਂ ਅਤੇ ਸਰਕਾਰ ਨੂੰ ਜ਼ਿਆਦਾ ਚਿੰਤਾ ਨਹੀਂ ਹੈ ਕਿਉਂਕਿ ਜਿਹੜੇ ਸੈਂਕੜੇ ਸਮਝੌਤਿਆਂ 'ਤੇ ਦਸਤਖ਼ਤ ਹੋ ਚੁੱਕੇ ਹਨ ਉਹਨਾਂ ਤਹਿਤ ਜ਼ਮੀਨ 'ਤੇ ਕਬਜ਼ਾ ਕਰਨ ਅਤੇ ਲੋਕਾਂ ਨੂੰ ਉਜਾੜਣ ਲਈ ਸਰਕਾਰੀ ਕਾਰਵਾਈ ਸ਼ੁਰੂ ਹੋ ਚੁੱਕੀ ਹੈ।

ਛੱਤੀਸਗੜ੍ਹ 'ਚ ਕਾਊਂਟਰ-ਇੰਸਰਜੇਂਸੀ (ਜੰਗਲ ਵਾਰਫੇਅਰ) ਟਰੇਨਿੰਗ ਲਈ ਜ਼ਮੀਨ ਅਕਵਾਇਰ ਕਰਨ ਤੋਂ ਪਹਿਲਾਂ ਫੌਜ ਨੇ ਜ਼ਮੀਨ ਨਿਰੀਖਣ ਸ਼ੁਰੂ ਕਰ ਦਿੱਤਾ ਹੈ। ਰਾਵਘਾਟ ਇਲਾਕੇ 'ਚ ਲੋਹੇ ਦੀਆਂ ਖਾਣਾਂ ਉਸ ਇਲਾਕੇ ਤੋਂ ਸਿਰਫ਼ 25 ਕਿਲੋਮੀਟਰ ਦੂਰ ਹਨ, ਜਿੱਥੇ ਛੱਤੀਸਗੜ੍ਹ ਸਰਕਾਰ ਨੇ ਫੌਜ ਨੂੰ 750 ਵਰਗ ਕਿਲੋਮੀਟਰ ਜ਼ਮੀਨ ਅਕਵਾਇਰ ਕਰਨ ਦੀ ਆਗਿਆ ਦਿੱਤੀ ਹੈ। ਸਰਕਾਰ ਦੇ ਇਸ ਭੋਲੇ ਤਰਕ 'ਤੇ ਕੌਣ ਯਕੀਨ ਕਰੂਗਾ ਕਿ ਇਹ ਜ਼ਮੀਨ ਸਿਰਫ਼ ਟਰੇਨਿੰਗ ਲਈ ਲਈ ਗਈ ਹੈ। ਫੌਜ ਕੋਲ਼ ਜੰਗੀ ਅਭਿਆਸ ਲਈ ਕਈ-ਕਈ ਵੱਡੇ ਬੀਹੜ ਜੰਗਲੀ, ਮਾਰੂਥਲੀ ਤੇ ਪਠਾਰੀ ਇਲਾਕੇ ਪਹਿਲਾਂ ਹੀ ਮੌਜੂਦ ਹਨ ਫਿਰ ਵੀ ਉਸ ਨੂੰ ਕੈਂਪ

ਬਣਾਉਣ ਲਈ ਰਾਏਗੜ੍ਹ ਦਾ ਆਦਿਵਾਸੀ ਖੇਤਰ ਹੀ ਕਿਉਂ ਮਿਲਿਆ, ਜਿੱਥੇ ਕਿ ਅਮੁੱਕ ਖਣਿਜ ਸੰਪਦਾ ਦਾ ਭੰਡਾਰ ਹੈ। ਸਰਕਾਰ ਨੇ 'ਕਾਊਂਟਰ-ਇੰਸਰਜੇਂਸੀ ਟਰੇਨਿੰਗ' ਲਈ ਫ਼ੌਜ ਨੂੰ ਆਖਰ ਉਸੇ ਇਲਾਕੇ 'ਚ ਵਿਸ਼ਾਲ ਜਗ੍ਹਾ ਕਿਉਂ ਦਿੱਤੀ ਜਿੱਥੇ ਉਹ ਸਾਲਾਂ ਤੋਂ ਮਾਓਵਾਦ ਦੇ ਨਾਂ 'ਤੇ ਸਮੁੱਚੇ ਆਦਿਵਾਸੀ ਲੋਕਾਂ ਵਿਰੁੱਧ ਵਿਨਾਸ਼ਕਾਰੀ ਯੁੱਧ ਅਤੇ ਉਜਾੜੇ ਦੀ ਬਰਬਰ ਮੁਹਿੰਮ ਚਲਾਉਂਦੀ ਰਹੀ ਹੈ ?

ਰਾਵਘਾਟ ਪ੍ਰੋਜੈਕਟ ਦੇ ਸਮਰਥਨ 'ਚ ਸਰਕਾਰ ਪ੍ਰਚਾਰ ਕਰ ਰਹੀ ਹੈ ਕਿ ਜੇਕਰ ਇੱਥੇ ਖੁਦਾਈ ਸ਼ੁਰੂ ਨਾ ਕੀਤੀ ਗਈ ਤਾਂ ਭਿਲਾਈ ਸਟੀਲ ਪਲਾਂਟ 'ਚ ਕੱਚੇ ਲੋਹੇ ਦੀ ਮੰਗ ਪੂਰੀ ਨਹੀਂ ਹੋ ਸਕੇਗੀ ਅਤੇ ਇਸ ਨੂੰ ਬੰਦ ਕਰਨਾ ਪੈ ਸਕਦਾ ਹੈ, ਜਿਸ ਨਾਲ਼ ਹਜ਼ਾਰਾਂ ਮਜ਼ਦੂਰਾਂ ਦਾ ਭਵਿੱਖ ਖ਼ਤਰੇ 'ਚ ਪੈ ਜਾਵੇਗਾ। ਪਰ ਸਵਾਲ ਇਹ ਹੈ ਕਿ ਜੇਕਰ ਮੌਜੂਦਾ ਖਾਣਾਂ ਤੋਂ ਕੱਚੇ ਮਾਲ ਦੀ ਮੰਗ ਪੂਰੀ ਨਹੀਂ ਹੋ ਪਾ ਰਹੀ ਹੈ, ਤਾਂ ਸਰਕਾਰ ਬੈਲਾਡਿਲਾ ਖਾਣਾਂ ਦੇ ਕੱਚੇ ਮਾਲ ਨੂੰ ਜਪਾਨੀ, ਚੀਨੀ ਅਤੇ ਕੋਰੀਆਈ ਕੰਪਨੀਆਂ ਨੂੰ ਬਰਾਮਦ ਕਿਉਂ ਕਰ ਰਹੀ ਹੈ ? ਸੱਚ ਤਾਂ ਇਹ ਹੈ ਕਿ ਸਰਕਾਰ ਟਾਟਾ, ਐਸਸਾਰ, ਜਿੰਦਲ ਅਤੇ ਨੀਕੋ ਜਿਹੀਆਂ ਵੱਡੀਆਂ ਵੱਡੀਆਂ ਕੰਪਨੀਆਂ ਦੇ ਇਸ਼ਾਰੇ 'ਤੇ ਸਿਰਫ਼ ਰਾਵਘਾਟ ਦੀਆਂ ਖਾਣਾਂ ਹੀ ਨਹੀਂ ਸਗੋਂ ਸੇਲ ਅਤੇ ਭਿਲਾਈ ਸਟੀਲ ਪਲਾਂਟ ਵੀ ਨਿੱਜੀ ਕੰਪਨੀਆਂ ਨੂੰ ਵੇਚਣ ਦੀ ਯੋਜਨਾ ਬਣਾ ਰਹੀ ਹੈ। ਸਰਕਾਰ ਸਮਝਦੀ ਹੈ ਕਿ ਇਹ ਸਭ ਕਰਨ ਨਾਲ਼ ਜ਼ਬਰਦਸਤ ਲੋਕ ਵਿਰੋਧ ਹੋਵੇਗਾ, ਇਸ ਲਈ ਉਹ ਇੱਕ ਬਰਬਰ ਸੱਟ ਮਾਰ ਕੇ ਇਸਨੂੰ ਇੱਕ ਵਾਰ 'ਚ ਹੀ ਹੱਲ ਕਰਨਾ ਚਾਹੁੰਦੀ ਹੈ। ਜਿਸ ਤਰ੍ਹਾਂ ਸਰਮਾਏਦਾਰ ਇਸ ਪੂਰੇ ਇਲਾਕੇ ਦੀ ਕੁਦਰਤੀ ਸੰਪਦਾ 'ਤੇ ਗਿਰਝਾਂ ਵਾਂਗ ਨਜ਼ਰ ਗੱਡੀ ਬੈਠੇ ਹਨ ਅਤੇ ਲੋਕਾਂ ਨੂੰ ਉਜਾੜਨ ਲਈ ਪੂਰੇ ਯੋਜਨਾਬੱਧ ਤਰੀਕੇ ਨਾਲ਼ ਲੱਗੇ ਹੋਏ ਹਨ, ਉਸ ਨੂੰ ਦੇਖਦੇ ਹੋਏ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਜੇਕਰ ਇਸ ਪੂਰੇ ਇਲਾਕੇ 'ਚ ਵੀ ਪੂਰਬੀ ਰਾਜਾਂ ਅਤੇ ਜੰਮੂ-ਕਸ਼ਮੀਰ ਵਾਂਗ ਏ.ਐਫ਼.ਐਸ.ਪੀ.ਏ. ਤਹਿਤ ਫੌਜੀ ਸ਼ਾਸਨ ਜਿਹੇ ਹਾਲਾਤ ਪੈਦਾ ਕਰ ਦਿੱਤੇ ਜਾਣ।

ਨਵਉਦਾਰਵਾਦ ਦੇ ਦੌਰ 'ਚ ਲੋਕਾਂ ਖਿਲਾਫ਼ ਸਰਕਾਰ ਦਾ ਆਰਥਕ-ਸਮਾਜਕ ਯੁੱਧ ਹੋਰ ਸੰਘਣਾ ਹੋਵੇਗਾ। ਇਹ ਸਮੇਂ ਦੀ ਗੱਲ ਹੈ ਕਿ ਦੇਸ਼ ਦੇ ਵੱਖ ਵੱਖ ਇਲਾਕਿਆਂ 'ਚ ਲੋਕਾਂ ਖਿਲਾਫ਼ ਸਰਕਾਰ ਦੀ ਖੁੱਲ੍ਹੀ ਦਹਿਸ਼ਤੀ ਕਾਰਵਾਈ ਯੁੱਧ ਦੇ ਰੂਪ 'ਚ ਫੁੱਟ ਪਏ। ਸਰਕਾਰ ਨੇ ਤਾਂ ਆਉਣ ਵਾਲ਼ੇ ਦਿਨਾਂ ਦੀ ਯੋਜਨਾ ਬਣਾ ਲਈ ਹੈ। ਜਿਹੜੇ ਲੋਕ ਲੋਕਾਂ ਦੇ ਜਮਹੂਰੀ ਹੱਕਾਂ ਬਾਰੇ ਸੋਚਦੇ ਹਨ, ਹੁਣ ਉਹਨਾਂ ਦੇ ਸੋਚਣ ਦੀ ਵਾਰੀ ਹੈ। ਸਰਕਾਰ ਦੇ ਇਸ ਲੋਕ ਵਿਰੋਧੀ ਯੁੱਧ ਦਾ ਜਵਾਬ ਵਿਆਪਕ ਲੋਕਾਈ ਨੂੰ ਉਸ ਦੇ ਬੁਨਿਆਦੀ ਹੱਕਾਂ 'ਤੇ ਜੱਥੇਬੰਦ ਕਰਕੇ ਹੀ ਦਿੱਤਾ ਜਾ ਸਕਦਾ ਹੈ ਅਤੇ ਸਾਨੂੰ ਜਲਦੀ ਤੋਂ ਜਲਦੀ ਇਸ ਕੰਮ 'ਚ ਰੁੱਝ ਜਾਣਾ ਚਾਹੀਦਾ ਹੈ।

•••

**(ਸਫ਼ਾ 10 ਦਾ ਬਾਕੀ)**

ਗਰੀਬ ਦਰਮਿਆਨ ਤਿੱਖੇ ਧਰੁਵੀਕਰਨ ਨੂੰ ਜਨਮ ਦਿੱਤਾ। ਬੇਰੁਜ਼ਗਾਰੀ ਨੇ ਭਿਆਨਕ ਰੂਪ ਧਾਰਨ ਕੀਤਾ। ਲਗਭਗ ਸਾਰੀ ਦੁਨੀਆਂ ਵਿੱਚ ਹੀ ਵਿਸਫੋਟਕ ਸਮਾਜਕ ਹਾਲਾਤਾਂ ਨੂੰ ਜਨਮ ਦਿੱਤਾ। ਇਨ੍ਹਾਂ ਵਿਸਫੋਟਾਂ ਦਾ ਥਾਂ ਥਾਂ ਪ੍ਰਗਟਾਵਾਂ ਵੀ ਹੋਣ ਲੱਗਾ। ਕੁਝ ਸਾਲ ਪਹਿਲਾਂ ਫ਼ਰਾਂਸ ਦੇ ਨੌਜਵਾਨਾਂ ਦਾ ਵਿਦਰੋਹ, ਫਿਰ ਗਰੀਸ ਦੇ ਕਿਰਤੀ ਲੋਕਾਂ-ਨੌਜਵਾਨਾਂ ਦਾ ਵਿਦਰੋਹ ਜੋ ਕਿ ਵੱਖ ਵੱਖ ਰੂਪਾਂ 'ਚ ਅਜੇ ਵੀ ਜਾਰੀ ਹੈ ਫਿਰ ਅਰਬ ਦੇਸ਼ਾਂ ਦਾ ਵਿਦੋਰਹ ਅਤੇ ਇੰਗਲੈਂਡ ਦੇ ਨੌਜਵਾਨਾਂ ਦਾ ਵਿਦਰੋਹ। ਇਹ ਸਭ ਇੱਕ ਚੇਨ ਦੀਆਂ ਵੱਖ ਵੱਖ ਕੜੀਆਂ ਹਨ। ਇਨ੍ਹਾਂ ਦੀ ਤਹਿ ਵਿੱਚ ਲੁਕੇ ਕਾਰਨ ਘੱਟ ਜਾਂ ਵੱਧ ਇੱਕ ਹੀ ਹਨ।

ਸਾਮਰਾਜਵਾਦੀ ਅਤੇ ਪੂੰਜੀਵਾਦੀ ਦੇਸ਼ਾਂ ਵਿੱਚ ਪਿਛਲੇ ਕਈ ਸਾਲਾਂ ਤੋਂ ਚਲਾਈਆਂ ਜਾ ਰਹੀਆਂ ਇਨ੍ਹਾਂ ਉਦਾਰਵਾਦੀ ਤੇ ਨਵ-ਉਦਾਰਵਾਦੀ ਨੀਤੀਆਂ ਨੇ ਸਮਾਜਾਂ ਨੂੰ ਦੋ ਹਿੱਸਿਆਂ ਵਿੱਚ ਪਾੜ ਕੇ ਰੱਖ ਦਿੱਤਾ ਹੈ। ਹਰ ਦੇਸ਼ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ, ਗਰੀਬੀ ਤੇ ਕੰਗਾਲੀ ਦੇ ਕਾਲ਼ੇ ਸਮੁੰਦਰ ਅਤੇ ਉਹਨਾਂ 'ਤੇ ਤੈਰਦੇ ਅੱਯਾਸ਼ੀ ਦੇ ਸੁਨਹਿਰੀ ਟਾਪੂ। ਸਮਾਜਿਕ ਗੈਰ-ਬਰਾਬਰੀ ਅਤੇ ਜ਼ਿਲਤ ਭਰੀ ਜ਼ਿੰਦਗੀ ਨੇ ਲੋਕਾਂ ਵਿੱਚ ਅਸੰਤੋਖ ਅਤੇ ਗੁੱਸਾ ਕੁੱਟ-ਕੁੱਟ ਕੇ ਭਰ ਦਿੱਤਾ ਹੈ। ਜਿਹੜਾ ਫਿਰ ਕਿਸੇ ਨਾ ਕਿਸੇ ਘਟਨਾ ਬਹਾਨੇ ਆਪਮੁਹਾਰੇ ਢੰਗ ਨਾਲ਼ ਫੁੱਟਦਾ ਰਹਿੰਦਾ ਹੈ। ਪਿੱਛੇ ਜਿਹੇ ਕਈ ਦੇਸ਼ਾਂ ਵਿੱਚ ਹੋਏ ਵਿਦਰੋਹਾਂ ਦੇ ਨੈਣ-ਨਕਸ਼ ਵੀ ਬਿਲਕੁਲ ਇਸ ਵਿਦਰੋਹ ਨਾਲ਼ ਮਿਲ਼ਦੇ ਜੁਲਦੇ ਹਨ। ਟਿਊਨਿਸ਼ੀਆ ਦੇ ਇੱਕ ਨੌਜਵਾਨ ਦੀ ਆਤਮ ਹੱਤਿਆ ਤੋਂ ਭੜਕੇ ਲੋਕਾਂ ਨੇ ਸੱਤ੍ਹਾ ਦੇ ਤਖਤੇ ਤੱਕ ਪਲਟ ਦਿੱਤੇ। ਬੇਸ਼ੱਕ ਇਸ ਤਰ੍ਹਾਂ ਦੀਆਂ ਬਗਾਵਤਾਂ ਦੀਆਂ ਆਪਣੀਆਂ ਕੁਝ ਸੀਮਤਾਈਆਂ ਹੁੰਦੀਆਂ ਹਨ, ਜਿਹਨਾਂ ਨੂੰ ਦੂਰ ਕਰਨ ਲਈ ਲੋਕਾਂ ਦੀਆਂ ਤਾਕਤਾਂ ਨੂੰ ਜੱਥੇਬੰਦ ਕਰਕੇ ਸਹੀ ਨਿਸ਼ਾਨੇ ਵੱਲ ਸੇਧਣਾ ਜ਼ਰੂਰੀ ਹੁੰਦਾ ਹੈ। ਇੰਗਲੈਂਡ ਵਿੱਚ ਲੋਕ-ਪੱਖੀ ਤਾਕਤਾਂ ਨੂੰ ਇਹ ਜਿੰਮੇਵਾਰੀ ਜਲਦੀ ਹੀ ਸੰਭਾਲਣੀ ਪਵੇਗੀ। ਆਪਣੇ ਸੰਭਾਵੀ ਅੰਤ ਦੇ ਬਾਵਜੂਦ ਵੀ ਅਜਿਹੀਆਂ ਬਗਾਵਤਾਂ ਦਾ ਆਪਣਾ ਇੱਕ ਖਾਸ ਮਹੱਤਵ ਹੁੰਦਾ ਹੈ, ਸਪਾਰਟਕਸ ਦੀ ਮਸ਼ਹੂਰ ਗੁਲਾਮ ਬਗਾਵਤ ਵੀ ਇੱਕ ਘਟਨਾ ਤੋਂ ਪ੍ਰੇਰਿਤ ਹੋ ਕੇ ਹੀ ਸ਼ੁਰੂ ਹੋਈ ਸੀ। ਇਤਿਹਾਸ ਦੀ ਚਾਲਕ ਸ਼ਕਤੀ—ਵਿਦਰੋਹ—ਦੇ ਇਸ ਵਿਸ਼ੇਸ਼ ਚਰਿੱਤਰ ਬਾਰੇ ਕਿਸੇ ਕਵੀ ਨੇ ਠੀਕ ਹੀ ਕਿਹਾ ਹੈ:

"ਜੋ ਸਹਿ ਲਿਆ ਹੈ ਸਦੀਆਂ, ਇੱਕ ਦਿਵਸ ਨਾ ਸਹੇਗਾ।
ਸਦੀਆਂ ਦੀ ਅਣਕਹੀ ਨੂੰ, ਇੱਕ ਹਾਦਸਾ ਕਹੇਗਾ।"

•••

# ਜੰਗ ਆਖ਼ਰ ਲੋਕ ਹੀ ਜਿੱਤਣਗੇ

• ਲਖਵਿੰਦਰ

ਅਫ਼ਗਾਨਿਸਤਾਨ 'ਤੇ ਅਮਰੀਕੀ ਕਬਜ਼ੇ ਨੂੰ ਦਸ ਵਰ੍ਹੇ ਹੋ ਚੁੱਕੇ ਹਨ। ਦਹਿਸ਼ਤਗਰਦੀ ਦਾ ਬਹਾਨਾ ਬਣਾ ਕੇ 2001 ਵਿੱਚ ਅਮਰੀਕੀ ਸਾਮਰਾਜਵਾਦੀ ਹਾਕਮਾਂ ਨੇ ਅਫ਼ਗਾਨਿਸਤਾਨ 'ਤੇ ਹਮਲਾ ਕਰਕੇ ਇਸ ਦੇਸ਼ 'ਤੇ ਕਬਜ਼ਾ ਜਮਾ ਲਿਆ ਸੀ। ਕਹਿਣ ਨੂੰ ਤਾਂ ਅਫ਼ਗਾਨਿਸਤਾਨ ਵਿੱਚ ਆਪਣੀ ਸਰਕਾਰ ਹੈ ਪਰ ਉਹ ਅਮਰੀਕੀ ਹਾਕਮਾਂ ਦੀ ਕਠਪੁਤਲੀ ਤੋਂ ਸਿਵਾ ਕੁੱਝ ਨਹੀਂ। ਇਸ ਛੋਟੇ ਜਿਹੇ ਦੇਸ਼ ਵਿੱਚ ਇਸ ਸਮੇਂ ਲਗਭਗ ਡੇਢ ਲੱਖ ਵਿਦੇਸ਼ੀ ਸਿਪਾਹੀ ਹਨ ਜਿਨ੍ਹਾਂ 'ਚ ਅਮਰੀਕਾ ਦੇ ਇੱਕ ਲੱਖ ਅਤੇ ਸਾਮਰਾਜਵਾਦੀ ਦੇਸ਼ਾਂ ਦੇ ਗੁਟ — ਨਾਟੋ — ਦੇ ਪੰਜਾਹ ਹਜ਼ਾਰ ਸਿਪਾਹੀ ਸ਼ਾਮਲ ਹਨ। ਅਮਰੀਕੀ ਹਾਕਮ ਇਹ ਝੂਠ ਅਣਗਿਣਤ ਵਾਰ ਬੋਲ ਚੁੱਕੇ ਹਨ ਕਿ ਇਹ ਜੰਗ ਦਹਿਸ਼ਤਗਰਦੀ ਨੂੰ ਖ਼ਤਮ ਕਰਕੇ ਦੁਨੀਆ ਵਿੱਚ ਸ਼ਾਂਤੀ ਸਥਾਪਤ ਕਰਨ ਲਈ ਲੜੀ ਜਾ ਰਹੀ ਹੈ। ਅਫ਼ਗਾਨਿਸਤਾਨ 'ਤੇ ਅਮਰੀਕੀ ਕਬਜ਼ੇ ਦੇ 10 ਵਰ੍ਹੇ ਅਮਰੀਕੀ ਹਾਕਮਾਂ ਦੇ ਇਹਨਾਂ ਦਾਅਵਿਆਂ ਨੂੰ ਲੀਰੋ-ਲੀਰ ਕਰ ਚੁੱਕੇ ਹਨ। ਦੁਨੀਆ ਦਾ ਸਭ ਤੋਂ ਵੱਡਾ ਦਹਿਸ਼ਤਗਰਦ ਅਮਰੀਕੀ ਸਾਮਰਾਜਵਾਦ ਹਮੇਸ਼ਾ ਤੋਂ ਮੱਧ-ਪੂਰਬ ਅਤੇ ਏਸ਼ੀਆ ਮਹਾਂਦੀਪ ਵਿੱਚ ਦਬਦਬਾ ਕਾਇਮ ਕਰਨ ਦੀਆਂ ਜੀ ਤੋੜ ਕੋਸ਼ਿਸ਼ਾਂ ਕਰਦਾ ਰਿਹਾ ਹੈ। ਇਸ ਮਾਮਲੇ ਵਿੱਚ 'ਵਰਲਡ ਟ੍ਰੇਡ ਸੈਂਟਰ' ਅਤੇ 'ਪੈਂਟਾਗਨ' ਇਮਾਰਤਾਂ 'ਤੇ 9 ਸਿਤੰਬਰ 2001 ਨੂੰ ਹੋਏ ਹਮਲੇ ਅਮਰੀਕੀ ਹਾਕਮਾਂ ਲਈ ਵਰਦਾਨ ਸਾਬਤ ਹੋਏ। 7 ਅਕਤੂਬਰ 2001 ਨੂੰ ਅਮਰੀਕਾ ਅਤੇ ਬ੍ਰਿਟੇਨ ਦੀਆਂ ਫੌਜਾਂ ਨੇ ਅਫ਼ਗਾਨਿਸਤਾਨ 'ਤੇ ਜ਼ਬਰਦਸਤ ਬੰਬਾਰੀ ਨਾਲ਼ ਹਮਲਾ ਬੋਲ ਦਿੱਤਾ। ਜਲਦੀ ਹੀ ਇਸ ਵਿੱਚ ਦੂਸਰੇ ਸਾਮਰਾਜਵਾਦੀ ਦੇਸ਼ ਵੀ ਸ਼ਾਮਲ ਹੋ ਗਏ। ਹੁਣ ਇਸ ਗੱਲ ਦੇ ਬਹੁਤ ਸਾਰੇ ਪੱਕੇ ਸਬੂਤ ਸਾਹਮਣੇ ਆ ਚੁੱਕੇ ਹਨ ਕਿ ਇਸ ਹਮਲੇ ਦੀ ਯੋਜਨਾ 9 ਸਿਤੰਬਰ ਦੇ ਹਮਲੇ ਤੋਂ ਮਹੀਨਿਆਂ ਪਹਿਲਾਂ ਹੀ ਬਣਾ ਲਈ ਗਈ ਸੀ।

ਅਮਰੀਕਾ ਨੂੰ ਇਹ ਖੁਸ਼ਫਹਿਮੀ ਸੀ ਕਿ ਅਫ਼ਗਾਨਿਸਤਾਨ 'ਤੇ ਕਬਜ਼ਾ ਕਰਨਾ ਕਾਫ਼ੀ ਸੌਖਾ ਹੋਵੇਗਾ। ਪਰ ਅਫ਼ਗਾਨ ਲੋਕਾਂ 'ਤੇ ਢਾਏ ਗਏ ਅਕਹਿ ਜ਼ਬਰ ਤੋਂ ਬਾਅਦ ਵੀ ਅਫ਼ਗਾਨਿਸਤਾਨੀ ਲੋਕਾਂ ਦੀ ਆਜ਼ਾਦੀ ਦੀ ਅਵਾਜ਼ ਨੂੰ ਦਬਾਇਆ ਨਹੀਂ ਜਾ ਸਕਿਆ। ਅਫ਼ਗਾਨਿਸਤਾਨੀ ਲੋਕਾਂ ਨੇ ਆਪਣੇ ਦੇਸ਼ 'ਤੇ ਕਬਜ਼ੇ ਦੇ ਇਹਨਾਂ 10 ਵਰ੍ਹਿਆਂ ਦੌਰਾਨ ਅਮਰੀਕੀ ਹਾਕਮਾਂ ਨੂੰ ਇੱਕ ਦਿਨ ਵੀ ਚੈਨ ਦੀ ਨੀਂਦ ਨਹੀਂ ਸੌਣ ਨਹੀਂ ਦਿੱਤਾ। ਅਮਰੀਕੀ ਹਾਕਮ ਅੱਜ ਭਾਵੇਂ ਸਫ਼ਲਤਾ ਹਾਸਿਲ ਕਰ ਸਕਣ ਦੇ ਕਿੰਨੇ ਹੀ ਝੂਠੇ ਦਾਅਵੇ ਕਿਉਂ ਨਾ ਕਰਨ ਪਰ ਅਸਲ ਵਿੱਚ ਅਮਰੀਕਾ ਅਫ਼ਗਾਨਿਸਤਾਨ ਜੰਗ ਹਾਰ ਚੁੱਕਾ ਹੈ। ਵਿਦੇਸ਼ੀ ਸਿਪਾਹੀ ਢੇਰੀ-ਢਾਹ ਚੁੱਕੇ ਹਨ। ਅਮਰੀਕੀ ਸਾਮਰਾਜਵਾਦ ਲਈ ਨਾ ਤਾਂ ਅਫ਼ਗਾਨਿਸਤਾਨ ਵਿੱਚ ਟਿਕੇ ਰਹਿਣਾ ਹੀ ਸੰਭਵ ਹੈ ਅਤੇ ਨਾ ਹੀ ਉਥੋਂ ਦੌੜ ਸਕਣਾ ਸੌਖਾ ਹੈ। ਅੱਗੇ ਖੂਹ ਤੇ ਪਿੱਛੇ ਟੋਆ ਹੈ।

ਅਫ਼ਗਾਨਿਸਤਾਨ 'ਤੇ ਹਮਲਾ ਕਰਦੇ ਸਮੇਂ ਅਮਰੀਕੀ ਹਾਕਮਾਂ ਨੇ ਦਾਅਵਾ ਕੀਤਾ ਸੀ ਕਿ ਅਫ਼ਗਾਨਿਸਤਾਨ ਤੋਂ ਤਾਲਿਬਾਨ ਨੂੰ ਖ਼ਤਮ ਕਰਕੇ ਉੱਥੇ ਜਮਹੂਰੀਅਤ ਸਥਾਪਤ ਕੀਤੀ ਜਾਵੇਗੀ ਅਤੇ ਅਫ਼ਗਾਨ ਲੋਕਾਂ ਦੀ ਜ਼ਿੰਦਗੀ ਦਾ ਨਕਸ਼ਾ ਬਦਲ ਦਿੱਤਾ ਜਾਵੇਗਾ। ਪਰ ਅਮਰੀਕੀ ਹਾਕਮਾਂ ਦੇ ਦਾਅਵਿਆਂ ਦੀ ਫੂਕ ਨਿਕਲ਼ ਚੁੱਕੀ ਹੈ। ਅਫ਼ਗਾਨਿਸਤਾਨ ਵਿੱਚ ਉਹਨੇ ਆਪਣੀ ਕਠਪੁਤਲੀ ਸਰਕਾਰ ਬਿਠਾ ਦਿੱਤੀ ਪਰ ਹਾਮਿਦ ਕਰਜ਼ਈ ਸਰਕਾਰ ਤੋਂ ਅਫ਼ਗਾਨ ਜਨਤਾ ਘੋਰ ਨਫ਼ਰਤ ਕਰਦੀ ਹੈ। ਲੋਕਾਂ ਦੀਆਂ ਜੀਵਨ ਹਾਲਤਾਂ ਬਦ ਤੋਂ ਬਦਤਰ ਹੁੰਦੀਆਂ ਚਲੀਆਂ ਗਈਆਂ ਹਨ। ਔਰਤਾਂ ਦੀ ਹਾਲਤ ਵੀ ਪਹਿਲਾਂ ਤੋਂ ਕਿਤੇ ਭੈੜੀ ਹੈ। ਅਫ਼ਗਾਨ ਲੋਕਾਂ ਨੂੰ ਭਿਅੰਕਰ ਜ਼ਬਰ ਦਾ ਸਾਹਮਣਾ ਕਰਨਾ ਪਿਆ ਹੈ। ਸਮੂਹਿਕ ਕਤਲੇਆਮ, ਬੰਬਾਰੀ, ਰਾਤਾਂ ਨੂੰ ਪੈਣ ਵਾਲ਼ੇ ਛਾਪੇ ਅਤੇ ਫੜੋ-ਫੜੀ, ਤਸੀਹੇ, ਗੁਪਤ ਕਤਲ, ਡ੍ਰੋਨ ਹਮਲਿਆਂ ਰਾਹੀਂ ਸਧਾਰਣ ਅਫ਼ਗਾਨ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ। ਅਮਰੀਕੀ ਬੰਬ, ਮਿਜ਼ਾਈਲਾਂ ਅਤੇ ਗੋਲੀਆਂ ਹਜ਼ਾਰਾਂ ਬੇਗੁਨਾਹ ਮਰਦਾਂ, ਔਰਤਾਂ ਅਤੇ ਬੱਚਿਆਂ ਨੂੰ ਨਿਸ਼ਾਨਾ ਬਣਾ ਚੁੱਕੇ ਹਨ।

ਵਿਦੇਸ਼ੀ ਸਿਪਾਹੀ ਅਕਸਰ ਅਫ਼ਗਾਨੀ ਘਰਾਂ ਵਿੱਚ ਵੜਕੇ ਕੁੱਟ-ਮਾਰ ਕਰਦੇ ਹਨ, ਤਲਾਸ਼ੀ ਲੈਂਦੇ, ਲੋਕਾਂ ਨੂੰ ਫੜਕੇ ਲੈ ਜਾਂਦੇ ਹਨ ਅਤੇ ਤਸੀਹੇ ਦਿੰਦੇ ਹਨ। ਲੋਕਾਂ ਨੂੰ ਬਿਨਾਂ ਚਿਤਾਵਨੀ ਦਿੱਤੇ ਗੋਲੀ ਮਾਰ ਦਿੱਤੀ ਜਾਂਦੀ ਹੈ ਅਤੇ ਮਾਰੇ ਗਏ ਬੇਗੁਨਾਹ ਲੋਕਾਂ ਨੂੰ ਦਹਿਸ਼ਤਗਰਦ ਦੱਸ ਦਿੱਤਾ ਜਾਂਦਾ ਹੈ। ਇੱਕ ਛੋਟੇ ਸ਼ਹਿਰ ਗਾਰਦੇਜ਼ ਵਿੱਚ ਇੱਕ ਪਰਿਵਾਰ ਦੇ ਛੇ ਮੈਂਬਰਾਂ ਨੂੰ ਗੋਲ਼ੀਆਂ ਨਾਲ਼ ਮਾਰ ਦਿੱਤਾ ਗਿਆ। ਇਹਨਾਂ ਵਿੱਚ ਤਿੰਨ ਗਰਭਵਤੀ ਔਰਤਾਂ ਸਨ। ਬਾਕੀ ਬਚੇ ਲੋਕਾਂ ਨੂੰ ਪੁਛਗਿੱਛ ਦੇ ਬਹਾਨੇ ਹਿਰਾਸਤ ਵਿੱਚ ਰੱਖਿਆ ਗਿਆ। ਉਹਨਾਂ ਨੂੰ ਬਰਬਰ ਤਸੀਹੇ ਦਿੱਤੇ ਗਏ।

ਅਫ਼ਗਾਨ ਜਨਤਾ ਵਿਦੇਸ਼ੀ ਸਿਪਾਹੀਆਂ ਦੁਆਰਾ ਔਰਤਾਂ 'ਤੇ ਢਾਹੇ ਗਏ ਜ਼ਬਰ ਕਦੇ ਨਹੀਂ ਭੁੱਲੇਗੀ। ਨਾਲ਼ ਹੀ ਅੱਜ ਅਫ਼ਗਾਨ ਔਰਤਾਂ ਕੁਪੋਸ਼ਣ ਦਾ ਭਿਅੰਕਰ ਰੂਪ ਵਿੱਚ ਸ਼ਿਕਾਰ ਹਨ। ਅਫ਼ਗਾਨਿਸਤਾਨ ਵਿੱਚ ਸਿਹਤ ਸਹੂਲਤਾਂ ਦੀ ਭੈੜੀ ਹਾਲਤ ਨੇ ਉਹਨਾਂ ਦੀ ਹਾਲਤ ਹੋਰ ਵੀ ਭਿਅੰਕਰ ਬਣਾ ਦਿੱਤੀ ਹੈ। ਕੱਟੜ ਇਸਲਾਮੀ ਯੁੱਧ ਸਰਦਾਰਾਂ ਨੂੰ ਅਮਰੀਕੀ ਹਾਕਮਾਂ ਨੇ ਅਫ਼ਗਾਨਿਸਤਾਨ ਦੀ ਸੱਤ੍ਹਾ ਵਿੱਚ ਲਿਆ ਕੇ ਔਰਤਾਂ ਨੂੰ ਰਹਿੰਦੇ-ਸਹਿੰਦੇ ਹੱਕਾਂ ਤੋਂ ਵੀ ਵਾਂਝਿਆਂ ਕਰ ਦਿੱਤਾ ਹੈ। ਇਹਨਾਂ ਇਸਲਾਮੀ ਕੱਟੜਪੰਥੀਆਂ ਨੇ ਘੋਰ ਨਾਰੀ-ਵਿਰੋਧੀ ਨੀਤੀਆਂ ਲਾਗੂ ਕੀਤੀਆਂ ਹਨ। ਕਰਜ਼ਈ ਸਰਕਾਰ ਨੇ ਕਨੂੰਨ ਬਣਾਕੇ ਵਿਆਹ ਵਿੱਚ

ਬਲਾਤਕਾਰ ਨੂੰ ਮਾਨਤਾ ਦੇ ਦਿੱਤੀ ਹੈ। ਔਰਤਾਂ ਨੂੰ ਹੱਕ ਦੇਣ ਦੇ ਨਾਮ 'ਤੇ ਦੋ ਕਨੂੰਨ ਪਾਸ ਕੀਤੇ ਗਏ ਹਨ—ਇੱਕ ਆਪਣੇ ਪਤੀ ਦੀ ਆਗਿਆਪਾਲਣ ਦਾ ਅਧਿਕਾਰ ਅਤੇ ਦੂਸਰਾ ਨਮਾਜ਼ ਪੜ੍ਹਨ ਦਾ ਅਧਿਕਾਰ ਪਰ ਮਸਜਿਦ ਵਿੱਚ ਨਹੀਂ।

ਬਿਨਾ ਪਾਇਲਟ ਦੇ ਡ੍ਰੋਨ ਹਵਾਈ ਜਹਾਜ਼ਾਂ ਰਾਹੀਂ ਹਮਲੇ ਲਗਾਤਾਰ ਵੱਧਦੇ ਗਏ ਹਨ। ਬਰਾਕ ਓਬਾਮਾ ਦੇ ਸ਼ਾਸਨਕਾਲ ਵਿੱਚ ਡ੍ਰੋਨ ਹਮਲਿਆਂ ਦਾ ਇਸਤਮਾਲ ਖ਼ਾਸ ਤੌਰ 'ਤੇ ਕਾਫ਼ੀ ਵੱਧ ਗਿਆ ਹੈ। ਅੱਜ ਰੋਜ਼ਾਨਾ ਘੱਟ ਤੋਂ ਘੱਟ 20 ਡ੍ਰੋਨ ਹਮਲੇ ਕੀਤੇ ਜਾਂਦੇ ਹਨ। ਇੱਕ ਸਾਲ ਪਹਿਲਾਂ ਇਹ ਗਿਣਤੀ ਅੱਧੀ ਸੀ। ਜਨਵਰੀ 2009 ਤੋਂ ਫ਼ਰਵਰੀ 2010 ਤੱਕ ਅਮਰੀਕੀ ਸਿਪਾਹੀਆਂ ਨੇ ਅਫ਼ਗਾਨ ਲੋਕਾਂ 'ਤੇ 184 ਮਿਜ਼ਾਈਲਾਂ ਅਤੇ 66 ਲੇਜ਼ਰ ਬੰਬਾਂ ਨਾਲ਼ ਹਮਲੇ ਕੀਤੇ। ਬਹਾਨਾ ਹਮੇਸ਼ਾ ਦਹਿਸ਼ਤਗਰਦ ਲੁਕੇ ਹੋਣ ਦੇ ਸ਼ੱਕ ਨੂੰ ਬਣਾਇਆ ਜਾਂਦਾ ਹੈ ਅਤੇ ਨਿਸ਼ਾਨਾ ਬਣਾਇਆ ਜਾਂਦਾ ਹੈ ਨਾਗਰਿਕਾਂ ਨੂੰ।

22 ਜੂਨ 2011 ਨੂੰ ਅਮਰੀਕੀ ਰਾਸ਼ਟਰਪਤੀ ਓਬਾਮਾ ਨੇ ਐਲਾਨ ਕੀਤਾ ਕਿ ਅਫ਼ਗਾਨਿਸਤਾਨ ਤੋਂ 32000 ਸਿਪਾਹੀ ਵਾਪਸ ਬੁਲਾਏ ਜਾ ਰਹੇ ਹਨ। ਉਹਨਾਂ ਇਸਨੂੰ ਅਫ਼ਗਾਨਿਸਤਾਨ ਜੰਗ ਖ਼ਤਮ ਕਰਨ ਦੀ ਸ਼ੁਰੂਆਤ ਦੱਸਿਆ। ਓਬਾਮਾ ਨੇ ਸੱਤਾ ਸੰਭਾਲਣ ਤੋਂ ਪਹਿਲਾਂ ਇਹ ਐਲਾਨ ਕੀਤਾ ਸੀ ਕਿ ਉਹਨਾਂ ਦੀ ਸਰਕਾਰ ਅਫ਼ਗਾਨਿਸਤਾਨ ਜੰਗ ਰੋਕ ਦੇਵੇਗੀ। ਜਦੋਂ ਓਬਾਮਾ ਨੇ 2009 ਵਿੱਚ ਅਮਰੀਕੀ ਸੱਤ੍ਹਾ ਸੰਭਾਲੀ ਸੀ ਉਸ ਸਮੇਂ ਅਫ਼ਗਾਨਿਸਤਾਨ ਵਿੱਚ 32000 ਅਮਰੀਕੀ ਸਿਪਾਹੀ ਸੀ। ਪਰ ਓਬਾਮਾ ਨੇ ਇਹ ਗਿਣਤੀ ਇੱਕ ਲੱਖ ਤੱਕ ਪਹੁੰਚਾ ਦਿੱਤੀ। ਹੁਣ ਜੇਕਰ 32 ਹਜ਼ਾਰ ਵਾਪਸ ਵੀ ਬੁਲਾ ਲਏ ਜਾਂਦੇ ਹਨ ਤਾਂ ਵੀ ਇਹ ਗਿਣਤੀ ਓਬਾਮਾ ਸ਼ਾਸਨਕਾਲ ਦੀ ਸ਼ੁਰੂਆਤ ਦੇ ਸਮੇਂ ਤੋਂ ਦੋ ਗੁਣਾ ਤੋਂ ਵੀ ਜ਼ਿਆਦਾ ਹੈ।

ਵੈਸੇ ਵੀ ਅਫ਼ਗਾਨਿਸਤਾਨ ਵਿੱਚ ਜਿਸ ਦਹਿਸ਼ਤਗਰਦੀ ਖਿਲਾਫ਼ ਜੰਗ ਦੇ ਨਾਮ 'ਤੇ ਅਫ਼ਗਾਨ ਲੋਕਾਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ ਉਸ ਦਹਿਸ਼ਤਗਰਦੀ ਦਾ ਜਨਮਦਾਤਾ ਖ਼ੁਦ ਅਮਰੀਕਾ ਹੈ। ਸੰਨ 1979 ਵਿੱਚ ਅਮਰੀਕਾ ਦੇ ਸਾਮਰਾਜਵਾਦੀ ਵਿਰੋਧੀ ਸੋਵੀਅਤ ਸੰਘ ਦੁਆਰਾ ਅਫ਼ਗਾਨਿਸਤਾਨ 'ਤੇ ਕਬਜ਼ਾ ਕੀਤਾ ਗਿਆ। ਆਪਣੇ ਇਸ ਵਿਰੋਧੀ ਨੂੰ ਹਰਾਉਣ ਲਈ ਅਮਰੀਕਾ ਨੇ ਤਿੰਨ ਅਰਬ ਡਾਲਰ ਤੋਂ ਵੀ ਜ਼ਿਆਦਾ ਦੀ ਵਿੱਤੀ ਮਦਦ ਕੱਟੜਪੰਥੀ ਇਸਲਾਮੀ ਗੁਟਾਂ ਨੂੰ ਦਿੱਤੀ। ਓਸਾਮਾ ਬਿਨ ਲਾਦੇਨ ਨੇ ਵੀ ਅਮਰੀਕੀ ਹਾਕਮਾਂ ਦੀ ਮਦਦ ਨਾਲ਼ ਹੀ ਦਹਿਸ਼ਤਗਰਦ ਕਾਰਵਾਈਆਂ ਸ਼ੁਰੂ ਕੀਤੀਆਂ ਸਨ। ਇਸ ਲਈ ਅਮਰੀਕੀ ਹਾਕਮਾਂ ਦਾ ਇਹ ਪ੍ਰਚਾਰ ਕਿ ਅਫ਼ਗਾਨਿਸਤਾਨ ਜੰਗ ਦਹਿਸ਼ਤਗਰਦੀ ਦੇ ਖਿਲਾਫ਼ ਅਤੇ ਸ਼ਾਂਤੀ ਲਈ ਲੜੀ ਜਾ ਰਹੀ ਹੈ ਇੱਕ ਸਫੈਦ ਝੂਠ ਹੈ। ਅਫ਼ਗਾਨਿਸਤਾਨ 'ਤੇ ਕਬਜ਼ਾ ਕਰਕੇ ਅਮਰੀਕਾ ਦੱਖਣ ਏਸ਼ੀਆ ਵਿੱਚ ਆਪਣੀ ਸੈਨਿਕ ਚੌਕੀ ਸਥਾਪਤ ਕਰਨਾ ਚਾਹੁੰਦਾ ਸੀ। ਕੈਸਪਿਅਨ ਸਾਗਰ ਵਿੱਚ ਮਿਲਣ ਵਾਲ਼ੇ ਤੇਲ 'ਤੇ ਵੀ ਉਸਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ।

ਅਫ਼ਗਾਨਿਸਤਾਨ ਜੰਗ ਅਮਰੀਕੀ ਇਤਿਹਾਸ ਦੀ ਸਭ ਤੋਂ ਲੰਬੀ ਜੰਗ ਬਣ ਚੁੱਕੀ ਹੈ। ਪਰ ਏਨੀ ਲੰਬੀ ਜੰਗ ਲੜਣ ਤੋਂ ਬਾਅਦ ਵੀ ਅਮਰੀਕਾ ਅਫ਼ਗਾਨ ਲੋਕਾਂ 'ਤੇ ਕੰਟਰੋਲ ਸਥਾਪਤ ਨਹੀਂ ਕਰ ਸਕਿਆ ਹੈ ਅਜਿਹਾ ਹੁਣ ਸੰਭਵ ਵੀ ਨਹੀਂ ਹੈ। ਦੁਨੀਆ ਅੱਜ ਉੱਥੇ ਹੀ ਨਹੀਂ ਖੜੀ ਜਿੱਥੇ ਬਸਤੀਵਾਦ ਦੇ ਦੌਰ ਵਿੱਚ ਸੀ। ਅੱਜ ਕਿਸੇ ਦੇਸ਼ ਦੇ ਲੋਕਾਂ ਨੂੰ ਬਸਤੀਵਾਦ ਦੇ ਦੌਰ ਦੀ ਤਰ੍ਹਾਂ ਗੁਲਾਮ ਬਣਾ ਸਕਣਾ ਸੰਭਵ ਨਹੀਂ ਰਹਿ ਗਿਆ ਹੈ। ਅਫ਼ਗਾਨਿਸਤਾਨ ਹੋਵੇ ਜਾਂ ਇਰਾਕ, ਇਹ ਇਸੇ ਤੱਥ ਦੀ ਹਾਮੀ ਭਰਦੇ ਹਨ। ਸਾਮਰਾਜਵਾਦ ਨੂੰ ਦੁਨੀਆ ਦੀ ਜਨਤਾ ਕਬਰ ਵਿੱਚ ਲਿਟਾਕੇ ਹੀ ਸਾਹ ਲਵੇਗੀ।•

**(ਸ.ਫ਼ਾ 8 ਦਾ ਬਾਕੀ)**

ਮੱਧ ਵਰਗ ਨੂੰ ਨੁਕਸਾਨ ਝੱਲਣਾ ਪੈਂਦਾ ਹੈ। ਪੂੰਜੀਪਤੀਆਂ ਅਤੇ ਸਰਕਾਰ ਵੱਲੋਂ ਥੋਪੀ ਗਈ ਕੀਮਤ ਅਤੇ ਮੁੜ ਬਸੇਵੇ ਦੇ ਮੁਆਵਜ਼ੇ ਆਦਿ ਨਾਲ਼ ਗਰੀਬ ਲੋਕ ਠੱਗੇ ਹੀ ਜਾਂਦੇ ਹਨ। ਇਹੀ ਉਹ ਤਬਕਾ ਹੈ ਜਿਨ੍ਹਾਂ ਲਈ ਜ਼ਬਰੀ ਜ਼ਮੀਨ-ਸੰਪਤੀ 'ਤੇ ਕਬਜ਼ੇ ਖਿਲਾਫ਼ ਲੜਾਈ ਜ਼ਰੂਰੀ ਬਣਦੀ ਹੈ। ਧਨੀ ਕਿਸਾਨਾਂ ਅਤੇ ਹੋਰ ਅਮੀਰ ਵਰਗ ਦੇ ਬਾਕੀ ਲੋਕਾਂ ਨੂੰ ਜੇਕਰ ਬਾਜ਼ਾਰੀ ਕੀਮਤ ਤੋਂ ਘੱਟ ਪੈਸਾ ਵੀ ਮਿਲ਼ਦਾ ਹੈ ਤਾਂ ਉਹਨਾਂ ਨੂੰ ਕੋਈ ਬਹੁਤਾ ਫਰਕ ਨਹੀਂ ਪੈਂਦਾ। ਉਹਨਾਂ ਦੇ ਜੀਵਨ ਦੀ ਗੱਡੀ ਪਹਿਲਾਂ ਵਾਂਗ ਹੀ ਬਿਨਾਂ ਰੁਕੇ ਮਜ਼ੇ ਨਾਲ਼ ਚਲਦੀ ਰਹਿੰਦੀ ਹੈ।

ਦੇਸ਼ ਦੇ ਵੱਖ ਵੱਖ ਹਿੱਸਿਆਂ 'ਚ ਅੱਜ ਕਿਸਾਨਾਂ ਦੇ ਜ਼ਬਰੀ ਜ਼ਮੀਨ ਐਕੁਆਇਰ ਖਿਲਾਫ਼ ਅੰਦੋਲਨ ਹੋ ਰਹੇ ਹਨ। ਇਹਨਾਂ ਅੰਦੋਲਨਾਂ ਨੂੰ ਸੱਤਾ ਦੇ ਬਰਬਰ ਜ਼ਬਰ ਦਾ ਵੀ ਸਾਹਮਣਾ ਕਰਨ ਪੈ ਰਿਹਾ ਹੈ। ਕਿਸਾਨਾਂ ਦੇ ਇਨ੍ਹਾਂ ਅੰਦੋਲਨਾਂ 'ਚ ਭਾਵੇਂ ਵੱਡੇ ਪੱਧਰ 'ਤੇ ਗਰੀਬ ਅਤੇ ਮੱਧ ਵਰਗੀ ਕਿਸਾਨ ਸ਼ਮੂਲੀਅਤ ਕਰਦੇ ਹਨ ਪਰ ਇਹਨਾਂ ਦੀ ਅਗਵਾਈ ਧਨੀ ਕਿਸਾਨਾਂ ਦੀਆਂ ਜਥੇਬੰਦੀਆਂ ਜਾਂ ਮੌਕਾਪ੍ਰਸਤ ਸੰਸਦੀ ਪਾਰਟੀਆਂ ਦੇ ਲੀਡਰ ਕਰਦੇ ਹਨ। ਇਹੀ ਇਨ੍ਹਾਂ ਕਿਸਾਨ ਅੰਦੋਲਨਾਂ ਦੀ ਇੱਕ ਮੁੱਖ ਕਮਜ਼ੋਰੀ ਹੈ।

ਗਰੀਬ ਅਤੇ ਦਰਮਿਆਨੇ ਕਿਸਾਨਾਂ ਦੇ ਸੱਚੇ ਮਿੱਤਰ ਅਤੇ ਰਹਿਨੁਮਾ ਮਜ਼ਦੂਰ ਵਰਗ, ਖਾਸ ਤੌਰ 'ਤੇ ਸਨਅਤੀ ਮਜ਼ਦੂਰਾਂ ਦੀ ਜਥੇਬੰਦੀ ਅਤੇ ਲੜਾਈ ਹਾਲੇ ਕਮਜ਼ੋਰ ਹੈ। ਜਦੋਂ ਪੂੰਜੀ ਦੀ ਗੁਲਾਮੀ ਵਿਰੁੱਧ ਯੁੱਧ 'ਚ ਮਜ਼ਦੂਰ ਜਮਾਤ ਜਥੇਬੰਦ ਹੋ ਕੇ ਲੜਾਈ ਦੇ ਅਗਲੇ ਮੋਰਚੇ 'ਤੇ ਆਵੇਗੀ ਤਦੋਂ ਹੀ ਗਰੀਬ ਅਤੇ ਦਰਮਿਆਨੇ ਕਿਸਾਨਾਂ ਦੇ ਸੰਘਰਸ਼ਾਂ ਨੂੰ ਵੀ ਸਹੀ ਦਿਸ਼ਾ ਮਿਲ ਸਕੇਗੀ ਅਤੇ ਜਥੇਬੰਦ ਮਜ਼ਦੂਰ ਜਮਾਤ ਦੇ ਰੂਪ 'ਚ ਉਹਨਾਂ ਨੂੰ ਆਪਣੀ ਮੁਕਤੀ ਯੁੱਧ 'ਚ ਭਰੋਸੇਮੰਦ ਸਾਥੀ ਮਿਲ ਸਕੇਗਾ।

*****

# ਕੇਹਾ ਹੈ ਇਹ ਲੋਕਤੰਤਰ ਅਤੇ ਇਹ ਸੰਵਿਧਾਨ ਕਿਨ੍ਹਾਂ ਦੀ ਸੇਵਾ ਕਰਦਾ ਹੈ ?

**• ਅਲੋਕ ਰੰਜਨ**

(ਅੱਠਵੀ ਕਿਸ਼ਤ)

## ਡਾ. ਅੰਬੇਡਕਰ ਅਤੇ ਭਾਰਤੀ ਸੰਵਿਧਾਨ

ਜਿਹੜਾ ਸਮਾਜ ਜਿੰਨਾ ਹੀ ਪਛੜਿਆ ਹੋਇਆ, ਗੈਰ-ਤਰਕਸ਼ੀਲ ਅਤੇ ਅੰਧਵਿਸ਼ਵਾਸੀ ਹੁੰਦਾ ਹੈ, ਉਸ 'ਚ ਦੇਵ-ਪੂਜਾ, ਥੇਹ-ਪੂਜਾ, ਨਾਇਕ-ਪੂਜਾ ਦੀ ਪ੍ਰਵਿਰਤੀ ਉਨੀ ਹੀ ਡੂੰਘਾਈ ਨਾਲ ਜੜ੍ਹਾਂ ਜਮਾਈ ਰਹਿੰਦੀ ਹੈ। 'ਜੀਵਿਤ' ਅਤੇ ਸਵਾਲਾਂ ਤੋਂ ਉਤਾਂਹ ਉਠੇ "ਦੇਵਤਿਆਂ" ਦੇ ਸਿਰਜਣ ਨਾਲ਼ ਕੁਝ ਨਿਹਿਤ ਸਵਾਰਥਾਂ ਵਾਲੇ ਵਿਅਕਤੀਆਂ ਦਾ ਵੀ ਹਿੱਤ ਸਧਦਾ ਹੈ, ਪ੍ਰਭਾਵਸ਼ਾਲੀ ਸਮਾਜਿਕ ਜਮਾਤਾਂ ਦਾ ਵੀ ਅਤੇ ਸੱਤ੍ਹਾ ਦਾ ਵੀ। ਹਾਕਮ ਤਬਕਿਆਂ ਰਾਹੀਂ ਦੇਵ-ਘੜਾਈ ਅਤੇ ਪੰਥ-ਉਸਾਰੀ ਦੇ ਸਭਿਆਚਾਰ ਤੋਂ ਪ੍ਰਭਾਵਿਤ ਮਹਿਕੂਮ ਵੀ ਅਕਸਰ ਸੋਚਣ ਲੱਗਦੇ ਹਨ ਕਿ ਉਹਨਾਂ ਦਾ ਆਪਣਾ ਨਾਇਕ ਹੋਵੇ ਅਤੇ ਆਪਣਾ 'ਪੰਥ' ਹੋਵੇ। ਇਸ ਲਈ ਕਦੇ-ਕਦੇ ਕਿਸੇ ਅਜਿਹੇ ਪੁਰਾਣੇ ਧਰਮ ਨੂੰ ਜੀਵਤ ਕਰਕੇ ਵੀ, ਜਿਸ ਨਾਲ ਅਤੀਤ 'ਚ ਦੱਬਿਆਂ-ਕੁਚਲਿਆਂ ਦਾ ਪੱਖ ਲੈਣ ਵਾਲੀ ਸ਼ਖ਼ਸ਼ੀਅਤ ਜੁੜੀ ਹੋਵੇ, ਦੱਬੇ-ਕੁਚਲੇ ਲੋਕ ਇਹ ਭਰਮ ਪਾਲ ਲੈਂਦੇ ਹਨ ਕਿ ਉਹਨਾਂ ਨੂੰ ਹਾਕਮਾਂ ਦੇ ਧਰਮਉਦੇਸ਼ਾਂ ਤੋਂ (ਇਸ ਲਈ ਉਹਨਾਂ ਦੀ ਧੌਂਸ ਤੋਂ) ਛੁਟਕਾਰਾ ਮਿਲ਼ ਜਾਵੇਗਾ। ਜਦੋਂ ਇਹ ਭਰਮ ਭੰਗ ਹੋ ਜਾਂਦਾ ਹੈ ਅਤੇ ਨਾਇਕ/ਆਗੂ ਰਾਹੀਂ ਪੇਸ਼ ਬਦਲਵਾਂ ਮਾਰਗ ਅੱਗੇ ਨਹੀਂ ਵੱਧ ਸਕਦਾ ਹੁੰਦਾ, ਤਦ ਵੀ ਉਪਰੋਕਤ ਮਹਾਂਪੁਰਸ਼-ਵਿਸ਼ੇਸ਼ ਅਤੇ ਉਸਦੇ ਸਿਧਾਂਤਾਂ ਦੀ ਅਲੋਚਨਾ 'ਤੇ ਰੋਕ ਅਤੇ ਸਵਾਲਾਂ ਤੋਂ ਉੱਪਰ ਬਣੇ ਰਹਿੰਦੇ ਹਨ ਅਤੇ ਉਸਨੂੰ ਦੇਵਤਾ ਬਣਾ ਦਿੱਤਾ ਜਾਂਦਾ ਹੈ। ਇਸ ਨਾਲ ਲਾਭ ਅੰਤ 'ਚ ਲੋਟੂ ਢਾਂਚੇ ਦਾ ਹੀ ਹੁੰਦਾ ਹੈ। ਹੌਲ਼ੀ-ਹੌਲ਼ੀ, ਦਬਿਆਂ-ਕੁਚਲਿਆਂ ਦਰਮਿਆਨ ਜਿਹੜੇ ਬੁਲਾਰੇ ਅਤੇ ਉੱਨਤ ਤੱਤ ਪੈਦਾ ਹੁੰਦੇ ਹਨ, ਉਹ ਇਸੇ ਢਾਂਚੇ ਅੰਦਰ ਦਬਾਅ ਅਤੇ ਸੌਦੇਬਾਜ਼ੀ ਦੀ ਸਿਆਸਤ ਕਰਕੇ ਫਾਇਦੇ 'ਚ ਰਹਿਣਾ ਸਿੱਖ ਲੈਂਦੇ ਹਨ, "ਮਹਾਂਪੁਰਖ ਆਗੂ" ਦੇ ਵਫ਼ਾਦਾਰ ਚੇਲੇ ਬਣ ਕੇ ਮਲ਼ਾਈ ਚੱਟਦੇ ਹੋਏ ਇਸ ਢਾਂਚੇ 'ਚ ਸਹਿਯੋਜਿਤ ਕਰ ਲਏ ਜਾਂਦੇ ਹਨ ਅਤੇ ਆਪਣੇ ਜਿਹੇ ਦੂਜੇ ਦੱਬੇ-ਕੁਚਲੇ ਲੋਕਾਂ ਦੀ ਦੁਨੀਆਂ ਤੋਂ ਦੂਰ ਹੋ ਜਾਂਦੇ ਹਨ।

ਅੰਬੇਡਕਰ ਨੂੰ ਲੈ ਕੇ ਭਾਰਤ 'ਚ ਆਮ ਤੌਰ 'ਤੇ ਅਜਿਹਾ ਹੀ ਰੁਖ਼ ਅਪਨਾਇਆ ਜਾਂਦਾ ਰਿਹਾ ਹੈ। ਅੰਬੇਡਕਰ ਦੀ ਕਿਸੇ ਸਥਾਪਨਾ 'ਤੇ ਸਵਾਲ ਉਠਾਉਂਦੇ ਹੀ ਦਲਿਤਵਾਦੀ ਬੁੱਧੀਜੀਵੀ ਤਰਕਪੂਰਨ ਬਹਿਸ ਦੀ ਬਜਾਏ "ਸਵਰਣਵਾਦੀ" ਦਾ ਠੱਪਾ ਲਗਾ ਦਿੰਦੇ ਹਨ, ਨਿਹਾਇਤ ਅਣਅਲੋਚਨਾਤਮਕ ਸ਼ਰਧਾ ਦਾ ਰੁਖ਼ ਅਪਨਾਉਂਦੇ ਹਨ ਅਤੇ ਸਸਤੀ ਫ਼ਤਵੇਬਾਜੀ ਰਾਹੀਂ ਮਾਰਕਸਵਾਦੀ ਸਥਾਪਨਾਵਾਂ ਜਾਂ ਅਲੋਚਨਾਵਾਂ ਨੂੰ ਖ਼ਾਰਿਜ ਕਰ ਦਿੰਦੇ ਹਨ। ਇਸ ਤੋਂ ਸਭ ਨਾਲੋਂ ਵੱਧ ਨੁਕਸਾਨ ਦਲਿਤ ਜਾਤਾਂ ਦੇ ਆਮ ਲੋਕਾਂ ਦਾ ਹੀ ਹੋਇਆ ਹੈ। ਇਸ 'ਤੇ ਢੱਜ ਨਾਲ਼ ਕੋਈ ਗੱਲ-ਬਹਿਸ ਹੀ ਨਹੀਂ ਹੋ ਸਕੀ ਹੈ ਕਿ ਦਲਿਤ-ਮੁਕਤੀ ਲਈ ਅੰਬੇਡਕਰ ਰਾਹੀਂ ਪੇਸ਼ ਪ੍ਰਾਜੈਕਟ ਵਿਗਿਆਨਿਕ-ਇਤਿਹਾਸਿਕ ਤਰਕ ਦੀ ਨਜ਼ਰ ਤੋਂ ਕਿੰਨਾ ਪ੍ਰਸੰਗਕ ਹੈ ਅਤੇ ਵਿਵਹਾਰਕ ਕਸੌਟੀ 'ਤੇ ਕਿੰਨਾ ਖ਼ਰਾ ਉਤਰਦਾ ਹੈ ? ਅੰਬੇਡਕਰ ਦੇ ਸੰਸਾਰ-ਨਜ਼ਰੀਏ, ਇਤਿਹਾਸਿਕ ਵਿਸ਼ਲੇਸ਼ਣ-ਢੰਗ, ਉਹਨਾਂ ਦੇ ਆਰਥਿਕ ਸਿਧਾਂਤਾਂ ਅਤੇ ਸਮਾਜ-ਢਾਂਚੇ ਦੇ ਮਾਡਲ 'ਤੇ ਢੱਜ ਨਾਲ਼ ਕਦੇ ਬਹਿਸ ਹੀ ਨਹੀਂ ਹੋ ਸਕੀ ਹੈ।

ਲੋੜ ਹੈ ਅੰਬੇਡਕਰ ਦੇ ਸਾਰੇ ਵਿਚਾਰਾਂ ਦੇ ਨਿਰੀਖ਼ਣ-ਵਿਸ਼ਲੇਸ਼ਣ ਦੀ। ਇਕ ਹੱਦ ਤੱਕ ਰੰਗਾਨਾਇਕੰਮਾ ਨੇ ਆਪਣੀ ਕਿਤਾਬ 'ਜਾਤ ਦੇ ਸਵਾਲ ਦੇ ਹੱਲ ਲਈ ਬੁੱਧ ਕਾਫੀ ਨਹੀਂ, ਅੰਬੇਡਕਰ ਵੀ ਕਾਫੀ ਨਹੀਂ, ਮਾਰਕਸ ਜ਼ਰੂਰੀ ਹੈ। (ਹਿੰਦੀ 'ਚ, ਰਾਹੁਲ ਫਾਉਂਡੇਸ਼ਨ, ਲਖਨਊ ਰਾਹੀ ਪ੍ਰਕਾਸ਼ਿਤ) 'ਚ ਇਹ ਕੰਮ ਕੀਤਾ ਹੈ। ਇੱਥੇ ਸਾਡਾ ਉਦੇਸ਼ ਅੰਬੇਡਕਰ ਦੇ ਸਾਰੇ ਵਿਚਾਰਾਂ ਦੀ ਸਮਾਲੋਚਨਾ ਪੇਸ਼ ਕਰਨਾ ਨਹੀਂ ਹੈ। ਆਪਣੇ ਵਿਸ਼ੇ-ਵਿਸ਼ੇਸ਼ ਦੇ ਸੰਦਰਭ 'ਚ ਸਾਡਾ ਮੰਤਵ ਭਾਰਤੀ ਸੰਵਿਧਾਨ ਦੀ ਘੜਾਈ 'ਚ ਅਤੇ ਉਸ ਦੌਰਾਨ ਭਾਰਤੀ ਸਿਆਸਤ 'ਚ ਅੰਬੇਡਕਰ ਦੀ ਭੂਮਿਕਾ ਦੀ ਪੜਤਾਲ ਕਰਨਾ ਹੈ।

ਇਸ ਗੱਲ ਦਾ ਬਹੁਤ ਜ਼ਿਆਦਾ ਪ੍ਰਚਾਰ ਕੀਤਾ ਜਾਂਦਾ ਹੈ ਕਿ ਡਾ.ਅੰਬੇਡਕਰ ਹੀ ਭਾਰਤੀ ਸੰਵਿਧਾਨ ਦੇ 'ਘਾੜੇ' ਜਾਂ "ਪ੍ਰਮੁਖ ਵਾਸਤੁਕਾਰ" ਹਨ। ਇਹ ਕਿੱਥੋਂ ਤਾਈਂ ਸੱਚ ਹੈ ? ਸੰਵਿਧਾਨ ਸਭਾ 'ਚ 'ਆਰਥਿਕ ਲੁੱਟ ਤੋਂ ਮੁਕਤੀ' ਲਈ ਪੇਸ਼ ਅੰਬੇਡਕਰ ਦਾ ਮਤਾ ਕੀ ਸੀ ਅਤੇ ਕਿੰਨਾ ਵਿਵਹਾਰਿਕ ਸੀ ਅਤੇ ਇਸ ਮਤੇ ਦੇ ਖਾਰਿਜ ਕੀਤੇ ਜਾਣ ਮਗਰੋਂ ਵੀ ਅੰਬੇਡਕਰ ਸੰਵਿਧਾਨ ਸਭਾ 'ਚ ਨਹਿਰੂ ਦੇ ਮੰਤਰਾਲੇ 'ਚ ਕਿਉਂ ਬਣੇ ਰਹੇ ? ਅਨੁਸੂਚਿਤ ਜਾਤਾਂ ਦੇ ਕਲਿਆਣ ਦੇ ਜਿਸ ਉਦੇਸ਼ ਕਾਰਨ ਅੰਬੇਡਕਰ ਸਰਕਾਰ ਅਤੇ ਸੰਵਿਧਾਨ ਸਭਾ 'ਚ ਸ਼ਾਮਿਲ ਹੋ ਗਏ ਸਨ, ਕੀ ਉਸਦੀ ਕੋਈ ਸੰਭਾਵਨਾ ਸ਼ੁਰੂ ਤੋਂ ਹੀ ਉੱਥੇ ਮੌਜੂਦ ਸੀ ? ਸੰਵਿਧਾਨ-ਘੜਾਈ ਦਾ ਕਾਰਜ ਸੰਪੰਨ ਹੋਣ 'ਤੇ ਤਾਂ ਆਪਣੇ ਲੰਮੇ ਭਾਸ਼ਣ 'ਚ ਅੰਬੇਡਕਰ ਨੇ ਪਰਮ ਸੰਤੋਸ਼ ਪ੍ਰਗਟ ਕੀਤਾ ਸੀ ਅਤੇ ਕਾਂਗਰਸ ਦੀ ਭਰਪੂਰ ਪ੍ਰਸ਼ੰਸ਼ਾ ਕੀਤੀ ਸੀ, ਫਿਰ ਕੁਝ ਹੀ ਵਰ੍ਹਿਆਂ ਮਗਰੋਂ ਉਹ ਸਰਕਾਰ ਤੋਂ ਬਾਹਰ ਆ ਕੇ 'ਸੰਵਿਧਾਨ ਜਲਾਉਣ' ਦੀ ਗੱਲ ਕਿਉਂ ਕਰਨ ਲੱਗੇ ਸਨ ? ਬਾਵਜੂਦ ਉਹਨਾਂ ਦੇ ਇਸ ਮੋਹਭੰਗ ਦੇ, ਅੱਜ ਦੇ ਦਲਿਤ ਆਗੂ ਉਹਨਾਂ ਨੂੰ 'ਭਾਰਤੀ ਸੰਵਿਧਾਨ ਦਾ ਘਾੜਾ' ਕਹਿ ਕੇ ਮਾਣ ਮਹਿਸੂਸ ਕਿਉਂ ਕਰਦੇ ਹਨ ਅਤੇ ਸੰਵਿਧਾਨ 'ਚ ਕਿਸੇ ਵੀ ਪ੍ਰਕਾਰ ਦੀ ਛੇੜਛਾੜ ਦਾ ਵਿਰੋਧ ਕਿਉਂ ਕਰਦੇ ਹਨ ? — ਇਹਨਾਂ ਸਾਰੀਆਂ ਗੱਲਾਂ 'ਤੇ ਤਰਕਸੰਗਤ ਅਤੇ ਤੱਥਸੰਗਤ ਢੰਗ ਨਾਲ ਸੋਚ-ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਅਤਰਕ-ਕੁਤਰਕ ਅਤੇ ਅੰਨ੍ਹੀਭਗਤੀ ਨਾਲ ਕਿਸੇ ਦਾ ਭਲਾ ਨਹੀਂ ਹੋ ਸਕਦਾ।

1946 ਤੱਕ ਅੰਬੇਡਕਰ ਨਾ ਕੇਵਲ ਗਾਂਧੀ ਅਤੇ ਕਾਂਗਰਸ ਦੀ ਸਿਆਸਤ ਦੇ ਧੁਰ-ਵਿਰੋਧੀ ਸਨ, ਸਗੋਂ ਕਮਿਊਨਿਸਟਾਂ ਸਣੇ

ਸਾਮਰਾਜ-ਵਿਰੋਧੀ ਮੁਕਤੀ-ਸੰਘਰਸ਼ ਦੀਆਂ ਹੋਰ ਰੈਡੀਕਲ ਧਾਰਾਵਾਂ ਦੇ ਵੀ ਵਿਰੋਧੀ ਸਨ। ਉਹ ਚੀਕ-ਚੀਕ ਕੇ ਕਹਿੰਦੇ ਸਨ ਕਿ 'ਅਜ਼ਾਦੀ ਤੋਂ ਪਹਿਲਾਂ ਜਾਤੀ ਨਾਸ਼ ਵਰਗੇ ਸਮਾਜਿਕ ਸੁਧਾਰ ਹੋਣੇ ਚਾਹੀਦੇ ਹਨ' ਅਤੇ 'ਭਾਰਤ ਨੂੰ ਜਿਹੜੀ ਅਜ਼ਾਦੀ ਹਾਸਲ ਹੋਵੇਗੀ ਉਹ ਸਿਰਫ਼ (ਸਵਰਣ) ਹਿੰਦੂਆਂ ਦੀ ਅਜ਼ਾਦੀ ਹੋਵੇਗੀ, ਨੀਵੀਆਂ ਜਾਤਾਂ ਦੀ ਨਹੀਂ।' ਅੰਬੇਡਕਰ ਦਲਿਤ ਜਾਤਾਂ ਦੇ, ਇਕ ਹੱਦ ਤੱਕ, ਸਮਾਜਿਕ ਰੂਪ ਨਾਲ ਉੱਨਤ ਅਤੇ ਸਿੱਖਿਅਤ ਹੋ ਜਾਣ ਤੋਂ ਪਹਿਲਾਂ ਫਿਰੰਗੀਆਂ ਦੇ ਭਾਰਤ ਛੱਡਣ ਦੇ ਵਿਰੋਧੀ ਸਨ। ਦਲਿਤਾਂ ਦੇ ਹਾਲਤ 'ਚ ਬਦਲਾਅ ਲਈ ਉਹ ਖੁਦ ਦਲਿਤਾਂ ਦੀ ਜਾਗਰਤੀ ਅਤੇ ਪਹਿਲਕਦਮੀ ਨਾਲੋਂ ਵੱਧ ਫਿਰੰਗੀਆਂ 'ਤੇ ਭਰੋਸਾ ਕਰਦੇ ਸਨ। ਉਹ ਧੰਨਵਾਦੀ ਸਨ ਕਿ ਫਿਰੰਗੀ ਛੂਆਛਾਤ ਨਹੀਂ ਮੰਨਦੇ ਸਨ, ਉਹਨਾਂ ਨੇ 'ਮਹਾਰ ਰੇਜਿਮੇਂਟ' ਬਣਾਉਣ ਵਰਗੇ ਅਤੇ ਦਲਿਤਾਂ ਦੀ ਸਿੱਖਿਆ ਲਈ ਕਦਮ ਚੁੱਕੇ ਅਤੇ ਸ਼ਹਿਰੀਕਰਨ ਕੀਤਾ (ਜਿੱਥੇ ਜਾਤੀਗਤ ਭੇਦਭਾਵ ਘੱਟ ਸੀ)। ਬਹੁਗਿਣਤੀ ਦਲਿਤ ਪਿੰਡਾਂ 'ਚ ਰਹਿੰਦੇ ਸਨ ਸਵਰਣ ਭੂਮੀ-ਮਾਲਕਾਂ ਦੇ ਬਰਬਰ ਜਗੀਰੂ ਦਾਬੇ ਦੇ ਸ਼ਿਕਾਰ ਸਨ। ਉਹ ਫਿਰੰਗੀ ਹੀ ਸਨ ਜਿਹੜੇ ਭੂਮੀ-ਬੰਦੋਬਸਤ ਦੀਆਂ ਵੰਨਸੁਵੰਨ ਪ੍ਰਣਾਲੀਆਂ ਰਾਹੀਂ ਅਰਧਜਗੀਰੂ ਭੂਮੀ ਸਬੰਧ ਬਣਾਉਣ ਅਤੇ ਮੱਧਯੁਗੀ ਜਗੀਰੂ ਦਾਬੇ ਦੀ ਨਿਰੰਤਰਤਾ ਬਣਾਈ ਰੱਖਣ ਅਤੇ ਉਸਨੂੰ ਨਵੀਂ ਸ਼ਕਤੀ ਪ੍ਰਦਾਨ ਕਰਨ ਲਈ ਜਿੰਮੇਵਾਰ ਸਨ। ਪਰ ਅੰਬੇਡਕਰ ਨੇ ਇਸ ਤੱਥ ਨੂੰ ਕਦੇ ਨਹੀਂ ਸਮਝਿਆ। ਦਲਿਤਾਂ ਦੀ ਹਾਲਤ 'ਚ ਬਿਹਤਰੀ ਲਿਆਉਣ ਲਈ ਉਹ ਬ੍ਰਿਟਿਸ਼ ਸੱਤਾ ਦੇ ਧੰਨਵਾਦੀ ਸਨ ਅਤੇ ਉਹਨਾਂ ਨੂੰ ਜੇਕਰ ਸ਼ਿਕਾਇਤ ਸੀ ਤਾਂ ਬੱਸ ਇਹ ਕਿ ਉਹਨਾਂ ਨੇ ਤੇਜ਼ ਗਤੀ ਨਾਲ ਅਤੇ ਇੱਛਤ ਮਿੱਕਦਾਰ 'ਚ ਇਹ ਕੰਮ ਨਹੀਂ ਕੀਤਾ। ਅੰਬੇਡਕਰ ਦੇ ਜ਼ਮਾਨੇ 'ਚ, ਦਲਿਤ ਜਾਤਾਂ ਦਾ ਕਰੀਬ 98 ਪ੍ਰਤੀਸ਼ਤ ਹਿੱਸਾ ਪਿੰਡਾਂ-ਸ਼ਹਿਰਾਂ ਦੀ ਮਜ਼ਦੂਰ ਜਮਾਤ ਸੀ ਅਤੇ ਪਿੰਡਾਂ-ਸ਼ਹਿਰਾਂ ਦੀ ਮਜ਼ਦੂਰ ਜਮਾਤ ਦਾ ਵੀ ਕਰੀਬ 85 ਪ੍ਰਤੀਸ਼ਤ ਹਿੱਸਾ ਦਲਿਤ ਜਾਤੀਆਂ 'ਚੋਂ ਆਉਂਦਾ ਸੀ। ਇਹਨਾਂ ਨਾਲ਼ ਕਰੀਬੀ ਨਾਲ਼ ਜੁੜੇ ਹੋਏ ਛੋਟੇ-ਦਰਮਿਆਨੇ ਰਈਅਤ ਅਤੇ ਮੁਜ਼ਾਰੇ ਸਨ ਜਿਹਨਾਂ ਦਾ ਕਰੀਬ 90 ਪ੍ਰਤੀਸ਼ਤ ਹਿੱਸਾ ਨਿਮਨ ਸਮਝੀਆਂ ਜਾਣ ਵਾਲੀਆਂ ਕਿਸਾਨ ਜਾਤਾਂ (ਸ਼ੂਦਰ) ਦਾ ਸੀ। ਉਸ ਸਮੇਂ ਇਹਨਾਂ ਜਾਤਾਂ ਨੂੰ ਕੌਮੀ ਮੁਕਤੀ ਅਤੇ ਭੂਮੀ ਇਨਕਲਾਬ ਦੀ ਵੇਗਵਤੀ ਧਾਰਾ ਤੋਂ ਵੱਖ ਕਰਨ ਦੀ ਬਜਾਏ ਜੇਕਰ ਇਸ ਧਾਰਾ ਦੀ ਮੋਹਰੀ ਤਾਕਤ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ, ਜੇਕਰ ਬਸਤੀਵਾਦੀਆਂ ਅਤੇ ਉਹਨਾਂ ਦੁਆਰਾ ਸੁਰੱਖਿਅਤ (ਸਵਰਣ) ਜਗੀਰਦਾਰਾਂ ਵਿਰੁੱਧ ਨੀਵੀਆਂ ਜਾਤਾਂ ਨੂੰ ਇਨਕਲਾਬੀ ਸੰਘਰਸ਼ 'ਚ ਉਤਾਰਿਆ ਜਾਂਦਾ ਅਤੇ ਸਿਆਸੀ ਅੰਦੋਲਨ ਦੀ ਧਾਰਾ ਅੰਦਰ, ਨਾਲ਼-ਨਾਲ਼ ਰੈਡੀਕਲ ਸਮਾਜਿਕ-ਸੱਭਿਆਚਾਰਕ ਅੰਦੋਲਨ ਲਗਾਤਾਰ ਚਲਾਏ ਜਾਂਦੇ ਤਾਂ ਸਿਆਸੀ-ਆਰਥਿਕ ਅਜ਼ਾਦੀ ਨਾਲ ਹੀ ਕਿਰਤੀ ਲੋਕਾਂ ਲਈ ਸਮਾਜਿਕ-ਸੱਭਿਆਚਾਰਕ ਅਜ਼ਾਦੀ ਅਤੇ ਦਲਿਤ ਸਵਾਲ ਦੇ ਹੱਲ ਦੀ ਦਿਸ਼ਾ 'ਚ ਵੀ ਇਕ ਮਹਾਨ ਅਗਾਂਹ ਵੱਲ ਛਲਾਂਗ ਸੰਭਵ ਸੀ। ਪਰ ਅੰਬੇਡਕਰ ਨੂੰ ਜਮਾਤੀ-ਸੰਘਰਸ਼ ਤੋਂ ਹੀ ਨਹੀਂ, ਸਗੋਂ ਵਿਆਪਕ ਲੋਕ ਲਹਿਰਾਂ ਤੋਂ ਵੀ ਚਿੜ ਸੀ। ਉਹ ਕੱਟੜ ਕਾਨੂੰਨਵਾਦੀ ਸਨ ਅਤੇ ਘੋਰ ਸੁਧਾਰਵਾਦੀ। ਜਾਤ ਦੇ ਸਵਾਲ ਨੂੰ ਉਹਨਾਂ ਨੇ ਜਮਾਤੀ ਲੁੱਟ ਦੇ ਸਵਾਲ ਤੋਂ ਇਕ ਦਮ ਵੱਖ ਕਰ ਦਿੱਤਾ। ਜਾਤੀਗਤ ਦਾਬੇ ਅਤੇ ਆਰਥਿਕ ਲੁੱਟ ਦਾ ਖ਼ਾਤਮਾ ਉਹ ਕੇਵਲ ਸੱਤਾ ਦੇ ਕਾਨੂੰਨਾਂ-ਵਿਧਾਨਾਂ 'ਚ ਸੰਭਵ ਮੰਨਦੇ ਸਨ ਜਾਂ ਫਿਰ ਖੁਦ ਜਾਬਰਾਂ ਦੀ ਰਜ਼ਾਮੰਦੀ 'ਚ। 'ਜਾਤੀ ਪ੍ਰਥਾ ਦਾ ਖਾਤਮਾ' ਬਾਰੇ ਉਹਨਾਂ ਦੀ "ਮਹਾਨ ਕਿਰਤ" ਦਾ ਨਿਚੋੜ ਇਹ ਹੈ ਕਿ ਜਾਤੀ ਢਾਂਚਾ ਤਦ ਖ਼ਤਮ ਹੋ ਸਕਦਾ ਹੈ, ਜਦੋਂ ਬ੍ਰਾਹਮਣ ਇਸ ਨਾਲ ਸਹਿਮਤ ਹੋਣ।

1926 ਤੋਂ ਹੀ ਛੂਆਛਾਤ-ਵਿਰੋਧੀ ਅੰਦੋਲਨ ਅਤੇ ਲੇਖਣੀ ਅੰਬੇਡਕਰ ਦੀਆਂ ਸਰਗਰਮੀਆਂ ਦੇ ਕੇਂਦਰ ਬਿੰਦੂ ਸਨ। ਉਹਨਾਂ ਦੇ ਛੂਆਛਾਤ-ਵਿਰੋਧੀ ਅੰਦੋਲਨ ਜ਼ਿਆਦਾਤਰ ਮਹਾਰਾਸ਼ਟਰ ਕੇਂਦਰਿਤ ਸਨ ਅਤੇ ਆਪਣੇ ਪ੍ਰਭਾਵ ਇਲਾਕਿਆਂ 'ਚ ਦਲਿਤਾਂ 'ਤੇ ਦਾਬਾ-ਬੇਇੱਜਤੀ ਵਿਰੁੱਧ ਸੰਘਰਸ਼, ਅੰਦੋਲਨ ਅਤੇ ਸੁਧਾਰ ਕਾਰਜ 'ਚ ਕਮਿਊਨਿਸਟ ਉਹਨਾਂ ਨਾਲੋਂ ਪਿੱਛੇ ਕਦੇ ਵੀ ਨਹੀਂ ਸਨ। 1926 ਤੋਂ 1934 ਤੱਕ ਅੰਬੇਦਕਰ ਦਲਿਤਾਂ ਦੇ ਨੁਮਾਇੰਦੇ ਦੇ ਰੂਪ 'ਚ 1946 ਤੱਕ ਉਹ ਕਿਰਤ ਵਿਭਾਗ 'ਚ ਗਵਰਨਰ ਜਨਰਲ ਦੇ ਪਸ਼ਾਸਕ ਰਹੇ। ਹੁਣ ਇਹ ਵੱਖ ਤੋਂ ਸ਼ਰਮਿੰਦਗੀ ਭਰੀ ਚਰਚਾ ਦਾ ਵਿਸ਼ਾ ਹੈ ਕਿ ਇਸ ਦੌਰਾਨ ਮਜ਼ਦੂਰਾਂ ਅਤੇ ਮਜ਼ਦੂਰ ਸੰਘਰਸ਼ਾਂ ਪ੍ਰਤੀ "ਮਹਾਂਮਹਿਮ" ਗਵਰਨਰ ਜਨਰਲ ਦੇ ਕਿਰਤ ਵਿਭਾਗ ਨੇ ਕੀ ਰੁਖ਼ ਅਪਨਾਇਆ ਸੀ ਅਤੇ ਮਜ਼ਦੂਰਾਂ ਦਾ ਉਸਨੇ ਕੀ ਅਤੇ ਕਿੰਨਾਂ "ਭਲਾ" ਕੀਤਾ ਸੀ! ਮਾਰਚ 1946 'ਚ ਸੱਤਾ ਹਸਥਾਂਤਰਣ ਦੇ ਨਿਰਣੇ ਅਤੇ ਜੁਲਾਈ 1946 'ਚ ਅਤਿ-ਸੀਮਤ ਵੋਟ ਦੇ ਹੱਕ ਦੇ ਅਧਾਰ 'ਤੇ, ਅਸਿੱਧੀ ਪ੍ਰਣਾਲੀ ਨਾਲ਼, ਸੂਬਾਈ ਵਿਧਾਇਕਾਂ ਰਾਹੀਂ ਸੰਵਿਧਾਨ ਸਭਾ ਦੇ ਚੋਣ ਦੀ ਚਰਚਾ ਲੇਖ 'ਚ ਪਹਿਲਾਂ ਆ ਚੁੱਕੀ ਹੈ। ਇੰਗਲੈਂਡ ਅਤੇ ਅਮਰੀਕਾ ਦੀ ਪੂੰਜੀਵਾਦੀ ਜਮਹੂਰੀ ਸੰਸਦੀ ਪ੍ਰਣਾਲੀਆਂ ਨੂੰ ਆਦਰਸ਼ ਮੰਨਦੇ ਹੋਏ ਅੰਬੇਡਕਰ ਨੂੰ ਅਤੀ ਵਿਸ਼ੇਸ਼ ਹੱਕ ਹਾਸਲ ਕੁਲੀਨਾਂ ਦੇ ਚੋਣ ਮੰਡਲ ਰਾਹੀਂ ਸੰਵਿਧਾਨ ਸਭਾ ਚੋਣ ਦੇ ਇਸ ਕੁਚੱਕਰ 'ਤੇ ਕੋਈ ਸਿਧਾਂਤਕ ਤਕਲੀਫ਼ ਨਹੀਂ ਹੋਈ। ਇਕ ਵਾਰੀ ਵੀ ਉਹਨਾਂ ਨੇ ਸਰਵਜਨਿਕ ਬਾਲਗ ਵੋਟ ਦੇ ਹੱਕ ਅਧਾਰਿਤ ਚੋਣ ਦੀ ਗੱਲ ਨਹੀਂ ਚੁੱਕੀ ਅਤੇ ਬੰਗਾਲ ਦੇ ਮੁਸਲਿਮ ਲੀਗ ਮੈਂਬਰਾਂ ਦੇ ਸਮਰਥਨ ਨਾਲ ਚੁਣੇ ਜਾਣ (ਕਿਉਂ ਕਿ ਕਾਂਗਰਸ ਦਾ ਸਮਰਥਨ ਨਾ ਮਿਲਣ ਕਾਰਨ ਉਹਨਾਂ ਦੇ ਮੂਲ ਰਾਜ ਬੰਬਈ ਤੋਂ ਉਹਨਾਂ ਦੀ ਚੋਣ ਸੰਭਵ ਨਹੀਂ ਹੋ ਸਕੀ ਸੀ।) ਉਹ ਫਟਾਫਟ ਸੰਵਿਧਾਨ ਸਭਾ 'ਚ ਜਾ ਬੈਠੇ। ਪ੍ਰਸੰਗਵਸ਼, ਇੱਥੇ ਇਹ ਵਰਨਣ ਵੀ ਕਰ ਦਿੱਤਾ ਜਾਣਾ ਚਾਹੀਦਾ ਹੈ ਕਿ ਪਾਕਿਸਤਾਨ ਦੀ ਮੰਗ, ਮੁਸਲਿਮ ਲੀਗ ਦੀਆਂ ਹੋਰ ਮੰਗਾਂ ਅਤੇ ਫ਼ਿਰਕਾਪ੍ਰਸਤੀ ਦੀ ਸਿਆਸਤ 'ਤੇ ਅੰਬੇਡਕਰ ਦਾ ਸਟੈਂਡ ਪਹਿਲਾਂ ਤੋਂ ਹੀ, ਸਥਿਰ ਨਾ ਰਹਿ ਕੇ ਲਗਾਤਾਰ ਝੂਲਦਾ ਰਿਹਾ ਸੀ। ਕਦੇ ਉਹਨਾਂ ਦੀਆਂ ਗੱਲਾਂ ਲੀਗ ਨੂੰ ਜੱਚਣ ਵਾਲੀਆਂ ਹੁੰਦੀਆਂ ਸਨ, ਤਾਂ ਕਦੇ ਹਿੰਦੂ ਫ਼ਿਰਕਾਪ੍ਰਸਤਾਂ ਨੂੰ ਵੀ ਜੱਚਣ ਲੱਗਦੀਆਂ ਸਨ। ਬਦਕਿਸਮਤੀ ਨਾਲ, ਇੱਥੇ ਇਸ ਵਿਸਥਾਰ 'ਚ ਜਾਣਾ ਸੰਭਵ ਨਹੀਂ ਹੈ। ਮੁਸਲਿਮ ਲੀਗ ਸੰਵਿਧਾਨ ਸਭਾ ਦੀਆਂ ਬੈਠਕਾਂ ਦਾ ਬਾਈਕਾਟ ਕਰਦੀ ਰਹੀ, ਪਰ ਲੀਗੀ ਸਮਰਥਨ ਨਾਲ ਉੱਥੇ ਪਹੁੰਚੇ ਅੰਬੇਡਕਰ ਨੇ ਨਾ ਸਿਰਫ਼ 9 ਦਿਸੰਬਰ, 1946 ਤੋਂ ਆਯੋਜਿਤ ਸੰਵਿਧਾਨ ਸਭਾ ਦੀਆਂ ਬੈਠਕਾਂ 'ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ, ਸਗੋਂ 17 ਦਿਸੰਬਰ ਨੂੰ ਇਕ ਵਿੱਲਖਣ "ਭਾਵੁਕ" ਭਾਸ਼ਣ ਦੇ ਕੇ ਨਾਟਕੀ,

ਹੈਰਾਨੀਜਨਕ ਪਾਸਾਬਦਲ-ਹੁਨਰਮੰਦੀ ਦਾ ਵਿਖਾਵਾ ਕੀਤਾ।ਆਰਥਿਕ-ਸਮਾਜਿਕ- ਜਾਤੀਗਤ ਫ਼ਰਕਾਂ ਦੇ ਬਾਵਜੂਦ ਉਹਨਾਂ ਅਜ਼ਾਦ ਭਾਰਤ 'ਚ ਲੋਕਾਂ ਦੇ ਇਕ ਹੋਣ 'ਚ ਵਿਸ਼ਵਾਸ ਜਤਾਇਆ ਅਤੇ ਇਹ ਵੀ ਕਿਹਾ ਕਿ ਲੀਗ ਦੀ ਵੰਡ ਦੀ ਮੰਗ ਦੇ ਬਾਵਜੂਦ ਇਕ ਦਿਨ ਮੁਸਲਮਾਨਾਂ ਦੀਆਂ ਅੱਖਾਂ ਖੁੱਲ ਜਾਣਗੀਆਂ ਅਤੇ ਉਹ ਸਮਝ ਲੈਣਗੇ ਕਿ ਸੰਯੁਕਤ ਭਾਰਤ ਹੀ ਉਹਨਾਂ ਲਈ ਬਿਹਤਰ ਰਹੇਗਾ।ਉਹਨਾਂ ਨੇ ਸਭ ਨੂੰ ਆਪਣੇ ਨਾਹਰਿਆਂ ਨੂੰ ਕਿਨਾਰੇ ਰੱਖ ਕੇ ਅਤੇ ਲੋਕਾਂ ਨੂੰ ਭੈਭੀਤ ਕਰਨ ਵਾਲੇ ਸ਼ਬਦਾਂ ਦਾ ਪ੍ਰਯੋਗ ਬੰਦ ਕਰ ਇਕ ਹੋ ਜਾਣ ਦੀ ਅਪੀਲ ਕੀਤੀ (ਅੰਬੇਡਕਰ ਦੀਆਂ ਸੰਗ੍ਰਹਿਤ ਰਚਨਾਵਾਂ, ਮਹਾਂਰਾਸ਼ਟਰ ਸਰਕਾਰ ਰਾਹੀਂ ਪ੍ਰਕਾਸ਼ਿਤ, ਅੰਗਰੇਜ਼ੀ ਐਡੀਸ਼ਨ, ਭਾਗ-13, ਪੰਨਾਂ 9-10)।

ਅਚਾਨਕ ਸਟੈਂਡ ਬਦਲ ਕੇ, ਅੰਬੇਡਕਰ ਅਜ਼ਾਦੀ-ਪ੍ਰਾਪਤੀ 'ਤੇ ਅਨੰਦ ਨਾਲ਼ ਪਾਗਲ ਹੋ ਗਏ, "ਇੱਕ ਹੋ ਜਾਣ" ਦਾ ਐਲਾਨ ਕਰਦੇ ਹੋਏ ਨਾ ਸਿਰਫ਼ ਕਾਂਗਰਸ ਨਾਲ਼ ਆ ਗਏ ਸਨ, ਸਗੋਂ (ਸੰਗ੍ਰਹਿਤ ਰਚਨਾਵਾਂ ਦੇ ਸੰਪਾਦਕ ਬਸੰਤ ਮੂਨ ਦੇ ਸ਼ਬਦਾਂ 'ਚ) ਉਹ "ਸੰਵਿਧਾਨਕ ਮਾਮਲਿਆਂ 'ਚ ਕਾਂਗਰਸ ਦੇ ਮਿੱਤਰ, ਦਾਰਸ਼ਨਿਕ ਅਤੇ ਰਹਿਨੁਮਾ ਬਣ ਗਏ ਸਨ।" (ਉਪਰੋਕਤ, ਪੰਨਾਂ 26)।ਹੁਣ ਡੇਢ ਵਰ੍ਹੇ ਪਹਿਲਾਂ ਹੀ (ਜੂਨ 1945 'ਚ) ਅੰਬੇਡਕਰ ਨੇ ਕਾਂਗਰਸ ਦੇ ਜ਼ੁਲਮਾਂ-ਵਿਸਾਹਘਾਤਾਂ 'ਤੇ ਇਕ ਮੋਟੀ ਕਿਤਾਬ ਲਿਖੀ ਸੀ, 'ਕਾਂਗਰਸ ਅਤੇ ਗਾਂਧੀ ਨੇ ਅਛੂਤਾਂ ਲਈ ਕੀ ਕੀਤਾ ?' ਕਾਂਗਰਸ ਹੁਣ ਵੀ ਉਹੀ ਸੀ।ਉਸਨੇ ਕੁਝ ਵੀ ਨਵਾਂ ਨਹੀਂ ਕੀਤਾ ਸੀ। ਪਰ ਅੰਬੇਡਕਰ ਦਾ ਸੁਰ ਬਦਲ ਗਿਆ ਸੀ। ਇਹ ਉਹੀ ਅੰਬੇਡਕਰ ਸਨ, ਜਿਹਨਾਂ ਨੇ ਗਾਂਧੀ ਅਤੇ ਕਾਂਗਰਸ ਵੱਲ ਝੁਕਾਅ ਹੋਣ 'ਤੇ ਦਲਿਤ ਆਗੂ ਐਸ. ਸੀ. ਰਾਜਾ ਨੂੰ ਕਦੇ "ਕਿਰਾਏ ਦਾ ਟੱਟੂ" ਕਿਹਾ ਸੀ ਅਤੇ ਮਦਰਾਸ ਵਿਧਾਨਸਭਾ ਦੇ ਕਾਂਗਰਸੀ ਦਲਿਤ ਵਿਧਾਇਕਾਂ ਨੂੰ ਕਾਂਗਰਸ ਦਾ "ਪਾਲਤੂ ਕੁੱਤਾ" ਕਿਹਾ ਸੀ।ਹੁਣ ਉਹ ਸੰਵਿਧਾਨ ਸਭਾ 'ਚ ਕਾਂਗਰਸ ਨਾਲ ਇਕ ਹੋ ਜਾਣ ਦਾ ਹੋਕਾ ਦੇ ਰਹੇ ਸਨ।ਅਹਿਸਾਨ ਮੰਦੀ 'ਚ ਕਾਂਗਰਸੀ ਪਿੱਛੇ ਨਹੀਂ ਰਹੇ।ਸੰਵਿਧਾਨ ਸਭਾ ਦੇ ਪ੍ਰਧਾਨ, ਹੰਢੇ ਹੋਏ ਅਣਉਦਾਰਵਾਦੀ ਕਾਂਗਰਸੀ ਰਾਜੇਂਦਰ ਪ੍ਰਸਾਦ ਨੇ ਅੰਬੇਡਕਰ ਨੂੰ ਸੰਵਿਧਾਨ ਦਾ ਖਰੜਾ ਤਿਆਰ ਕਰਨ ਸਬੰਧੀ ਦੋ ਕਮੇਟੀਆਂ 'ਚ ਤੁਰੰਤ ਸ਼ਾਮਿਲ ਕਰ ਲਿਆ।

ਮਾਰਚ 1947 'ਚ ਸੰਵਿਧਾਨ ਸਭਾ 'ਚ ਪੇਸ਼ ਕਰਨ ਦੀ ਦ੍ਰਿਸ਼ਟੀ ਨਾਲ ਅੰਬੇਡਕਰ ਨੇ 'ਆਰਥਿਕ ਲੁੱਟ ਤੋਂ ਸੁਰੱਖਿਆ' ਦੀ ਆਪਣੀ ਯੋਜਨਾ ਤਿਆਰ ਕੀਤੀ (ਦੇਖੋ, ਅੰਬੇਡਕਰ ਦੀਆਂ ਸੰਗ੍ਰਹਿਤ ਰਚਨਾਵਾਂ, ਮਹਾਂਰਾਸ਼ਟਰ ਸਰਕਾਰ ਰਾਹੀਂ ਪ੍ਰਕਾਸ਼ਿਤ, ਅੰਗ੍ਰੇਜ਼ੀ ਸੰਸਕਰਣ, ਭਾਗ-1, ਪੰਨਾਂ 383, 391, 396-97)।ਸੰਵਿਧਾਨ ਸਭਾ ਨੇ ਉਹਨਾਂ ਦੀ ਯੋਜਨਾ ਨੂੰ ਠੁਕਰਾ ਦਿੱਤਾ।ਅੰਬੇਡਕਰ ਰੁੱਸੇ ਨਹੀਂ।ਉਲਟਾ ਉਹਨਾਂ ਨੇ ਹੀ ਸੰਵਿਧਾਨ ਸਭਾ ਦੀ ਯੋਜਨਾ ਨੂੰ ਅਪਣਾ ਲਿਆ।

'ਆਰਥਿਕ ਲੁੱਟ ਤੋਂ ਸੁਰੱਖਿਆ' ਸਬੰਧੀ ਅੰਬੇਡਕਰ ਦੀ ਯੋਜਨਾ, ਅਸਲ 'ਚ 'ਆਰਥਿਕ ਲੁੱਟ ਤੋਂ ਸੁਰੱਖਿਆ' ਨਹੀਂ ਦਿੰਦੀ, ਸਗੋਂ ਪੂੰਜੀਵਾਦ ਦਾ ਹੀ ਇਕ ਭਿੰਨ ਸੰਸਕਰਣ ਪੇਸ਼ ਕਰਦੀ ਹੈ, ਜਿਸ 'ਚ ਅਵਿਵਹਾਰਿਕਤਾ ਤਾਂ ਹੈ ਹੀ, ਅਰਥਸ਼ਾਸਤਰ ਬਾਰੇ ਅੰਬੇਡਕਰ ਦੇ ਕੱਚਘਰੜ ਗਿਆਨ ਦੀ ਖੁੱਲ੍ਹੀ ਨੁਮਾਇਸ਼ ਵੀ ਹੈ।ਭਾਰਤੀ ਪੂੰਜੀਪਤੀ ਜਮਾਤ ਨੂੰ ਪੂੰਜੀਵਾਦ ਦਾ ਅੰਬੇਡਕਰ-ਪ੍ਰਸਤਾਵਿਤ ਸੰਸਕਰਣ ਪੂਰੀ ਤਰ੍ਹਾਂ ਨਾਲ ਸਵੀਕਾਰਨਯੋਗ ਨਹੀਂ ਸੀ, ਇਸ ਲਈ ਉਸਦੇ ਸਿਆਸੀ ਨੁਮਾਇੰਦਿਆਂ ਨੇ ਉਸਨੂੰ ਖਾਰਿਜ ਕਰ ਦਿੱਤਾ।ਅੰਬੇਡਕਰ ਨੇ ਆਰਥਿਕ ਲੁੱਟ ਤੋਂ ਬਚਾਅ ਲਈ ਪ੍ਰਮੁੱਖ ਸਨੱਅਤਾਂ ਅਤੇ ਬੀਮਾ ਖੇਤਰ ਦੀ ਰਾਜ ਦੀ ਮਾਲਕੀ 'ਚ ਹੋਣ ਦਾ ਮਤਾ ਦਿੱਤਾ ਅਤੇ ਜਿਹੜੀ ਸਨਅਤ ਪ੍ਰਮੁੱਖ ਨਹੀਂ ਸੀ, ਪਰ ਬੁਨਿਆਦੀ ਸੀ, ਉਸ ਨੂੰ ਰਾਜ ਰਾਹੀਂ ਸਥਾਪਿਤ ਨਿਗਮਾਂ ਰਾਹੀਂ ਚਲਾਏ ਜਾਣ ਦਾ ਮਤਾ ਦਿੱਤਾ। ਇਹੀ ਉਹਨਾਂ ਦਾ "ਰਾਜਕੀ ਸਮਾਜਵਾਦ" ਸੀ। ਬੁਨਿਆਦੀ ਤੌਰ 'ਤੇ ਨਹਿਰੂ ਦੇ "ਸਮਾਜਵਾਦ" ਵਰਗਾ ਹੀ ਸੀ ਜਿਹੜਾ ਸਾਰ ਦੇ ਤੌਰ 'ਤੇ ਰਾਜਕੀ ਪੂੰਜੀਵਾਦ ਸੀ।ਇਹ ਕੋਈ ਨਵੀਂ ਗੱਲ ਨਹੀਂ ਸੀ। ਕੀਨਸ ਦੇ ਨੁਸਖਿਆਂ ਤੋਂ ਪਹਿਲਾਂ ਵੀ ਰਾਜਕੀ ਪੂੰਜੀਵਾਦ ਸੀ।ਇਹ ਬੁਨਿਆਦੀ ਤੌਰ 'ਤੇ ਪੂੰਜੀਪਤੀ ਜਮਾਤ ਦੀ ਹੀ ਸੇਵਾ ਕਰਦਾ ਸੀ ਅਤੇ ਵਾਫ਼ਰ ਕਦਰ ਇਸ 'ਚ ਵੀ ਨਿਚੋੜੀ ਜਾਂਦੀ ਸੀ।'ਪਬਲਿਕ ਸੈਕਟਰ' ਦੇ "ਸਮਾਜਵਾਦੀ" ਤਜ਼ਰਬਿਆਂ ਤੋਂ ਭਲਾ ਕੌਣ ਭਾਰਤੀ ਜਾਣੂ ਨਹੀਂ ਹੈ।ਅੰਬੇਡਕਰ ਦਾ ਦੂਜਾ ਮਤਾ ਖੇਤੀ ਨੂੰ ਵੀ ਰਾਜਕੀ ਸੱਨਅਤ ਬਣਾਉਣ ਦਾ ਸੀ।ਜ਼ਾਹਿਰਾ ਤੌਰ 'ਤੇ ਪੂੰਜੀਪਤੀ ਜਮਾਤ ਚਾਹ ਕੇ ਵੀ ਅਜਿਹਾ ਨਹੀਂ ਕਰ ਸਕਦੀ ਸੀ, ਕਿਉਂ ਕਿ ਧਨੀ ਅਤੇ ਦਰਮਿਆਨੇ ਕਾਸ਼ਤਕਾਰ ਵੀ ਇਸ ਮਾਮਲੇ 'ਤੇ ਉਸਦਾ ਸਾਥ ਨਹੀਂ ਦਿੰਦੇ।ਦੂਜੇ, ਖੇਤੀ ਦਾ ਜੇਕਰ ਰਾਜਕੀਕਰਣ ਹੋ ਵੀ ਜਾਂਦਾ ਤਾਂ ਸਿਰਫ ਲੁੱਟ ਦਾ ਰੂਪ ਬਦਲ ਜਾਂਦਾ, ਕਿਉਂ ਕਿ ਬੁਨਿਆਦੀ ਸਵਾਲ ਇਹ ਹੈ ਕਿ ਰਾਜਸੱਤਾ ਦੀ ਵਾਗਡੋਰ ਕਿਸ ਜਮਾਤ ਦੇ ਹੱਥ 'ਚ ਹੈ!

'ਆਰਥਿਕ ਲੁੱਟ ਤੋਂ ਮੁਕਤੀ' ਦਾ ਮਤਾ ਰੱਖਦੇ ਹੋਏ ਅੰਬੇਡਕਰ ਇਸ ਬੁਨਿਆਦੀ ਗੱਲ ਨੂੰ ਨਹੀਂ ਸਮਝ ਸਕੇ ਕਿ ਕਿਰਤ ਦੀ ਲੁੱਟ ਹੀ ਆਰਥਿਕ ਲੁੱਟ ਹੈ।ਕਿਰਾਇਆ, ਵਿਆਜ, ਮੁਆਵਜਾ, ਰਿਣਪੱਤਰ, ਮੁਦਰਾ, ਭੂਮੀ, ਉਜਰਤ ਆਦੀ ਸਾਰੀਆਂ ਅਰਥਸ਼ਾਸਤਰੀ ਕੋਟੀਆਂ 'ਤੇ ਉਹ ਇਕਦਮ ਕਨਫਿਊਜ਼ਡ ਹਨ ਅਤੇ ਉਹਨਾਂ ਰਾਹੀਂ ਪੇਸ਼ ਸੁਝਾਵਾਂ 'ਚ ਲੋਟੂ ਉਤਪਾਦਨ-ਸਬੰਧ ਅਤੇ ਜਾਇਦਾਦ-ਸਬੰਧ ਵਜੂਦ-ਸਮੋਏ ਹਨ। ਇਹ ਚਰਚਾ ਥੋੜੇ ਤਕਨੀਕੀ ਅਤੇ ਜਟਿਲ ਅਰਥਸ਼ਾਸਤਰੀ ਵਿਸਥਾਰ ਦੀ ਮੰਗ ਕਰਦੀ ਹੈ, ਇਸ ਲਈ ਇਸਦੇ ਵਿਸਥਾਰ 'ਚ ਜਾਣਾ ਇੱਥੇ ਸੰਭਵ ਨਹੀਂ।ਸੰਖੇਪ 'ਚ, ਅੰਬੇਡਕਰ ਦੇ ਸੁਝਾਅ ਲੁੱਟ ਹੱਕਾਂ ਅਤੇ ਆਮਦਨ ਦੇ ਲੋਟੂ ਹੱਕਾਂ ਨੂੰ ਜਾਰੀ ਰੱਖਣ ਦੇ ਮਤੇ ਮਾਤਰ ਹਨ। ਮਹਿਜ਼ ਇਕ ਮਿਸਾਲ ਲਉ: ਸਨਅਤਾਂ ਅਤੇ ਭੂਮੀ ਦਾ ਰਾਜਕੀਕਰਣ ਕਰਦੇ ਸਮੇਂ ਅੰਬੇਡਕਰ ਪਹਿਲੇ ਮਾਲਕਾਂ ਨੂੰ ਮੁਆਵਜਾ ਦੇਣ ਦੀ ਗੱਲ ਕਰਦੇ ਹਨ। ਪੂੰਜੀਪਤੀਆਂ ਦੀ ਪੂੰਜੀ ਮਜ਼ਦੂਰਾਂ ਦੀਆਂ ਕਈ ਪੀੜ੍ਹੀਆਂ ਰਾਹੀਂ ਸਿਰਜਿਤ ਵਾਫ਼ਰ ਕਦਰ ਤੋਂ ਹੀ ਸੰਗ੍ਰਹਿਤ ਹੋਈ ਹੈ। ਹੁਣ ਭੂਮੀ ਦੇ ਸਵਾਲ ਨੂੰ ਲਈਏ।ਕੁਦਰਤ 'ਚ ਮੌਜੂਦ ਅਣਉਪਜਾਊ ਭੂਮੀ ਦਾ ਕੋਈ ਮੁੱਲ ਨਹੀਂ ਹੈ।ਭੂਮੀ ਲਈ ਕੀਤੇ ਗਏ ਭੁਗਤਾਨ ਦੀ ਧਨਰਾਸ਼ੀ ਉਹਨਾਂ ਲੋਕਾਂ ਦੀ ਕਿਰਤ ਦੀ ਵਾਫ਼ਰ ਕਦਰ ਦਾ ਅੰਸ਼ ਹੈ ਜਿਹਨਾਂ ਨੇ ਉਸ ਭੂਮੀ ਨੂੰ ਖੇਤੀ ਯੋਗ ਬਣਾ ਕੇ ਫਸਲਾਂ ਉਗਾਈਆਂ ਹਨ।ਭੂਮੀ ਅਤੇ ਸਨਅਤ ਲਈ ਮੁਆਵਜਾ ਅਦਾ ਕਰਨ ਦਾ ਮਤਲਬ ਹੈ — ਲੋਟੂ ਸੰਪਤੀ ਹੱਕਾਂ ਦੇ ਖਾਤਮੇ ਦੀ ਬਜਾਏ ਸੰਪਤੀ ਦੇ ਸਰੂਪ ਨੂੰ ਬਦਲ ਦੇਣਾ।ਜਿਹੜੇ ਮਾਲਿਕ ਮੁਨਾਫ਼ਾ ਕੁੱਟਦੇ ਸਨ ਅਤੇ ਲਗਾਨ ਵਸੂਲਦੇ ਸਨ, ਉਹ ਵਿਆਜ 'ਤੇ

ਐਸ਼ ਕਰਦੇ ਰਹਿਣਗੇ ਅਤੇ ਅਸਿੱਧੇ ਤੌਰ 'ਤੇ ਨਿਚੋੜੀ ਗਈ ਵਾਫ਼ਰ ਕਦਰ ਦੇ ਹਿੱਸੇਦਾਰ ਬਣੇ ਰਹਿਣਗੇ। ਅੰਬੇਡਕਰ ਸੰਪਤੀ ਦੇ ਹੱਕ 'ਤੇ ਜਾਂ ਪੂੰਜੀਵਾਦੀ ਕਿਰਤ-ਵੰਡ 'ਤੇ ਸੱਟ ਨਹੀਂ ਮਾਰਦੇ। ਉਹ ਸਮਰੱਥ ਨਾਗਰਿਕਾਂ ਦੇ ਕੰਮ ਕਰਨ ਦੇ ਹੱਕ ਦੀ ਜਾਂ ਹਦਾਇਤ ਦੀ ਗੱਲ ਨਹੀਂ ਕਰਦੇ।

ਅਜਿਹੇ ਕੱਚਘਰੜ ਸੁਝਾਅ ਅੰਬੇਡਕਰ ਦੇ ਸਾਰੇ ਵਿਚਾਰਾਂ 'ਚ ਮੌਜੂਦ ਹਨ। ਜਾਤ ਦੇ ਸਵਾਲ ਦੇ ਹੱਲ ਲਈ ਉਹਨਾਂ ਨੇ ਵਡੇਰੇ ਸ਼ਹਿਰੀਕਰਨ ਦਾ ਹਵਾਈ ਸੁਝਾਅ ਦਿੱਤਾ। ਇਹ ਅਸੰਭਵ ਹੈ ਬੁਨਿਆਦੀ ਗੱਲ ਹੈ ਇਕ ਲੰਮੀ ਪ੍ਰਕ੍ਰਿਆ 'ਚ ਪਿੰਡ ਅਤੇ ਸ਼ਹਿਰ ਦੇ ਫ਼ਰਕ ਨੂੰ, ਖੇਤੀ ਅਤੇ ਸਨਅਤ ਦੇ ਅੰਤਰ ਨੂੰ ਖ਼ਤਮ ਕਰਨਾ, ਪਰ ਪੂੰਜੀਵਾਦ 'ਚ ਇਹ ਸੰਭਵ ਨਹੀਂ ਹੈ। ਦੂਜੀ ਗੱਲ, ਸ਼ਹਿਰਾਂ 'ਚ ਵੀ ਧਨੀ-ਗਰੀਬ ਦਾ ਵਧਦਾ ਪਾੜਾ ਬਣਿਆ ਰਹੇਗਾ ਅਤੇ ਪਿੰਡ ਦੇ ਦਲਿਤ ਮਜ਼ਦੂਰਾਂ ਨੂੰ ਜ਼ਿਆਦਾਤਰ ਸ਼ਹਿਰੀ ਮਜ਼ਦੂਰਾਂ ਦੀਆਂ ਸਫ਼ਾਂ 'ਚ ਹੀ ਥਾਂ ਮਿਲੇਗੀ ਅਤੇ ਜਾਤੀਗਤ ਅੰਤਰ ਦੀਆਂ ਕੰਧਾਂ ਵੀ ਬਣੀਆਂ ਰਹਿਣਗੀਆਂ)। ਜਾਤ ਦੇ ਸਵਾਲ ਦਾ ਦੂਜਾ ਹੱਲ ਉਹਨਾਂ ਨੇ ਬੁੱਧ ਧਰਮ ਅਪਣਾਉਣ 'ਚ ਦੇਖਿਆ। ਇਹ ਬਦਲ ਸਮੇਂ ਨੇ ਖ਼ੋਖਲਾ-ਮੂਰਖ਼ਤਾਪੂਰਣ ਸਿੱਧ ਕੀਤਾ। ਰਿਜ਼ਰਵੇਸ਼ਨ ਦੇ ਬਦਲ ਦੀ ਵੀ ਗੱਲ ਕਰ ਲਈ ਜਾਵੇ। ਰਿਜ਼ਰਵੇਸ਼ਨ ਇਕ ਅਸਥਾਈ ਸੁਰੱਖਿਆਤਮਕ ਉਪਾਅ ਹੋ ਸਕਦਾ ਸੀ, ਪਰ ਅੰਤਮ ਹੱਲ ਦਾ ਰਾਹ ਤਾਂ 'ਬਰਾਬਰ ਸਿੱਖਿਆ ਸਭ ਨੂੰ ਰੁਜ਼ਗਾਰ' ਅਤੇ ਸਿਹਤ, ਰਿਹਾਇਸ਼ ਆਦਿ ਨੂੰ ਰਾਜ ਦੀ ਜਿੰਮੇਵਾਰੀ ਬਣਾਏ ਜਾਣ ਮਗਰੋਂ ਹੀ ਨਿਕਲ਼ ਸਕਦਾ ਸੀ। ਰਿਜ਼ਰਵੇਸ਼ਨ ਦੀ ਨਿਰੰਤਰਤਾ ਜਾਤਾਂ ਦੀ ਨਿਰੰਤਰਤਾ ਹੀ ਹੈ। ਰਿਜ਼ਰਵੇਸ਼ਨ ਦਾ ਲਾਭ ਬਹੁਗਿਣਤੀ ਦਲਿਤ ਕਿਰਤੀ ਵਸੋਂ ਦੀ ਬਜਾਏ ਮੁੱਠੀ ਭਰ ਦਲਿਤ ਮੱਧਵਰਗ ਦੇ ਲੋਕਾਂ ਨੂੰ ਹੀ ਮਿਲ਼ ਸਕਦਾ ਹੈ। ਬੁਨਿਆਦੀ ਸਵਾਲ ਇਹ ਹੈ ਕਿ ਦਲਿਤ ਮੁਕਤੀ ਦੀ ਅਤੇ ਜਾਤੀ ਦੇ ਖ਼ਾਤਮੇ ਦਾ ਵਿਵਹਾਰਿਕ ਪ੍ਰਾਜੈਕਟ ਆਖ਼ਰਕਾਰ ਕੀ ਹੋ ਸਕਦਾ ਹੈ ? — ਤਾਂ ਇਸ ਸਵਾਲ 'ਤੇ ਅੰਬੇਡਕਰ ਦੇ ਵਿਚਾਰਾਂ ਦਾ ਨਿਚੋੜ ਤਾਂ ਇਹੀ ਹੈ ਕਿ ਜਾਤੀ ਵਿਵਸਥਾ ਤਦ ਸਮਾਪਤ ਹੋ ਸਕਦੀ ਹੈ, ਜਦੋਂ ਬ੍ਰਾਹਮਣ ਇਸ ਨਾਲ਼ ਸਹਿਮਤ ਹੋਣ ! ਇਹ ਹੈ ਅੰਬੇਡਕਰ ਦੇ ਸਿਆਸੀ-ਸਮਾਜਿਕ ਵਿਚਾਰਾਂ ਦਾ ਅਸਲੀ ਤੱਤ ! ਖੈਰ ਅਸੀਂ ਫਿਰ ਸੰਵਿਧਾਨ-ਘੜਾਈ ਦੌਰਾਨ ਅੰਬੇਡਕਰ ਦੀ ਭੂਮਿਕਾ ਵੱਲ ਵਾਪਸ ਪਰਤਦੇ ਹਾਂ।

'ਆਰਥਿਕ ਲੁੱਟ ਤੋਂ ਸੁਰੱਖਿਆ' (ਮਾਰਚ, 1947) ਦੀ ਆਪਣੀ ਯੋਜਨਾ ਨੂੰ ਖਾਰਿਜ ਕਰ ਦਿੱਤੇ ਜਾਣ ਮਗਰੋਂ, ਅੰਬੇਡਕਰ ਮੂਹਰੇ ਇਕ ਨਵੀਂ ਸਮੱਸਿਆ ਆ ਖੜੀ ਹੋਈ। ਵੰਡ ਮਗਰੋਂ ਲੀਗੀ ਸਮਰਥਨ ਤੋਂ ਬੰਗਾਲ ਤੋਂ ਚੁਣੇ ਹੋਏ ਅੰਬੇਡਕਰ ਦੀ ਸੰਵਿਧਾਨ ਸਭਾ-ਮੈਂਬਰਸ਼ਿਪ ਸਮਾਪਤ ਹੋ ਗਈ। ਹੁਣ ਕਾਂਗਰਸ ਫ਼ੌਰਨ ਉੱਦਾਰਕ ਬਣ ਕੇ ਅੱਗੇ ਆਈ। ਬੰਬਈ ਦੇ ਇਕ ਕਾਂਗਰਸੀ ਮੈਂਬਰ ਤੋਂ ਅਸਤੀਫਾ ਦਿਵਾ ਕੇ ਉਸ ਸੀਟ ਤੋਂ ਅੰਬੇਡਕਰ ਨੂੰ ਤੁਰੰਤ ਚੁਣ ਲਿਆ ਗਿਆ। ਨਹਿਰੂ ਨੇ ਆਪਣੀ ਸਰਕਾਰ 'ਚ ਵੀ ਉਹਨਾਂ ਨੂੰ ਸ਼ਾਮਿਲ ਕਰ ਲਿਆ ਅਤੇ ਕਾਨੂੰਨ ਮੰਤਰੀ ਬਣਾਇਆ। ਅੰਬੇਡਕਰ ਯੋਜਨਾ ਜਾਂ ਕਿਰਤ ਮੰਤਰਾਲਾ ਚਾਹੁੰਦੇ ਸਨ। ਨਹਿਰੂ ਨੇ ਇੰਤਜ਼ਾਰ ਕਰਨ ਨੂੰ ਕਿਹਾ ਅਤੇ ਟਾਲ ਗਏ। 29 ਅਗਸਤ, 1947 ਨੂੰ ਅੰਬੇਡਕਰ ਨੂੰ ਸੰਵਿਧਾਨ ਸਭਾ ਦੀ ਖਰੜਾ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਪਹਿਲਾਂ ਹੀ ਚਰਚਾ ਕੀਤੀ ਜਾ ਚੁੱਕੀ ਹੈ ਕਿ ਜਿਸ ਸੰਵਿਧਾਨ ਦਾ ਡਾ. ਅੰਬੇਡਕਰ ਨੂੰ ਘਾੜਾ ਅਤੇ ਮੁੱਖ ਵਾਸਤੂਕਾਰ ਕਿਹਾ ਜਾਂਦਾ ਹੈ, ਉਸਦਾ ਮੁੱਖ ਢਾਂਚਾ ਬਸਤੀਵਾਦੀ ਸੱਤਾ ਦੇ ਦੋ ਨੌਕਰਸ਼ਾਹਾਂ — ਸਰ ਬੀ.ਐਨ ਰਾਓ ਅਤੇ ਐਸ.ਐਨ ਮੁਖਰਜੀ ਨੇ ਤਿਆਰ ਕੀਤਾ ਸੀ ਅਤੇ ਉਸ 'ਚ 'ਗਵਰਨਮੈਂਟ ਆਫ਼ ਇੰਡੀਆ ਐਕਟ 1935' ਦੀਆਂ 395 ਚੋਂ 295 ਧਾਰਾਵਾਂ ਨੂੰ ਜਿਉਂ ਦਾ ਤਿਉਂ ਸ਼ਾਮਿਲ ਕਰ ਲਿਆ ਗਿਆ ਸੀ। ਇਹ ਸੰਖੇਪ ਜ਼ਿਕਰ ਵੀ ਕੀਤਾ ਜਾ ਚੁੱਕਿਆ ਹੈ ਕਿ ਇਹ ਸੰਵਿਧਾਨ ਸੰਪਤੀ ਦੇ ਹੱਕਾਂ ਦੀ ਅਤੇ ਲੋਟੂ ਸੰਬਧਾਂ ਦੀ ਇੰਚ-ਇੰਚ 'ਤੇ ਹਿਫ਼ਾਜਤ ਕਰਦਾ ਹੈ, ਪਰ ਕਿਰਤ ਦੇ ਹੱਕਾਂ ਦੀ ਕੋਈ ਗਰੰਟੀ ਨਹੀਂ ਲੈਂਦਾ। ਅੱਗੇ ਜਦੋਂ ਅਸੀਂ ਸੰਵਿਧਾਨ ਦੇ ਇਕ-ਇਕ ਹਿੱਸੇ ਦਾ ਤਫ਼ਸੀਲ ਨਾਲ ਵਿਸ਼ਲੇਸ਼ਣ ਕਰਾਂਗੇ ਤਾਂ ਅੰਬੇਡਕਰ ਦੇ ਪੂੰਜੀਵਾਦੀ ਜਮਹੂਰੀ ਭਰਮ ਹੋਰ ਖੁੱਲ੍ਹ ਕੇ ਸਾਡੇ ਸਾਹਮਣੇ ਆ ਜਾਣਗੇ।

ਇੱਥੇ ਇਹ ਯਾਦ ਦਿਵਾਉਣਾ ਬੇਹੱਦ ਜ਼ਰੂਰੀ ਹੈ ਕਿ ਅੰਬੇਡਕਰ ਖਰੜਾ ਕਮੇਟੀ 'ਚ ਬਹਿ ਕੇ ਜਦੋਂ ਸੰਵਿਧਾਨ ਦੇ ਮਸੌਦੇ ਦੀ ਕੱਟ-ਵੱਢ ਕਰ ਰਹੇ ਸਨ, ਉਸ ਸਮੇਂ ਤੇਲੰਗਾਨਾ ਕਿਸਾਨ ਸੰਘਰਸ਼ ਜ਼ਾਰੀ ਸੀ। ਨਹਿਰੂ ਸਰਕਾਰ ਰਾਹੀਂ ਉਸ 'ਤੇ ਬਰਬਰ ਜ਼ਬਰ ਵੀ ਤਦ ਹੋਇਆ ਸੀ। ਤੇਲੰਗਾਨਾ, ਤੇਭਾਗਾ, ਪੁਨਪਰਾ-ਵਾਇਲਰ, ਜਲਸੈਨਾ ਵਿਦਰੋਹ, ਦੇਸ਼ਵਿਆਪੀ ਮਜ਼ਦੂਰ ਉਭਾਰ — ਇਹਨਾਂ ਸਾਰਿਆਂ ਵੱਲ ਅੰਬੇਡਕਰ ਉਦਾਸੀਨਤਾ ਭਾਵ ਨਹੀਂ, ਵੈਰ ਭਾਵ ਅਤੇ ਵਿਰੋਧ ਭਾਵ ਰੱਖਦੇ ਸਨ। ਸੰਵਿਧਾਨ ਬਣਾਉਣ ਮਗਰੋਂ ਸੰਵਿਧਾਨ ਸਭਾ 'ਚ ਦਿੱਤੇ ਲੰਮੇ ਭਾਸ਼ਣ 'ਚ ਵੀ ਉਹਨਾਂ ਨੇ ਲੋਕਾਂ ਨੂੰ ਇਨਕਲਾਬ ਅਤੇ ਅੰਦੋਲਨ ਦੇ "ਬੇਕਾਰ ਰਾਹ" ਤੋਂ ਦੂਰ ਰਹਿਣ ਤੇ ਸੰਵਿਧਾਨ ਮੁਤਾਬਿਕ -ਕਾਨੂੰਨ ਮੁਤਾਬਿਕ ਆਚਰਣ ਦੀ ਨਸੀਹਤ ਦਿੱਤੀ ਸੀ। ਇਸ ਮਾਅਨੇ 'ਚ ਅੰਬੇਡਕਰ ਗਾਂਧੀ-ਨਹਿਰੂ ਤੋਂ ਵੀ ਦਸ ਕਦਮ ਅੱਗੇ ਸਨ। ਉਹ ਇਕ ਕੱਟੜ ਕਾਨੂੰਨਵਾਦੀ ਸਨ।

25 ਨਵੰਬਰ 1947 ਨੂੰ ਖਰੜਾ ਕਮੇਟੀ ਦੇ ਪ੍ਰਧਾਨ ਦੀ ਹੈਸੀਅਤ ਨਾਲ ਅੰਬੇਡਕਰ ਨੇ ਸੰਵਿਧਾਨ ਸਭਾ 'ਚ ਲੰਮਾ ਭਾਸ਼ਣ ਦਿੱਤਾ। ਅੰਬੇਡਕਰ ਦਾ ਦਾਅਵਾ ਸੀ ਕਿ ਉਹ ਅਨੁਸੂਚਿਤ ਜਾਤਾਂ ਦੇ ਹਿੱਤਾਂ ਦੀ ਰੱਖਿਆ ਲਈ ਸੰਵਿਧਾਨ ਸਭਾ 'ਚ ਸ਼ਾਮਿਲ ਹੋਏ ਸਨ। ਸੰਵਿਧਾਨ 'ਚ ਇਹ ਵਰਨਣ ਵੀ ਹੈ ਕਿ 'ਛੂਆਛਾਤ ਦਾ ਪਾਲਣ ਕਾਨੂੰਨੀ ਤੌਰ 'ਤੇ ਸਜ਼ਾ ਯੋਗ ਜ਼ੁਰਮ ਹੈ।' ਪੰਜ ਵਰ੍ਹਿਆਂ ਮਗਰੋਂ 1954 'ਚ ਸਰਕਾਰ ਨੇ ਛੂਆਛਾਤ ਨੂੰ ਰੋਕਣ ਦਾ ਕਾਨੂੰਨ ਵੀ ਬਣਾਇਆ। ਪਰ ਛੂਆਛਾਤ ਵੰਨਸਵੰਨ ਰੂਪਾਂ 'ਚ ਸਮਾਜਿਕ ਜੀਵਨ 'ਚ ਅੱਜ ਵੀ ਮੌਜੂਦ ਹੈ। ਜੇਕਰ ਹਾਲਤ 'ਚ ਥੋੜੀ-ਬਹੁਤੀ ਮਿਕਦਾਰੀ ਤਬਦੀਲੀ ਹੋਈ ਵੀ ਹੈ ਤਾਂ ਉਸਦੀ ਵਜ੍ਹਾ ਜਾਂ ਤਾਂ ਲੋਕਜੀਵਨ 'ਤੇ ਪੂੰਜੀ ਦਾ ਸਮਰੂਪੀ ਦਬਾਅ ਹੈ ਜਾਂ ਫਿਰ ਸਮੇਂ ਨਾਲ ਸਮਾਜਿਕ ਚੇਤਨਾ 'ਚ ਹੋਇਆ ਮਿਕਦਾਰੀ ਵਿਕਾਸ ਹੈ, ਸੰਵਿਧਾਨਕ ਜਾਂ ਕਾਨੂੰਨੀ ਪ੍ਰਬੰਧਾਂ ਦੀ ਇਸ 'ਚ ਕੋਈ ਭੂਮਿਕਾ ਨਹੀਂ ਹੈ। ਹਾਲਤਾਂ ਨੇ ਅੰਬੇਦਕਰ ਦੇ ਸੰਵਿਧਾਨਕ ਕਾਨੂੰਨੀ ਭਰਮਾਂ ਨੂੰ ਖੁਦ ਉਜਾਗਰ ਕਰ ਦਿੱਤਾ ਹੈ।

25 ਨਵੰਬਰ '47 ਨੂੰ ਸੰਵਿਧਾਨ ਸਭਾ 'ਚ ਦਿੱਤੇ ਗਏ ਆਪਣੇ ਲੰਮੇ-ਚੌੜੇ ਭਾਸ਼ਣ 'ਚ ਅੰਬੇਡਕਰ ਖਰੜਾ ਕਮੇਟੀ ਦੇ ਪ੍ਰਧਾਨ ਦਾ ਕੰਮ ਖੁਦ ਨੂੰ ਸੌਂਪੇ ਜਾਣ ਨੂੰ ਲੈ ਕੇ ਕਾਂਗਰਸ ਪ੍ਰਤੀ ਅਹਿਸਾਨ ਮੰਦੀ ਜਤਾਉਂਦੇ ਹੋਏ ਲੋਟਪੋਟ ਹੋ ਗਏ, ਕਾਂਗਰਸੀਆਂ ਅਤੇ ਸੰਵਿਧਾਨ ਸਭਾ ਦੇ ਸਾਰੇ

ਮੈਂਬਰਾਂ (ਜਿਹਨਾਂ 'ਚ ਰਾਜੇ-ਰਜਵਾੜਿਆਂ, ਸਰਮਾਏਦਾਰਾਂ ਅਤੇ ਅੰਗਰੇਜ਼ਪ੍ਰਸਤ ਕਾਨੂੰਨ ਮਾਹਰਾਂ ਦੀ ਬਹੁਤਾਤ ਸੀ) ਦੀ ਭਰਭੂਰ ਪ੍ਰਸੰਸਾਂ ਕਰਦੇ ਰਹੇ ਅਤੇ ਇਸ ਗੱਲ ਨੂੰ ਸਵੀਕਾਰ ਕੀਤਾ ਕਿ ਸੰਵਿਧਾਨ ਦਾ ਸ਼ੁਰੂਆਤੀ ਖਰੜਾ ਨੌਕਰਸ਼ਾਹ — ਬੀ.ਐਨ ਰਾਓ ਅਤੇ ਐਸ.ਐਨ ਮੁਖਰਜੀ ਨੇ ਤਿਆਰ ਕੀਤਾ ਸੀ। ਇਹ ਸਮਝਣਾ ਮੁਸ਼ਕਿਲ ਹੈ ਕਿ ਸੰਵਿਧਾਨ ਦੇ ਘਾੜੇ ਅਤੇ ਵਾਸਤੂਕਾਰ ਡਾ.ਅੰਬੇਡਕਰ ਨੂੰ ਕਿਉਂ ਮੰਨਿਆ ਜਾਂਦਾ ਹੈ, ਜਦ ਕਿ ਭਾਰਤੀ ਸੰਵਿਧਾਨ ਦੀ ਕੋਈ ਮੌਲਿਕ ਸਥਾਪਨਾ ਹੈ ਹੀ ਨਹੀਂ। ਜ਼ਿਆਦਾਤਰ ਧਾਰਾਵਾਂ 1935 ਦੇ ਬਦਨਾਮ ਬਸਤੀਵਾਦੀ ਕਾਨੂੰਨ ਦੀਆਂ ਹਨ ਅਤੇ ਹੋਰਨਾਂ ਸੰਵਿਧਾਨਾਂ ਤੋਂ ਕੁਝ-ਕੁਝ ਚੀਜ਼ਾਂ ਉਧਾਰ ਲੈ ਕੇ ਇੱਥੇ-ਉੱਥੇ ਪੱਚੀਕਾਰੀ ਅਤੇ ਰੰਗਰੋਗਨ ਕਰ ਦਿੱਤਾ ਗਿਆ ਹੈ। ਇਸ ਪ੍ਰਕ੍ਰਿਆ 'ਚ ਇਹ ਜੇਕਰ ਦੁਨੀਆਂ ਦਾ ਸਭ ਤੋਂ ਮੋਟਾ ਸੰਵਿਧਾਨ ਹੋ ਗਿਆ ਹੈ ਤਾਂ ਇਹ ਸ਼ਾਨ ਨਹੀਂ ਸਗੋਂ ਮਜ਼ਾਕ ਦੀ ਗੱਲ ਹੈ।

ਅੰਬੇਡਕਰ ਆਪਣੇ ਭਾਸ਼ਣ 'ਚ ਸਾਰੇ ਸਹਿਯੋਗੀਆਂ ਅਤੇ ਪ੍ਰਧਾਨ ਰਾਜੇਂਦਰ ਪ੍ਰਸ਼ਾਦ ਦੇ ਵਿਲੱਖਣ ਯਸ਼ਗਾਣ ਮਗਰੋਂ ਕਮਿਊਨਿਸਟਾਂ-ਸੋਸ਼ਲਿਸਟਾਂ 'ਤੇ ਟੁੱਟ ਪੈਂਦੇ ਹਨ। ਉਹ ਕਹਿੰਦੇ ਹਨ ਕਿ ਕਮਿਊਨਿਸਟ ਪਾਰਟੀ ਸੰਵਿਧਾਨ ਦੀ ਇਸ ਲਈ ਨਿੰਦਾ ਕਰਦੀ ਹੈ, ਕਿਉਂ ਕਿ ਇਹ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ 'ਤੇ ਅਧਾਰਿਤ ਸੰਵਿਧਾਨ ਚਾਹੁੰਦੀ ਹੈ ਜਦੋਂ ਕਿ ਭਾਰਤੀ ਸੰਵਿਧਾਨ ਸੰਸਦੀ ਜਮਹੂਰੀਅਤ 'ਤੇ ਅਧਾਰਿਤ ਹੈ। ਇਹ ਗੱਲ ਤੱਥਾਤਮਕ ਤੌਰ 'ਤੇ ਗਲਤ ਹੈ। ਕਮਿਊਨਿਸਟ ਪਾਰਟੀ ਨੇ ਉਸ ਸਮੇਂ ਬਸ ਇੰਨਾਂ ਹੀ ਕੀਤਾ ਸੀ ਕਿ ਸਰਬਜਨਿਕ ਵੋਟ ਦੇ ਹੱਕ 'ਤੇ ਸੰਵਿਧਾਨ ਸਭਾ ਦੇ ਮੁੜ ਗਠਨ ਦੀ ਮੰਗ ਕੀਤੀ ਸੀ। ਜਿੱਥੋਂ ਤੱਕ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦੀ ਗੱਲ ਹੈ, ਤਾਂ ਇਹ ਜੱਗਜਾਹਿਰ ਹੈ ਕਿ ਕੌਮੀ ਮੁਕਤੀ ਦੀ ਅਗਵਾਈ ਕਮਿਊਨਿਸਟ ਕਰਦੇ ਤਾਂ ਉਹ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਹੀ ਕਾਇਮ ਕਰਦੇ। ਅੰਬੇਡਕਰ ਹੋਰ ਜਗ੍ਹਾ ਮਾਰਕਸਵਾਦ 'ਤੇ ਹਮਲਾ ਕਰਦੇ ਹੋਏ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦੀ ਧਾਰਣਾ ਦੀ ਸ਼ਕਲ ਨੂੰ ਅਟਕਲ-ਪੱਚੂ ਢੰਗ ਨਾਲ਼ ਵਿਗਾੜਦੇ ਹਨ। ਕਮਿਊਨਿਸਟ ਧਾਰਣਾ ਅਨੁਸਾਰ, ਹਰ ਸੱਤਾ ਜਮਾਤੀ-ਤਾਨਾਸ਼ਾਹੀ ਹੁੰਦੀ ਹੈ। ਪੂੰਜੀਵਾਦੀ ਸੰਸਦੀ ਜਮਹੂਰੀਅਤ ਪੂੰਜੀਵਾਦੀ ਤਾਨਾਸ਼ਾਹੀ ਹੁੰਦੀ ਹੈ। ਸੰਸਦੀ ਜਮਹੂਰੀ ਜਾਂ ਕੋਈ ਵੀ ਜਮਹੂਰੀਅਤ ਨਿਰਪੇਖ ਜਮਹੂਰੀਅਤ ਨਹੀਂ ਹੁੰਦੀ। ਇਸ ਸਵਾਲ 'ਤੇ ਅੰਬੇਡਕਰ ਦੀ ਅੱਧ ਕੱਚੀ ਸੋਚ ਦੀ ਰੰਗਾਨਾਇਕੰਮਾ ਨੇ ਆਪਣੀ ਉਪਰ ਦੱਸੀ ਕਿਤਾਬ 'ਚ ਬਹੁਤ ਸਲੀਕੇ ਨਾਲ਼ ਚੀਰਫਾੜ ਕੀਤੀ ਹੈ। ਇੱਥੇ ਵੱਧ ਵਿਸਥਾਰ ਨਾਲ ਉਸਦੀ ਚਰਚਾ ਸੰਭਵ ਨਹੀਂ ਹੈ।

ਅੰਬੇਡਕਰ ਅਨੁਸਾਰ, ਸੋਸ਼ਲਿਸਟ (ਕਿਨ੍ਹਾਂ ਸੋਸ਼ਲਿਸਟਾਂ ਵੱਲ ਉਹਨਾਂ ਦਾ ਇਸ਼ਾਰਾ ਸੀ, ਇਹ ਸੱਪਸ਼ਟ ਨਹੀਂ ਹੁੰਦਾ) ਸੰਵਿਧਾਨ ਦੀ ਅਲੋਚਨਾ ਇਸ ਲਈ ਕਰਦੇ ਹਨ ਕਿ ਉਹ ਬਿਨਾਂ ਮੁਆਵਜਾ ਦਿੱਤੇ ਹੀ ਸਮੁੱਚੀ ਗੈਰਸਰਕਾਰੀ ਸੰਪਤੀ ਦਾ ਕੌਮੀਕਰਨ ਜਾਂ ਸਮਾਜੀਕਰਨ ਚਾਹੁੰਦੇ ਹਨ, ਜਦੋਂ ਕਿ ਸੰਵਿਧਾਨ ਇਸਦੀ ਇਜ਼ਾਜਤ ਨਹੀਂ ਦਿੰਦਾ। ਇਹ ਸੋਸ਼ਲਿਸਟ ਭਾਵੇਂ ਜਿਹੜੇ ਵੀ ਹੋਣ, ਪਰ ਉਹ ਜੇਕਰ ਅਜਿਹਾ ਕਹਿ ਰਹੇ ਸਨ ਤਾਂ ਸੋਲ੍ਹਾਂ ਆਨੇ ਸਹੀ ਗੱਲ ਕਹਿ ਰਹੇ ਸਨ। ਲੋਕਾਂ ਦੀ ਕਿਰਤ ਸ਼ਕਤੀ ਨੂੰ ਲੁੱਟ ਕੇ ਪੂੰਜੀ ਦਾ ਅੰਬਾਰ ਖੜਾ ਕਰਨ ਵਾਲਿਆਂ ਅਤੇ ਕਲ-ਕਾਰਖਾਨਿਆਂ-ਜ਼ਮੀਨ ਦੀ ਮਾਲਕੀ ਹਾਸਿਲ ਕਰਨ ਵਾਲੇ ਲੁਟੇਰਿਆਂ ਨੂੰ ਸੰਪਤੀ ਦਾ ਕੌਮੀਕਰਨ ਕਰਦੇ ਸਮੇਂ ਮੁਆਵਜਾ ਦੇਣ ਦੀ ਭਲਾ ਕੀ ਵਾਜਬੀਅਤ ਹੈ? ਇਸ 'ਚ ਦਲਿਤ ਜਾਤੀਆਂ ਦਾ ਭਲਾ ਕੀ ਹਿੱਤ ਹੈ? ਜ਼ਿਮੀਦਾਰਾਂ-ਜਾਗੀਰਦਾਰਾਂ ਅਤੇ ਸਰਮਾਏਦਾਰਾਂ ਨੂੰ ਸੰਪਤੀ ਦਾ ਮੁਆਵਜਾ ਵੀ ਤਾਂ ਸਰਕਾਰ ਲੋਕਾਂ ਦੇ ਪੈਸੇ ਤੋਂ ਹੀ ਦਿੰਦੀ! ਕੀ ਇੰਨਾਂ ਕਾਫ਼ੀ ਨਹੀਂ ਹੁੰਦਾ ਕਿ ਕੋਈ ਅਸਲੀ ਜਮਹੂਰੀਅਤ ਉਹਨਾਂ ਨੂੰ ਆਮ ਨਾਗਰਿਕ ਦੇ ਬਰਾਬਰ ਕੰਮ ਕਰਨ ਅਤੇ ਜੀਣ ਦੇ ਹੱਕ ਪ੍ਰਦਾਨ ਕਰਦੀ! ਅੰਬੇਡਕਰ ਧਨਾਢਾਂ ਨੂੰ ਮੁਆਵਜਾ ਦੇਣ ਦੀ ਇੰਨੀ ਤਰਫ਼ਦਾਰੀ ਕਿਉਂ ਕਰਦੇ ਹਨ? ਸੰਵਿਧਾਨ ਸਭਾ 'ਚ ਬੈਠੇ, ਦੇਸ਼ ਦੇ 11.5 ਪ੍ਰਤੀਸ਼ਤ ਲੋਕਾਂ ਦੇ ਨੁਮਾਇੰਦਿਆਂ ਦਾ ਤਾਂ ਉਹ ਇੰਨਾਂ ਗੁਣਗਾਨ ਕਰਦੇ ਹਨ, ਪਰ ਬਿਨਾਂ ਮੁਆਵਜ਼ਾ ਦਿੱਤੇ ਸੰਪਤੀ ਦਾ ਗੁਣਗਾਨ ਕਰਨ ਦੀ ਮੰਗ ਕਰਨ ਵਾਲਿਆਂ 'ਤੇ ਇਕਦਮ ਲਾਲ-ਪੀਲੇ ਹੋ ਜਾਂਦੇ ਹਨ! ਕੀ ਇਹ ਸੋਚਣ ਵਾਲ਼ੀ ਗੱਲ ਨਹੀਂ ਹੈ ਕਿ ਕਿਉਂ?

ਅੱਗੇ ਆਪਣੇ ਭਾਸ਼ਣ 'ਚ ਅੰਬੇਡਕਰ ਜਾਤੀ-ਧਰਮ ਵਰਗੇ ਪੁਰਾਣੇ ਦੁਸ਼ਮਣਾਂ ਅਤੇ ਕਈ ਸਿਆਸੀ ਪਾਰਟੀਆਂ (ਪਰ ਜਿਸ ਸੰਸਦੀ ਜਮਹੂਰੀਅਤ ਦੇ ਉਹ ਹਾਮੀ ਸਨ ਉਸ 'ਚ ਕਈ ਸਿਆਸੀ ਪਾਰਟੀਆਂ ਤਾਂ ਹੋਣੀਆਂ ਹੀ ਸਨ) ਦੇ ਹੁੰਦੇ ਹੋਏ, ਸਿਆਸੀ ਵਿਰੋਧਾਭਾਸਾਂ ਕਾਰਨ ਅਜ਼ਾਦੀ ਅਤੇ ਲੋਕਤੰਤਰ ਨੂੰ ਖ਼ਤਰੇ 'ਚ ਪੈਣ ਤੋਂ ਬਚਾਉਣ ਲਈ ਭਾਰਤਵਾਸੀਆਂ ਨੂੰ ਮਤਾਂ ਅਤੇ ਪੰਥਾਂ ਤੋਂ ਦੇਸ਼ ਨੂੰ ਉਤਾਂਹ ਰੱਖਣ ਦੀ ਅਪੀਲ ਕਰਦੇ ਹਨ। ਇੱਥੇ ਉਹ ਆਪਣੇ ਕੱਟੜ-ਦੁਸ਼ਮਣ ਗਾਂਧੀ ਦੀ ਭਾਸ਼ਾ ਬੋਲਦੇ ਨਜ਼ਰ ਆਉਂਦੇ ਹਨ। ਅਚਾਨਕ ਉਹਨਾਂ ਨੂੰ ਇਹ ਕਿਵੇਂ ਲੱਗਣ ਲੱਗਾ ਕਿ ਸਵਰਣ ਜਾਤਾਂ ਦੇਸ਼ ਹਿਤ 'ਚ ਜਾਤੀਗਤ ਦਾਬਾ ਬੰਦ ਕਰ ਦੇਣਗੀਆਂ ਅਤੇ ਫ਼ਿਰਕੂ ਤੱਤ ਆਪਣੇ ਸੰਕਰੀਣ ਮਤ ਜਾਂ ਪੰਥ ਤੋਂ ਉਤਾਂਹ ਉੱਠ ਜਾਣਗੇ? ਇਸ ਮਗਰੋਂ ਉਹਨਾਂ ਨੇ ਕੇਵਲ ਬੌਧ ਗਣਰਾਜਾਂ ਦੀਆਂ ਪ੍ਰਾਚੀਨ ਹਿੰਦੂ ਰਾਜਿਆਂ ਦੇ ਲੋਕਤੰਤਰ ਦਾ ਵੀ ਗੁਣਗਾਨ ਕੀਤਾ ਹੈ। ਇਹ ਤੱਥ ਇਤਿਹਾਸ 'ਚ ਕਿਸੇ ਤੋਂ ਛੁਪਿਆ ਹੋਇਆ ਨਹੀਂ ਹੈ ਕਿ ਪੁਰਾਣੇ ਬੌਧ ਗਣਰਾਜਾਂ 'ਚ ਵੀ ਸਮਾਜ 'ਚ ਨਾ ਕੇਵਲ ਜਮਾਤੀ ਅਹੁਦੇ ਹੇਠਾਂ ਤੋਂ ਉਤਾਹ, ਪੌੜੀ ਦੇ ਡੰਡਿਆਂ ਦੇ ਕ੍ਰਮ ਵਿੱਚ ਸਨ ਸਗੋਂ ਜਾਤੀਗਤ ਦਾਬੇ ਵੀ ਮੌਜੂਦ ਸਨ। ਇਹ ਸਮਝਣਾ ਤਾਂ ਹੋਰ ਵੀ ਮੁਸ਼ਕਿਲ ਹੈ ਕਿ ਅਚਾਨਕ ਹਿੰਦੂ ਰਾਜੇ ਅੰਬੇਡਕਰ ਨੂੰ ਇੰਨੇ ਪਿਆਰੇ ਕਿਵੇਂ ਲੱਗਣ ਲੱਗੇ?

ਆਪਣੇ ਇਸ ਭਾਸ਼ਣ 'ਚ ਅੰਬੇਡਕਰ ਨੇ ਸੰਵਿਧਾਨ ਨੂੰ "ਸਿਆਸੀ ਲੋਕਤੰਤਰ ਦੀ ਵਿਸ਼ਾਲ ਸੰਰਚਨਾ" ਦੀ ਸੰਗਿਆ ਦਿੱਤੀ ਹੈ। ਇਹੀ ਉਹ "ਸਿਆਸੀ ਲੋਕਤੰਤਰ ਦੀ ਵਿਸ਼ਾਲ ਸੰਰਚਨਾ" ਹੈ, ਜਿਸਦੀ ਉਸਾਰੀ 11.5 ਪ੍ਰਤੀਸ਼ਤ ਕੁਲੀਨਾਂ ਦੇ ਨੁਮਾਇੰਦਿਆਂ ਨੇ ਕੀਤੀ ਸੀ, ਜਿਸਦੇ ਪ੍ਰਬੰਧਾਂ ਤਹਿਤ 1975 'ਚ ਐਮਰਜੈਂਸੀ ਲੱਗੀ ਸੀ ਅਤੇ ਜਿਸਦੇ ਤਹਿਤ ਹੋਣ ਵਾਲੀਆਂ ਸੰਸਦੀ ਚੋਣਾਂ 'ਚ ਪੂੰਜੀ ਦੀ ਤਾਕਤ ਦੀ ਨੰਗੀ ਖੇਡ ਪਿਛਲੇ ਛੇ ਦਹਾਕਿਆਂ ਤੋਂ ਬੇਰੋਕ ਜਾਰੀ ਹੈ। ਇਹੀ "ਸਿਆਸੀ ਲੋਕਤੰਤਰ ਦੀ ਵਿਸ਼ਾਲ ਸੰਰਚਨਾ" ਹੈ ਜਿਹੜੀ ਪਿਛਲੇ ਛੇ ਦਹਾਕਿਆਂ 'ਚ ਉਹਨਾਂ ਦਲਿਤਾਂ ਨੂੰ ਚੱਕੀ ਦੀ ਤਰ੍ਹਾਂ ਪੀਸ ਰਹੀ ਹੈ, ਅੰਬੇਡਕਰ ਜਿਹਨਾਂ ਦੇ ਹਿੱਤਾਂ ਦੇ ਸਭ ਤੋਂ ਵੱਡੇ ਪੈਰੋਕਾਰ ਸਨ। ਇਹੀ ਉਹ ਲੋਕਤੰਤਰ ਹੈ ਜਿਸ 'ਚ 77.5 ਪ੍ਰਤੀਸ਼ਤ ਵਸੋਂ ਅੱਜ ਵੀ 20 ਰੁਪਏ ਰੋਜ਼ਾਨਾ ਤੋਂ

ਘੱਟ 'ਤੇ ਜਿਉਂਦੀ ਹੈ, ਜਦੋਂ ਕਿ ਉਤਾਂਹ ਦੇ ਦਸ ਪ੍ਰਤੀਸ਼ਤ ਲੋਕ ਅੱਯਾਸ਼ੀ ਅਤੇ ਵਿਲਾਸਿਤਾ ਦੇ ਟਾਪੂਆਂ 'ਤੇ ਬਸੇਰਾ ਕਰਦੇ ਹਨ। ਅੰਬੇਡਕਰ ਇਸੇ ਲੋਕਤੰਤਰ ਨੂੰ ਬਚਾਉਣ ਲਈ ਸਭ ਤੋਂ ਵੱਧ ਫਿਕਰਮੰਦ ਸਨ ਅਤੇ ਆਪਣੇ ਭਾਸ਼ਣ 'ਚ ਉਹਨਾਂ ਨੇ ਸਪਸ਼ਟ ਕਿਹਾ ਕਿ ਸਾਨੂੰ ਇਨਕਲਾਬ ਦੇ ਬੇਕਾਰ ਤਰੀਕਿਆਂ ਨੂੰ ਛੱਡਣਾ ਪਏਗਾ ਅਤੇ ਸੰਵਿਧਾਨਕ ਤਰੀਕਿਆਂ 'ਤੇ ਦ੍ਰਿੜ ਰਹਿਣਾ ਹੋਵੇਗਾ। ਪੂੰਜੀਵਾਦੀ ਜਮਹੂਰੀਅਤ ਦੀ ਇਸ ਤੋਂ ਵੱਡੀ ਸੇਵਾ ਭਲਾ ਹੋਰ ਕੀ ਹੋ ਸਕਦੀ ਹੈ ਕਿ ਜਿਹਨਾਂ ਨੂੰ ਵਿਦਰੋਹ ਕਰਨ ਦੀ ਸਭ ਤੋਂ ਵੱਧ ਲੋੜ ਸੀ (ਅਤੇ ਹੈ), ਉਹਨਾਂ ਹੀ ਦਲਿਤਾਂ ਨੂੰ ਉਹਨਾਂ ਦਾ "ਮਸੀਹਾ" ਸੰਘਰਸ਼ ਦੇ ਰਾਹ ਤੋਂ ਵੱਖ ਰਹਿਣ ਅਤੇ ਸੰਵਿਧਾਨ-ਕਾਨੂੰਨ ਦੀ "ਪਵਿੱਤਰਤਾ" ਦੀ ਉਲੰਘਣਾ ਨਾ ਕਰਨ ਦੀ ਨਸੀਹਤ ਦੇ ਗਿਆ!

ਅੱਗੇ ਆਪਣੇ ਭਾਸ਼ਣ 'ਚ ਅੰਬੇਡਕਰ ਧਨੀ-ਗਰੀਬ ਦਰਮਿਆਨ ਪਾੜੇ ਅਤੇ ਬਹੁਗਿਣਤੀ ਲੋਕਾਂ ਦੀ ਨਰਕੀ ਦਰਿੱਦਰਤਾ ਦੀ ਚਰਚਾ ਕਰਦੇ ਹਨ। ਉਹ ਖੁਦਮੁਖਤਿਆਰੀ ਅਤੇ ਲੋਕਤੰਤਰਿਕ ਢਾਂਚੇ ਨੂੰ ਬਣਾਈ ਰੱਖਣ ਅਤੇ ਲੋਕਾਂ ਨੂੰ ਜਮਾਤੀ-ਜੰਗ ਦੇ ਰਾਹ 'ਤੇ ਜਾਣ ਤੋਂ ਰੋਕਣ ਲਈ ਸਰਕਾਰ ਤੋਂ ਕੁਝ ਸਮਾਜਿਕ-ਆਰਥਿਕ ਸੁਧਾਰ ਅਧਾਰਿਤ ਕਦਮ ਦੀ ਉਮੀਦ ਕਰਦੇ ਹਨ ('ਆਰਥਿਕ ਲੁੱਟ ਤੋਂ ਮੁਕਤੀ' ਦੇ ਉਹਨਾਂ ਦੇ ਹਵਾਈ ਸੁਝਾਅ ਤਾਂ ਪਹਿਲਾਂ ਹੀ ਖ਼ਾਰਿਜ ਕੀਤੇ ਜਾ ਚੁੱਕੇ ਸਨ) ਪਰ ਗਰੀਬਾਂ ਨੂੰ ਉਹ ਵਾਰੀ-ਵਾਰੀ ਇਹ ਉਪਦੇਸ਼ ਦਿੰਦੇ ਰਹੇ ਹਨ ਕਿ ਉਹ ਸੰਵਿਧਾਨ ਅਤੇ ਕਾਨੂੰਨ ਖਿਲਾਫ਼ ਕਦੇ ਵੀ ਨਾ ਜਾਣ।

ਅੰਬੇਡਕਰ ਦੇ ਇਸ ਭਾਸ਼ਣ ਮਗਰੋਂ ਕਾਂਗਰਸੀ ਅਤੇ ਹੋਰ ਮੈਂਬਰਾਂ ਨੇ ਉਹਨਾਂ ਦੀ ਤਾਰੀਫ਼ ਦੀ ਝੜੀ ਲਗਾ ਦਿੱਤੀ ਅਤੇ ਉਹਨਾਂ ਨੂੰ ''ਆਧੁਨਿਕ ਮਨੂੰ'' ਦੀ ਸੰਗਿਆ ਦਿੱਤੀ। ਕਾਂਗਰਸ ਪ੍ਰਤੀ ਆਤਮਸਮਰਪਣ ਦਾ ਦ੍ਰਿਸ਼ ਪੂਰਾ ਹੋ ਚੁੱਕਿਆ ਸੀ।

ਇਸ ਮਗਰੋਂ ਉਹ ਚਾਰ ਵਰ੍ਹਿਆਂ ਤੱਕ ਉਡੀਕ ਕਰਦੇ ਰਹੇ। ਉਹਨਾਂ ਨੂੰ ਨਾ ਤਾਂ ਮਨਚਾਹਿਆਂ ਮੰਤਰਾਲਾ ਮਿਲ਼ਿਆ, ਨਾ ਹੀ ਉਹਨਾਂ ਨੂੰ ਕਿਸੇ ਹੋਰ ਨਵੀਂ ਗਠਿਤ ਕਮੇਟੀ 'ਚ ਹੀ ਲਿਆ ਗਿਆ। 1952 'ਚ ਉਹ ਰਾਜਸਭਾ ਦੇ ਮੈਂਬਰ ਬਣੇ। 1953 'ਚ ਰਾਜਸਭਾ 'ਚ 'ਆਂਧਰਾ ਰਾਜ ਦੇ ਬਿਲ' 'ਤੇ ਬੋਲਦੇ ਹੋਏ ਉਹਨਾਂ ਨੇ ਕਿਹਾ- "ਸਭ ਲੋਕ ਮੈਨੂੰ ਸੰਵਿਧਾਨ ਘਾੜਾ ਕਹਿੰਦੇ ਹਨ। ਅਸਲ 'ਚ ਮੈਨੂੰ ਬਹੁਤ ਸਾਰੀਆਂ ਗੱਲਾਂ ਆਪਣੀਆਂ ਇੱਛਾਵਾਂ ਵਿਰੁੱਧ ਲਿਖਣੀਆਂ ਪਈਆਂ ਸਨ। ਹੁਣ ਮੈਂ ਉਸ ਸੰਵਿਧਾਨ ਤੋਂ ਸੰਤੁਸ਼ਟ ਨਹੀਂ ਹਾਂ ਜਿਸਨੂੰ ਮੈਂ ਖੁਦ ਲਿਖਿਆ। ਮੈਂ ਪਹਿਲਾ ਵਿਅਕਤੀ ਹੋਵਾਂਗਾ ਜਿਹੜਾ ਇਸਨੂੰ ਫ਼ੂਕਣ ਲਈ ਅੱਗੇ ਆਵੇਗਾ। ਇਹ ਸੰਵਿਧਾਨ ਕਿਸੇ ਲਈ ਵੀ ਉਪਯੋਗੀ ਨਹੀਂ ਹੈ।" (ਰੰਗਨਾਇਕੰਮਾ- ਉਪਰੋਕਤ ਪੁਸਤਕ, ਪੰਨਾਂ 452-453)।

ਹੁਣ ਜਿਵੇਂ ਕਿ ਅਸੀਂ ਉੱਪਰ ਖੁਦ ਅੰਬੇਡਕਰ ਦੇ ਹੀ ਮੂੰਹ ਤੋਂ ਸੁਣ ਚੁੱਕੇ ਹਾਂ (ਅਤੇ ਇਹ ਇਤਿਹਾਸ ਦਾ ਤੱਥ ਹੈ) ਕਿ ਸੰਵਿਧਾਨ ਦੇ ਮੁੱਖ ਵਾਸਤੂਕਾਰ ਨੌਕਰਸ਼ਾਹ ਰਾਓ ਅਤੇ ਮੁਖਰਜੀ ਸਨ। ਉਹਨਾਂ ਰਾਹੀਂ ਵਿਚਾਰ-ਵਿਮਰਸ਼ ਮਗਰੋਂ ਬਹੁਮਤ ਨਾਲ ਜੋੜ-ਘਟਾ ਕੀਤਾ ਗਿਆ। ਅੰਬੇਡਕਰ ਦੀ ਭੂਮਿਕਾ ਉਸ ਖਰੜਾ ਕਮੇਟੀ ਦੇ ਪ੍ਰਧਾਨ ਦੇ ਤੌਰ 'ਤੇ ਜੋੜੇ-ਘਟਾਏ ਗਏ ਅੰਸ਼ਾਂ ਦੀ ਮਹਿਜ਼ 'ਡ੍ਰਾਫਟਿੰਗ' ਕਰਨ ਦੀ ਸੀ। ਇਸ ਲਈ ਅੰਬੇਡਕਰ ਰਾਹੀਂ ਖੁਦ ਨੂੰ "ਸੰਵਿਧਾਨ ਦਾ ਲੇਖਕ" ਕਹਿਣਾ ਗਲਤ ਹੈ। ਦੂਜੀ ਗੱਲ, ਆਪਣੀ ਮਰਜ਼ੀ ਵਿਰੁੱਧ ਜ਼ਿਆਦਾਤਰ ਗੱਲਾਂ ਲਿਖਣ ਦੀ ਅਜਿਹੀ ਕੀ ਮਜ਼ਬੂਰੀ ਸੀ? ਅੰਬੇਡਕਰ ਸੰਵਿਧਾਨ ਸਭਾ ਜਾਂ ਖਰੜਾ ਕਮੇਟੀ ਤੋਂ ਬਾਹਰ ਕਿਉਂ ਨਹੀ ਆ ਗਏ? ਤੀਜੀ ਗੱਲ, ਜੇਕਰ ਆਪਣੀ ਮਰਜ਼ੀ ਖ਼ਿਲਾਫ ਜਿਆਦਾਤਰ ਗੱਲਾਂ ਲਿਖਣੀਆਂ ਹੀ ਪਈਆਂ ਤਾਂ ਨਵੰਬਰ 1947 ਦੇ ਆਪਣੇ ਭਾਸ਼ਣ 'ਚ ਇੰਨੇ ਅਤਿ-ਹੁਸ਼ਿਆਰੀ ਨਾਲ਼ ਅਰਥਾਂ ਅਤੇ ਸ਼ਬਦਾਂ ਨੂੰ ਸ਼ਿੰਗਾਰਦੇ ਹੋਏ ਸੰਵਿਧਾਨ ਦੀ ਸ੍ਰੇਸ਼ਠਤਾ-ਮਹਾਨਤਾ ਦੀ ਸ਼ਲਾਘਾ ਦਾ ਗੀਤ ਗਾਉਣ ਦੀ ਹੋਰ ਸੰਵਿਧਾਨ-ਘਾੜੇ ਸਹਿਯੋਗੀਆਂ ਦਾ ਗੁਣ-ਗਾਣ ਕਰਨ ਦੀ ਕੀ ਮਜ਼ਬੂਰੀ ਸੀ? ਚੌਥੀ ਗੱਲ, ਸੰਵਿਧਾਨ ਲਾਗੂ ਹੋਣ ਦੇ ਚਾਰ ਵਰ੍ਹਿਆਂ ਅੰਦਰ ਹੀ ਅਜਿਹਾ ਕੀ ਵਾਪਰ ਗਿਆ ਕਿ ਸੰਵਿਧਾਨ ਤੋਂ ਅੰਬੇਡਕਰ ਦਾ ਇਸ ਕਦਰ ਮੋਹ ਭੰਗ ਹੋ ਗਿਆ ਕਿ ਉਹ ਉਸਨੂੰ ਫ਼ੂਕਣ ਨੂੰ ਤਿਆਰ ਹੋ ਗਏ? ਪੰਜਵੀ ਗੱਲ, ਜੇਕਰ ਅਜਿਹਾ ਹੋ ਹੀ ਗਿਆ ਤਾਂ ਉਸੇ ਸਮੇਂ ਉਹ ਮੰਤਰੀ ਅਹੁਦੇ ਅਤੇ ਰਾਜਸਭਾ ਤੋਂ ਅਸਤੀਫਾ ਦੇ ਕੇ ਬਾਹਰ ਕਿਉਂ ਨਹੀਂ ਆ ਗਏ?

ਇਸ ਭਾਸ਼ਣ ਮਗਰੋਂ ਅੰਬੇਡਕਰ ਸਤੰਬਰ 1955 ਤੱਕ ਕਾਨੂੰਨਮੰਤਰੀ ਬਣੇ ਰਹੇ ਅਤੇ ਕਿਰਤ ਜਾਂ ਯੋਜਨਾ ਮੰਤਰਾਲਾ ਵਰਗਾ ਪਸੰਦ ਦਾ ਮੰਤਰਾਲਾ ਹਾਸਲ ਕਰਨ ਦਾ ਇੰਤਜ਼ਾਰ ਕਰਦੇ ਰਹੇ। ਫਿਰ ਨਿਰਾਸ਼ ਹੋ ਕੇ ਉਹਨਾਂ ਨੇ ਅਸਤੀਫ਼ਾ ਦੇ ਦਿੱਤਾ। ਯੇਦੁੰਲਰੀ ਦੀ ਤੇਲਗੂ ਪੁਸਤਕ ਦੇ ਹਵਾਲੇ ਤੋਂ ਰੰਗਨਾਇਕੰਮਾ ਨੇ ਦੱਸਿਆ ਹੈ (ਪੰਨਾਂ 451) ਕਿ ਅੰਬੇਡਕਰ ਨੇ ਆਪਣੇ ਅਸਤੀਫ਼ੇ ਦੇ ਚਾਰ ਕਾਰਨ ਦੱਸੇ ਸਨ — ਪਹਿਲਾਂ, ਮਨਚਾਹਿਆ ਮੰਤਰਾਲਾ ਨਾ ਮਿਲਣਾ, ਦੂਜਾ ਦਲਿਤਾਂ ਦੀ ਸੁਰੱਖਿਆ ਦਾ ਸਰਕਾਰ ਦੁਆਰਾ ਸਮੁੱਚਾ ਪ੍ਰਬੰਧ ਨਾ ਮਿਲਣਾ, ਤੀਜਾ ਵਿਦੇਸ਼ ਨੀਤੀ ਨਾਲ ਅਸਹਿਮਤੀ, ਚੌਥਾ ਮੰਤਰੀਆਂ ਦੀਆਂ ਕਮੇਟੀਆਂ ਦੇ ਫੈਸਲਿਆਂ 'ਚ ਛੋਟੇ ਵਰਗੀ ਹਾਲਤ। ਅਜਿਹਾ ਲੱਗਦਾ ਹੈ ਕਿ ਇਹਨਾਂ 'ਚ ਪਹਿਲਾਂ ਕਾਰਨ ਹੀ ਪ੍ਰਧਾਨ ਹੈ ਅਤੇ ਇਹ ਸ਼ੁੱਧ ਵਿਅਕਤੀਗਤ ਪੰਸਦ ਦਾ ਮਾਮਲਾ ਸੀ, ਨਾ ਕਿ ਅਸੂਲੀ ਮਾਮਲਾ ਸੀ। ਜਿੱਥੇ ਤੱਕ ਦੂਜੇ ਕਾਰਨ ਦਾ ਸਵਾਲ ਹੈ, ਅੰਬੇਡਕਰ ਨੇ ਸਰਕਾਰ ਤੋਂ ਦਲਿਤਾਂ ਦੀ ਸੁਰਖਿਆ ਦੀ ਉਮੀਦ ਕਿਸ ਅਧਾਰ 'ਤੇ ਕੀਤੀ ਸੀ, ਪੁੱਛਿਆ ਇਹ ਜਾਣਾ ਚਾਹੀਦਾ ਹੈ। ਦਲਿਤਾਂ ਅਤੇ ਸਮੁੱਚੇ ਲੋਕਾਂ ਨੂੰ ਤਾਂ ਹਰ ਹਾਲ 'ਚ ਉਹ ਸੰਵਿਧਾਨ ਅਤੇ ਕਾਨੂੰਨ ਦੇ ਚੌਖਟੇ 'ਚ ਰਹਿਣ ਦੀ ਨਸੀਹਤ ਪਹਿਲਾਂ ਹੀ ਦੇ ਚੁੱਕੇ ਸਨ। ਹੁਣ ਜਦੋ ਕਿ ਸਰਕਾਰ ਦਲਿਤ-ਹਿੱਤਾਂ ਦੀ ਅਣਦੇਖੀ ਕਰ ਰਹੀ ਸੀ ਅਤੇ ਉਹ ਖੁਦ ਸੰਵਿਧਾਨ ਨੂੰ ਫ਼ੂਕਣ ਦੇ ਮੂਡ 'ਚ ਆ ਗਏ ਸਨ, ਤਾਂ ਉਹਨਾਂ ਨੇ ਇਹ ਨਹੀਂ ਦੱਸਿਆ ਕਿ ਦਲਿਤ ਕੀ ਕਰਨ — ਸੰਵਿਧਾਨ ਫ਼ੂਕਣ (ਇਹ ਤਾਂ ਘੋਰ ਅਸੰਵਿਧਾਨਕ ਅਤੇ ਗੈਰਕਾਨੂੰਨੀ ਕੰਮ ਹੈ ਅਤੇ ਲੋਕ-ਲਹਿਰ ਦਾ ਇਕ ਰੂਪ ਵੀ) ਜਾਂ ਸੰਵਿਧਾਨ 'ਚ ਸੋਧ ਲਈ ਕੁਝ ਕਰਨ! ਜਿਆਦਾਤਰ ਪੂੰਜੀਵਾਦੀ ਦਲਿਤ ਆਗੂ ਭਾਵੇਂ ਸੰਵਿਧਾਨ 'ਚ ਛੇੜਛਾੜ ਨੂੰ ਅੰਬੇਡਕਰ ਦੀ ਸ਼ਾਨ 'ਚ ਗੁਸਤਾਖ਼ੀ ਸਮਝਦੇ ਹੋਣ, ਅੰਬੇਡਕਰ ਨੇ ਨੰਵਬਰ 1947 ਦੇ ਆਪਣੇ ਭਾਸ਼ਣ 'ਚ ਸੱਪਸ਼ਟ ਕਿਹਾ ਸੀ ਕਿ ਆਉਣ ਵਾਲੇ ਸਮੇਂ 'ਚ ਲੋੜ ਮੁਤਾਬਿਕ ਇਸ ਨੂੰ ਬਦਲਿਆ ਜਾ ਸਕਦਾ ਹੈ! ਪਰ ਤਦ ਸੰਵਿਧਾਨ-ਸੋਧ ਦੀ ਬਜਾਏ ਉਹ ਖੁਦ ਉਸਨੂੰ ਫ਼ੂਕਣ ਦੀ ਗੱਲ ਕਿਉਂ ਕਰਨ ਲੱਗੇ ਅਤੇ ਜੇਕਰ ਕਰਨ ਹੀ ਲੱਗੇ ਤਾਂ ਪੂਰੇ ਦੇਸ਼ ਦੇ ਲੋਕਾਂ ਅਤੇ ਦਲਿਤਾਂ ਨੂੰ ਅਜਿਹਾ ਕਰਨ ਲਈ ਕਿਹਾ ਕਿਉਂ ਨਹੀਂ!

ਮੰਤਰੀ ਅਹੁਦੇ ਤੋਂ ਆਪਣੇ ਅਸਤੀਫ਼ੇ ਦੀ ਤੀਜੀ ਵਜ੍ਹਾ ਦੇ ਵਿਸਥਾਰ 'ਚ ਅੰਬੇਡਕਰ ਗਏ ਹੀ ਨਹੀਂ ਅਤੇ ਚੌਥੀ ਵਜ੍ਹਾ ਤੋਂ ਅਜਿਹਾ ਲੱਗਦਾ ਹੈ ਕਿ ਉਹ ਮੰਤਰੀਆਂ ਦੇ ਫੈਸਲੇ ਲੈਣ ਦੇ ਨਿਰਕੁੰਸ਼ ਹੱਕ ਦੇ ਪੱਖਪਾਤੀ ਸਨ।

ਖ਼ੈਰ, ਅਗਲੀ ਗੱਲ ਇਹ ਹੈ ਕਿ ਮੰਤਰੀ ਅਹੁਦੇ ਤੋਂ ਅਸਤੀਫ਼ੇ ਮਗਰੋਂ, ਅੰਬੇਡਕਰ ਦੇ ਜੀਵਨ ਦਾ ਅਗਲਾ ਮਹੱਤਵਪੂਰਨ ਕਦਮ ਸੀ 1956 'ਚ ਬੁੱਧ ਧਰਮ ਗ੍ਰਹਿਣ ਕਰ ਲੈਣਾ। 1936 'ਚ ਧਰਮ-ਪਰਿਵਰਤਨ ਦੇ ਫੈਸਲੇ ਦੇ ਐਲਾਨ ਤੋਂ ਵੀਹ ਵਰ੍ਹਿਆਂ ਮਗਰੋਂ ਉਹਨਾਂ ਨੇ ਇਸਨੂੰ ਅਮਲੀ ਜਾਮਾ ਪਹਿਨਾਇਆ। ਬੁੱਧ ਧਰਮ ਦੇ ਆਪਣੇ ਸਮੇਂ 'ਚ ਜਿਹੜੀ ਸੀਮਤ ਅਗਾਂਹਵਧੂ ਭੂਮਿਕਾ ਰਹੀ ਸੀ, ਜਾਂ ਉਸਦਾ ਜਿਹੜਾ ਫਲਸਫ਼ਾਨਾ ਤੱਤ ਸੀ, ਜਾਂ ਹਾਕਮ ਜਮਾਤੀ ਹਿੱਤਾਂ ਨਾਲ ਉਸਦੇ ਸਮਝੌਤੇ ਅਤੇ ਪਤਨ-ਖਿੰਡਾਅ ਦੀ ਜਿਹੜੀ ਪ੍ਰਕਿਰਿਆ ਰਹੀ ਸੀ, ਉਸ ਇਤਿਹਾਸਿਕ ਵਿਮਰਸ਼ 'ਚ ਅੰਬੇਡਕਰ ਜਾਂਦੇ ਹੀ ਨਹੀਂ। ਅੰਤਮ ਵਿਸ਼ਲੇਸ਼ਣ 'ਚ, ਹਰ ਧਰਮ ਦੀ ਤਰ੍ਹਾਂ ਬੁੱਧ ਧਰਮ ਵੀ ਹਾਸਲ ਲੋਟੂ ਸੰਬਧਾਂ ਦੇ ਪੱਖ 'ਚ ਖੜ੍ਹਾ ਹੁੰਦਾ ਹੈ। ਅੰਬੇਡਕਰ ਇਸ ਮਾਰਕਸਵਾਦੀ ਸਥਾਪਨਾ ਦਾ ਵੀ ਕੋਈ ਤਰਕਪੂਰਨ ਵਿਰੋਧ ਨਹੀਂ ਕਰਦੇ। ਬੁੱਧ ਧਰਮ 'ਚ ਹੱਲ ਲੱਭਦੇ ਹੋਏ ਉਹ ਗੈਰ-ਤਰਕਸੰਗਤ ਢੰਗ ਨਾਲ਼ ਬੁੱਧ ਗ੍ਰੰਥਾਂ ਦੀਆਂ ਕੁਝ ਕਥਾਵਾਂ ਸੁਣਾਉਂਦੇ ਹਨ ਅਤੇ ਨਿਹਾਇਤ ਕੱਚਘਰੜ ਧਾਰਮਿਕ ਯੂਟੋਪੀਆ ਪੇਸ਼ ਕਰਦੇ ਹਨ। ਉਹ ਇਹ ਵੀ ਨਹੀਂ ਦੱਸਦੇ ਕਿ ਜੇਕਰ ਆਧੁਨਿਕ ਯੁੱਗ ਦੀਆਂ ਸਮੱਸਿਆਵਾਂ ਦਾ ਹੱਲ ਬੁੱਧ ਧਰਮ 'ਚ ਹੈ ਤਾਂ ਬੁੱਧ ਧਰਮ ਦੇ ਚੇਲੇ ਦੇਸ਼ਾਂ 'ਚ ਵੀ ਜਗੀਰੂ ਅਤੇ ਪੂੰਜੀਵਾਦੀ ਲੁੱਟ ਅਤੇ ਸਮੱਸਿਆਵਾਂ ਕਿਉਂ ਮੌਜੂਦ ਸਨ। ਅੰਬੇਡਕਰ ਦੀ ਪੈਰੋਕਾਰੀ ਕਰਦੇ ਹੋਏ ਦੇਸ਼ ਦੇ ਕੁਝ ਹਿੱਸਿਆਂ 'ਚ ਕੁਝ ਦਲਿਤ ਬੋਧੀ ਬਣੇ, ਪਰ ਉਹਨਾਂ ਨੂੰ "ਨਵਬੋਧ" ਕਿਹਾ ਗਿਆ। "ਨਵਬੋਧ" ਸ਼ਬਦ ਦਲਿਤ ਸ਼ਬਦ ਦਾ ਹੀ ਸਮਾਨਅਰਥਕ ਬਣ ਗਿਆ ਅਤੇ ਦਲਿਤ ਜਾਤਾਂ ਦਾ ਸਮਾਜਿਕ ਵੱਖਰੇਵਾਂ ਅਤੇ ਦਾਬਾ ਜਿਉਂ ਦਾ ਤਿਉਂ ਬਣਿਆ ਰਿਹਾ। ਰਿਜ਼ਰਵੇਸ਼ਨ ਨੇ ਆਮ ਦਲਿਤਾਂ ਦੀ ਸਮੱਸਿਆ ਦਾ ਕਿੰਨਾਂ ਹੱਲ ਕੀਤਾ ਹੈ, ਸੱਠ ਵਰ੍ਹਿਆਂ ਦੀ ਇਹ ਹਕੀਕਤ ਵੀ ਸਾਡੇ ਸਾਹਮਣੇ ਹੈ!

ਆਪਣੇ ਹੀ ਬਣਾਏ ਸੰਵਿਧਾਨ ਤੋਂ ਅੰਬੇਡਕਰ ਤਾਂ ਨਾਰਾਜ਼ ਹੋ ਗਏ, ਪਰ ਦਲਿਤਾਂ ਨੂੰ ਕੋਈ ਬਦਲਵਾਂ ਰਾਹ ਨਹੀਂ ਸੁਝਾ ਸਕੇ। ਹੱਥ 'ਚ ਸੰਵਿਧਾਨ ਲਈ ਉਹਨਾਂ ਦੀ ਮੂਰਤੀ ਅੱਜ ਵੀ ਦੇਸ਼ਵਿਆਪੀ ਇੱਜ਼ਤ ਹਾਸਲ ਕਰਦੀ ਹੈ। ਦਲਿਤ-ਮੁਕਤੀ ਦਾ ਕੋਈ ਪ੍ਰਾਜੈਕਟ ਸਾਰੇ ਮਹਿਕੂਮ-ਲਤਾੜੇ ਕਿਰਤੀਆਂ ਦੇ ਮੁਕਤੀ-ਸੰਘਰਸ਼ ਦੇ ਇਕ ਹਿੱਸੇ ਦੇ ਤੌਰ 'ਤੇ ਹੀ ਅੱਗੇ ਕਦਮ ਵਧਾ ਸਕਦਾ ਹੈ। ਪਰ ਵਿਚਾਰਧਾਰਕ ਕਮਜ਼ੋਰੀਆਂ ਤੋਂ ਛੁੱਟ ਡਾ.ਅੰਬੇਡਕਰ ਦਾ ਸੰਵਿਧਾਨਵਾਦੀ-ਕਾਨੂੰਨਵਾਦੀ ਨਜ਼ਰੀਏ ਦਾ ਵਿਆਪਕ ਪ੍ਰਭਾਵ ਵੀ ਇਕ ਕਾਰਨ ਹੈ ਕਿ ਦਲਿਤ ਜਾਤਾਂ ਦੇ ਕਿਰਤੀ ਲੋਕਾਂ ਦੀ ਵੱਡੀ ਵਸੋਂ ਦਰਮਿਆਨ ਪੂੰਜੀਵਾਦੀ ਸੰਸਦੀ ਭਰਮ ਅੱਜ ਵੀ ਡੂੰਘਾਈ 'ਚ ਜੜ੍ਹ ਜਮਾਏ ਹੋਏ ਹਨ ਜਿਸਦਾ ਫਾਇਦਾ ਲੈ ਕੇ ਭਾਂਤ-ਭਾਂਤ ਦੀਆਂ ਦਲਿਤ ਪੂੰਜੀਵਾਦੀ ਸਿਆਸੀ ਧਾਰਾਵਾਂ ਉਭਰਦੀਆਂ ਅਤੇ ਖੰਡਿਤ ਹੁੰਦੀਆਂ ਰਹਿੰਦੀਆਂ ਹਨ ਅਤੇ ਪੂੰਜੀ ਦੇ ਕੁਝ ਟੁੱਕੜਖੋਰ ਚਾਕਰ ਦਲਿਤ ਆਗੂ ਦਾ ਚੋਲ਼ਾ ਪਾ ਕੇ ਵੋਟਾਂ ਦੀ ਫ਼ਸਲ ਕੱਟਦੇ ਰਹਿੰਦੇ ਹਨ।

ਸਵਾਲ ਅੰਬੇਡਕਰ ਦੀ ਨੀਯਤ ਅਤੇ ਸਦਇੱਛਾ ਦਾ ਨਹੀਂ ਹੈ। ਇਤਿਹਾਸ 'ਚ ਫੈਸਲਾ ਇਸ ਗੱਲ ਨਾਲ ਹੁੰਦਾ ਹੈ ਕਿ ਆਗੂ ਜਾਂ ਸਿਧਾਂਤਕਾਰ-ਵਿਸ਼ੇਸ਼ ਦੇ ਸਿਧਾਂਤ ਜਾਂ ਸਿਆਸੀ ਵਿਚਾਰ ਦਿਖਾਏ ਟੀਚੇ ਦੀ ਪੂਰਤੀ 'ਚ ਮਦਦਗਾਰ ਹਨ ਜਾਂ ਨਹੀਂ!

ਇਸੇ ਦ੍ਰਿਸ਼ਟੀ ਤੋਂ ਡਾ. ਅੰਬੇਡਕਰ ਦੇ ਵਿਚਾਰਾਂ ਅਤੇ ਉਹਨਾਂ ਦੇ ਸਮਾਜਿਕ-ਸਿਆਸੀ ਅਮਲ ਦੇ ਬਾਹਰਮੁਖੀ ਵਿਸ਼ਲੇਸ਼ਣ ਦੀ ਲੋੜ ਹੈ। ਇੱਥੇ ਸੰਵਿਧਾਨ-ਘੜਾਈ 'ਚ ਅੰਬੇਡਕਰ ਦੀ ਭੂਮਿਕਾ ਬਾਰੇ ਉਹਨਾਂ ਦੇ ਵਿਚਾਰਾਂ ਦਾ ਇਕ ਵਿਸ਼ਲੇਸ਼ਣ ਇਸੇ ਨਜ਼ਰ ਤੋਂ ਪੇਸ਼ ਕੀਤਾ ਗਿਆ ਹੈ।

ਦਲਿਤ ਸਵਾਲ ਦਾ ਹੱਲ ਨਾ "ਰਾਜਕੀ ਸਮਾਜਵਾਦ" ਹੈ, ਨਾ ਸ਼ਹਿਰੀਕਰਨ, ਨਾ ਧਰਮਪਰਿਵਰਤਨ, ਨਾ ਰਿਜ਼ਰਵੇਸ਼ਨ। ਪੂੰਜੀਪਤੀ ਜਮਾਤ ਰਾਹੀਂ ਤੈਅ ਕੀਤੇ ਗਏ ਸੰਵਿਧਾਨਕ ਅਤੇ ਕਾਨੂੰਨੀ ਚੌਖ਼ਟੇ ਅੰਦਰ ਦਲਿਤ ਕਿਰਤੀ ਸਿਰਫ਼ ਰਿਆਇਤਾਂ ਦੀ ਭੀਖ ਹਾਸਲ ਕਰ ਸਕਦਾ ਹੈ ਅਤੇ ਇਸ ਜਾਂ ਉਸ ਸਜਾਤੀ ਭ੍ਰਿਸ਼ਟ ਆਗੂ ਜਾਂ ਜਾਤੀ ਅਧਾਰ 'ਤੇ ਗਠਿਤ ਪਾਰਟੀ ਦਾ ਵੋਟ ਬੈਂਕ ਬਣਿਆ ਰਹਿ ਕੇ ਮੁਕਤੀ ਹਾਸਲ ਕਰਨ ਦੀ ਮਿਰਗ-ਤ੍ਰਿਸ਼ਨਾ 'ਚ ਭਟਕਦਾ ਰਹਿ ਸਕਦਾ ਹੈ। ਮੁਕਤੀ ਦਾ ਇਕੋ-ਇਕ ਵਿਵਹਾਰਿਕ ਰਾਹ ਇਹੀ ਹੋ ਸਕਦਾ ਹੈ ਕਿ ਦਲਿਤ ਜਾਤਾਂ ਦੇ ਕਿਰਤੀ ਜਮਾਤੀ-ਸੰਘਰਸ਼ 'ਚ ਮਜ਼ਦੂਰ ਸਫ਼ਾਂ 'ਚ ਆਪਣਾ ਵੱਧ ਤੋਂ ਵੱਧ ਸਰਗਰਮ ਅਤੇ ਪ੍ਰਭਾਵੀ ਦਖਲ ਬਣਾਉਣ। ਸੋਧਵਾਦੀਆਂ ਦੇ ਕੁਕਰਮਾਂ ਅਤੇ ਪੰਖਡਾਂ ਦਾ ਪਾਪ ਕਮਿਊਨਿਜ਼ਮ ਦੇ ਸਿਧਾਂਤਾਂ ਦੇ ਮੱਥੇ ਨਹੀਂ ਮੜ੍ਹਿਆ ਜਾ ਸਕਦਾ। ਕਮਿਊਨਿਸਟ ਲਹਿਰ ਦੀਆਂ ਸਾਰੀਆਂ ਅਸਫ਼ਲਤਾਵਾਂ ਦੇ ਬਾਵਜੂਦ, ਸੱਚਾਈ ਇਹ ਵੀ ਹੈ ਕਿ ਦੇਸ਼ 'ਚ ਜਿਥੇ ਵੀ ਕਿਤੇ ਕਮਿਊਨਿਸਟ ਪਿੰਡ ਦੇ ਗਰੀਬਾਂ ਦੀ ਲੜਾਈ ਲੜੇ ਹਨ, ਉਥੋਂ ਦੇ ਗਰੀਬ ਦਲਿਤ ਅੱਜ ਵੀ ਵੱਧ ਇੱਜ਼ਤ ਨਾਲ ਸਿਰ ਚੁੱਕ ਕੇ ਚਲਦੇ ਹਨ। ਮਾਰਕਸਵਾਦ ਸਦੀਆਂ ਤੋਂ ਮੌਜੂਦ ਜਾਤ ਦੇ ਸਵਾਲ ਦਾ ਚੁਟਕੀ ਵਜਾਉਂਦੇ ਜਾਦੂਈ ਹੱਲ ਨਹੀਂ ਦੱਸਦਾ। ਮਜ਼ਦੂਰ ਜਮਾਤ ਦੀ ਰਾਜ ਸੱਤਾ 'ਸਭ ਲਈ ਬਰਾਬਰ ਸਿੱਖਿਆ ਅਤੇ ਰੁਜ਼ਗਾਰ ਦੇ ਬਰਾਬਰ ਮੌਕੇ' ਦੀ ਗਰੰਟੀ ਨਾਲ ਸਮੱਸਿਆ ਦੇ ਹੱਲ ਦੀ ਦਿਸ਼ਾ 'ਚ ਪਹਿਲਾ ਬੁਨਿਆਦੀ ਕਦਮ ਚੁੱਕੇਗੀ। ਸਮਾਜਵਾਦੀ ਸਿੱਖਿਆ ਅਤੇ ਸਭਿਆਚਾਰ ਅੰਤਰਜਾਤੀ 'ਰੋਟੀ-ਬੇਟੀ' ਦੇ ਰਿਸ਼ਤੇ ਨੂੰ ਭਰਪੂਰ ਹੱਲਾਸ਼ੇਰੀ ਦੇਵੇਗਾ। ਜਾਤੀਗਤ ਅਧਾਰ 'ਤੇ ਜਿਹੜਾ ਸੱਭਿਆਚਾਰਕ-ਸਮਾਜਕ ਵੱਖਰੇਵਾਂ ਹੈ, ਉਹ ਲਗਾਤਾਰ ਸੱਭਿਆਚਾਰਕ ਇਨਕਲਾਬ ਦੀ ਇਕ ਲੰਮੀ ਪ੍ਰਕਿਰਿਆ ਮਗਰੋਂ ਹੀ ਜੜ੍ਹ ਤੋਂ ਨਸ਼ਟ ਹੋ ਸਕੇਗਾ। ਕਿਰਤੀਆਂ ਦੀ ਸਿਆਸੀ ਮੁਕਤੀ ਦੇ ਇਨਕਲਾਬੀ ਸੰਘਰਸ਼ ਦੇ ਨਾਲ ਸੱਭਿਆਚਾਰਕ-ਸਮਾਜਿਕ ਲਹਿਰ ਦੀ ਲਾਜ਼ਮੀ ਮੌਜੂਦਗੀ — ਜਾਤ ਦੇ ਸਵਾਲ ਦੇ ਰੈਡੀਕਲ ਹੱਲ ਦਾ ਰਾਹ ਇੱਥੋਂ ਹੀ ਨਿਕਲ਼ਦਾ ਹੈ।

(**ਅਗਲੇ ਅੰਕ 'ਚ ਜਾਰੀ**)

ਪੁਸਤਕ ਜਾਣ-ਪਛਾਣ

ਦੂਜੀ ਅਤੇ ਆਖਰੀ ਕਿਸ਼ਤ

ਮੈਕਸਿਮ ਗੋਰਕੀ ਦੀ ਸਵੈ-ਜੀਵਨੀ

### 'ਮੇਰਾ ਬਚਪਨ', 'ਮੇਰੀ ਸ਼ਗਿਰਦੀ ਦੇ ਦਿਨ' ਤੇ 'ਮੇਰੇ ਵਿਸ਼ਵ-ਵਿਦਿਆਲੇ'

# ਇੱਕ ਫੁੱਲ ਦੀ ਜਨਮ-ਪ੍ਰਕਿਰਿਆ

• ਸਵਜੀਤ

(ਲੜੀ ਜੋੜਨ ਲਈ ਵੇਖੋ ਲਲਕਾਰ, ਅੰਕ ਮਈ-ਜੂਨ 2011)

## ਮੇਰੀ ਸ਼ਗਿਰਦੀ ਦੇ ਦਿਨ

*"...ਤੇ ਏਥੇ ਹਾਂ ਮੈਂ—ਇੱਕ ਕੰਮ ਸਿੱਖਣ ਵਾਲ਼ਾ। ਮੈਂ ਸ਼ਹਿਰ ਦੇ ਵੱਡੇ ਬਾਜ਼ਾਰ ਦੀ "ਫ਼ੈਸ਼ਨਦਾਰ ਬੂਟਾਂ" ਵਾਲ਼ੀ ਇੱਕ ਦੁਕਾਨ ਦਾ "ਮੁੰਡੂ" ਹਾਂ।"* 'ਮੇਰਾ ਬਚਪਨ' ਤੋਂ ਬਾਅਦ ਆਪਣੀ ਸਵੈ-ਜੀਵਨੀ ਦੀ ਅਗਲੀ ਪੁਸਤਕ ਵਿੱਚ ਅਲੈਕਸੇਈ ਇੱਕ ਬਿਲਕੁਲ ਹੀ ਵਿਲੱਖਣ ਵਾਤਾਵਰਣ ਵਿੱਚ ਵੱਖਰੇ ਕਿਸਮ ਦੇ ਲੋਕਾਂ ਵਿਚਕਾਰ ਘਿਰਿਆ ਹੋਇਆ ਦਿਖਾਈ ਦਿੰਦਾ ਹੈ। ਛੋਟੀ ਉਮਰ ਵਿੱਚ ਹੀ ਕੰਮ ਸਿੱਖਣ ਲਈ ਉਸਨੂੰ ਸ਼ਹਿਰ ਭੇਜ ਦਿੱਤਾ ਜਾਂਦਾ ਹੈ। *"ਮੈਂ ਪੈਲੀਆਂ ਤੇ ਜੰਗਲਾਂ ਵਿੱਚ, ਗਹਿਰੇ ਪਾਣੀ ਵਾਲੇ ਦਰਿਆ ਓਕਾ ਦੇ ਕੰਢੇ 'ਤੇ ਜਾਂ ਕੁਨਾਵੀਨੋ ਦੀਆਂ ਰੇਤਲੀਆਂ ਸੜਕਾਂ 'ਤੇ ਆਜ਼ਾਦ ਜ਼ਿੰਦਗੀ ਜਿਉਣ ਹਿਲਿਆ ਹੋਇਆ ਸਾਂ, ਇਸ ਲਈ ਮੈਨੂੰ ਆਪਣੀ ਹੁਣ ਵਾਲੀ ਜ਼ਿੰਦਗੀ ਅਕਾਵੀਂ ਤੇ ਖਿਝਾਵੀਂ ਲੱਗੀ। ਮੈਨੂੰ ਨਾਨੀ ਤੇ ਆਪਣੇ ਯਾਰ-ਬੇਲੀ ਬਹੁਤ ਹੀ ਯਾਦ ਆਉਂਦੇ ਸਨ, ਕੋਈ ਨਹੀਂ ਸੀ, ਜਿਦ੍ਹੇ ਨਾਲ਼ ਮੈਂ ਗੱਲ ਕਰ ਸਕਦਾ, ਮੈਂ ਜ਼ਿੰਦਗੀ ਦਾ ਝੂਠਾ, ਕੋਝਾ ਪਾਸਾ, ਜਿਵੇਂ ਮੈਨੂੰ ਉਹ ਹੁਣ ਦਿਸਿਆ, ਵੇਖ-ਵੇਖ ਅੰਬ ਗਿਆ ਸਾਂ।"*

ਇਸ ਵੱਖਰੇ ਸੰਸਾਰ ਵਿੱਚ ਵਿਚਰਦਿਆਂ ਉਹਨਾਂ ਦਾ ਵੱਖ-ਵੱਖ ਤਰ੍ਹਾਂ ਦੇ ਲੋਕਾਂ, ਸੋਚਾਂ ਅਤੇ ਪ੍ਰਸਥਿਤੀਆਂ ਨਾਲ਼ ਵਾਹ ਪੈਣਾ ਲਾਜ਼ਮੀ ਸੀ, ਜਿਹਨਾਂ ਨੇ ਗੋਰਕੀ ਦੇ ਬਾਲ ਮਨ 'ਤੇ ਬੜੇ ਡੂੰਘੇ ਪ੍ਰਭਾਵ ਛੱਡੇ ਤੇ ਜਿਹਨਾਂ ਤੋਂ ਗੋਰਕੀ ਨੇ ਜੀਵਨ ਦੇ ਤਜ਼ਰਬੇ ਸਿੱਖੇ। ਉਹਨਾਂ ਦੇ ਸਾਹਿਤ ਨੂੰ ਜੋ ਦੁਨੀਆਂ ਵਿੱਚ ਅਥਾਹ ਮਹੁੱਬਤ ਮਿਲੀ ਅਤੇ ਲੋਕ-ਮਨਾਂ ਦੇ ਐਨਾ ਕਰੀਬ ਰਿਹਾ ਹੈ ਤਾਂ ਇਸਦੇ ਕਈ ਕਾਰਨਾਂ ਵਿੱਚੋਂ ਇੱਕ ਇਹ ਵੀ ਹੈ ਕਿ ਉਦੋਂ ਤੱਕ ਗੋਰਕੀ ਦਾ ਇੱਕ ਦ੍ਰਿੜ ਸੰਕਲਪ ਬਣ ਚੁੱਕਿਆ ਸੀ ਕਿ ਜੀਵਨ ਦਾ ਅਸਲ ਗਿਆਨ ਜੀਵਨ ਦੀ ਪੌੜੀ ਦੇ ਹੇਠਲੇ ਡੰਡੇ ਯਾਨੀ ਹੱਥੀਂ ਕਿਰਤ ਕਰਨ ਵਾਲ਼ੇ ਲੋਕਾਂ ਕੋਲ ਹੀ ਹੁੰਦਾ ਹੈ। ਰਹਿੰਦੀ ਉਮਰ ਤੱਕ ਉਹਨਾਂ ਨੇ ਇਹਨਾਂ ਹੀ ਲੋਕਾਂ ਨੂੰ ਆਪਣੇ ਸਾਹਿਤ ਦਾ ਇੱਕੋ ਇੱਕ ਸੋਮਾ ਸਮਝਿਆ, ਤੇ ਪੈਰ-ਪੈਰ 'ਤੇ ਆਪਣੇ ਪਾਠਕਾਂ ਸਨਮੁੱਖ ਇਹਨਾਂ ਹੀ ਲੋਕਾਂ ਦੇ ਗਿਆਨ ਨੂੰ ਸ਼ਿੰਗਾਰ ਕੇ ਅਤੇ ਹੋਰ ਵੀ ਜੀਵੰਤ ਰੂਪ ਵਿੱਚ ਪੇਸ਼ ਕੀਤਾ। ਸ਼ਾਇਦ ਇਹੀ ਕਾਰਨ ਹੈ ਕਿ ਗੋਰਕੀ ਦੀ ਲਿਖਣ ਸ਼ੈਲੀ 'ਤੇ ਲੋਕ ਕਹਾਵਤਾਂ ਅਤੇ ਮੁਹਾਵਰਿਆਂ ਦਾ ਬੜਾ ਗੂੜਾ ਅਸਰ ਦਿਖਦਾ ਹੈ। ਗੋਰਕੀ ਕਹਾਵਤਾਂ ਅਤੇ ਮੁਹਾਵਰਿਆਂ ਨੂੰ ਮਨੁੱਖੀ ਸਿਆਣਪ ਅਤੇ ਅਭਿਆਸ ਤੋਂ ਸਿੱਖੇ ਤਜ਼ਰਬਿਆਂ ਦਾ ਇੱਕ ਸੰਘਣਾ ਪ੍ਰਗਟਾਵਾ ਸਮਝਦੇ ਸਨ। ਇਸ ਕਿਤਾਬ ਵਿੱਚ ਵੀ ਉਹਨਾਂ ਨੇ ਕੁਝ ਉਹ ਖਾਸ ਤਜ਼ਰਬੇ ਅਤੇ ਗੱਲਾਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਹਨ ਜਿਹਨਾਂ ਨੂੰ ਜੀਵਨ ਗਿਆਨ ਦਾ ਆਦਿ-ਕਾਲੀਨ ਰੂਪ ਕਿਹਾ ਜਾ ਸਕਦਾ ਹੈ। ਜੀਵਨ, ਸਮਾਜ ਅਤੇ ਲੋਕਾਂ ਦੀ ਸਹੀ ਸਮਝ ਹਾਸਿਲ ਕਰਨ ਲਈ ਇਹਨਾਂ ਕਿਤਾਬਾਂ ਦਾ ਡੂੰਘਾ ਅਧਿਐਨ ਬਹੁਤ ਮੱਦਦਗਾਰ ਸਾਬਿਤ ਹੁੰਦਾ ਹੈ।

ਆਪਣੇ ਖੁੱਲੇ-ਡੁੱਲੇ ਸੁਭਾਅ ਅਤੇ ਬਾਗੀ ਮਾਨਸਿਕਤਾ ਕਾਰਨ ਇਸ ਮਹੌਲ ਵਿੱਚ ਅਲੈਕਸਈ ਤਰ੍ਹਾਂ ਤਰ੍ਹਾਂ ਦੀਆਂ ਸ਼ਰਾਰਤਾਂ ਵਿੱਚ ਰੁੱਝਿਆ ਰਹਿੰਦਾ ਹੈ। ਜਿਸਦੇ ਫਲਸਰੂਪ ਉਸਨੂੰ ਜਲਦੀ ਹੀ ਆਪਣੇ ਘਰ ਵਾਪਿਸ ਭੇਜ ਦਿੱਤਾ ਜਾਂਦਾ ਹੈ। ਘਰ ਵਾਪਸੀ ਨੂੰ ਯਾਦ ਕਰਦਿਆਂ ਉਹ ਲਿਖਦੇ ਹਨ *"ਕਮਰੇ ਦੀ ਕੋਈ ਚੀਜ਼ ਵੀ ਨਹੀਂ ਸੀ ਬਦਲੀ, ਸਿਵਾਏ ਇਸ ਗੱਲ ਤੋਂ ਕਿ ਮਾਂ ਵਾਲੀ ਨੁਕਰ ਇੰਝ ਸੱਖਮ-ਸੱਖਣੀ ਲਗਦੀ ਸੀ ਕਿ ਵੇਖ ਕੇ ਪੀੜ ਉੱਠਦੀ ਸੀ"*।

ਵਾਪਿਸ ਆ ਕੇ ਅਲੈਕਸੇਈ ਆਪਣੀ ਨਾਨੀ ਨਾਲ਼ ਜੰਗਲ਼ ਵਿੱਚ ਲੱਕੜਾਂ ਤੇ ਜੜੀ-ਬੂਟੀਆਂ ਇਕੱਠੀਆਂ ਕਰਨ ਜਾਇਆ ਕਰਦਾ ਸੀ। ਫਿਰ ਉਸਨੇ ਰੰਗ-ਬਿਰੰਗੀਆਂ ਚਿੜੀਆਂ ਫੜ ਕੇ ਵੇਚਣ ਦਾ ਕੰਮ ਸ਼ੁਰੂ ਕਰ ਦਿੱਤਾ। ਆਪਣੇ ਇਸ ਨਵੇਂ ਕਿੱਤੇ ਕਾਰਨ ਅਲੈਕਸੇਈ ਨੂੰ ਜੰਗਲ਼ਾਂ ਤੇ ਫੁੱਲ-ਬੂਟਿਆ ਨਾਲ਼ ਡੂੰਘਾ ਲਗਾਓ ਜਿਹਾ ਹੋ ਗਿਆ। ਦਿਨ ਰਾਤ ਉਹ ਪੰਛੀਆਂ ਪਿੱਛੇ ਜੰਗਲ਼ ਗਾਹੁੰਦਾ ਫਿਰਦਾ, *"ਜੰਗਲ ਮੇਰੇ ਅੰਦਰ ਅਮਨ-ਚੈਨ ਤੇ ਖੈਰ-ਖਰੀਅਤ ਦਾ ਅਹਿਸਾਸ ਜਗਾਂਦਾ ਸੀ; ਤੇ ਇਹ ਅਹਿਸਾਸ ਮੇਰੀ ਪੀੜ ਮੱਠੀ ਕਰ ਦੇਂਦਾ ਸੀ ਤੇ ਸਾਰੀ ਨਾਖੁਸ਼ੀ ਭੁਲਾਣ ਵਿੱਚ ਮੇਰੀ ਮਦਦ ਕਰਦਾ ਸੀ। ਤੇ ਨਾਲ਼ੋਂ ਨਾਲ਼ ਹੀ ਮੈਂ ਅਨੁਭਵ ਦੀ ਕਮਾਲ ਤੀਖਣਤਾ ਪੈਦਾ ਕਰ ਲਈ: ਮੇਰੀਆਂ ਅੱਖਾਂ ਤੇ ਕੰਨ ਤੇਜ਼ ਹੋ ਗਏ, ਚੇਤਾ ਹੋਰ ਪੱਕਾ ਹੋ ਗਿਆ ਤੇ ਪ੍ਰਭਾਵਾਂ ਦਾ ਭੰਡਾਰਾ ਹੋਰ ਵੱਡਾ। ...ਨਿੱਘੇ, ਸੁਖਦਾਈ ਜੰਗਲ ਦੀ ਆਪਣੀ ਖਾਸ ਆਵਾਜ਼ ਸੀ, ਇਕ ਅਲਸਾਈ ਹੋਈ ਆਵਾਜ਼, ਜਿਹੜੀ ਆਪ ਬੰਦੇ ਨੂੰ ਵੀ ਅਲਸਾ ਦੇਂਦੀ ਹੈ। ਤੋੜ ਉਪਰ ਗਈ ਚੁੰਝ ਵਾਲੀਆਂ ਚਿੜੀਆਂ ਚਹਿਕ ਰਹੀਆਂ ਸਨ – ਨਿਕ-ਚੂਹੇ ਗੁਟਕ ਰਹੇ ਸਨ, ਪੀਲਕ ਸੀਟੀਆਂ ਮਾਰ ਰਹੇ ਸਨ, ਈਰਖਈ ਸੁਨਹਿਰੀ ਚਿੜੀਆਂ ਮੁਕਣ ਵਿੱਚ ਹੀ ਨਾ ਆਉਂਦੇ ਗੀਤ ਗੌਂ ਰਹੀਆਂ ਸਨ, ਤੇ ਉਹ ਅਨੋਖਾ ਪੰਛੀ, ਚੀੜ੍ਹਾਂ ਦੀ ਚਿੜੀ, ਅੰਤਰ-ਧਿਆਨ ਹੋ ਰਾਗ ਅਲਾਪ ਰਿਹਾ ਸੀ। ਹਰੀਆਂ ਡੱਡੀਆਂ ਸਾਡੇ ਪੈਰਾਂ ਹੇਠੋਂ ਟਪੋਸੀਆਂ ਮਾਰ ਨਿਕਲਦੀਆਂ; ਘਾਤ ਦਾ ਕੰਮ ਦੇਂਦੀਆਂ ਜੜ੍ਹਾਂ ਵਿੱਚੋਂ ਦੀ ਕੋਈ ਘਾਹ ਦਾ ਸੱਪ ਆਪਣੀ ਸੁਨਹਿਰੀ ਸਿਰੀ ਚੁਕਦਾ। ਆਪਣੀਆਂ ਨਿੱਕੀਆਂ ਨਿੱਕੀਆਂ ਦੰਦੀਆਂ ਚਘਾਂਦਿਆਂ ਗਾਲ੍ਹੜ ਨੇ ਚੀੜ੍ਹ ਦੀਆਂ ਟਾਹਣੀਆਂ ਵਿਚੋਂ ਆਪਣੀ ਕਲਗੀ ਵਰਗੀ ਪੂਛ ਲਿਸ਼ਕਾਈ। ਵੇਖਣ ਵਾਲੀਆਂ ਚੀਜ਼ਾਂ ਦੀਆਂ ਖੁਹਣੀਆਂ ਸਨ, ਪਰ ਹੋਰ ਬਹੁਤਾ ਕੁਝ ਵੇਖਣ ਨੂੰ ਜੀ ਕਰਦਾ ਸੀ – ਅਗਿਉਂ ਅਗੇਰੇ ਟੁਰੀ ਜਾਣ ਨੂੰ ਜੀ ਕਰਦਾ ਸੀ।"*

ਜੰਗਲ਼ ਵਿੱਚ ਘੁੰਮਣਾ ਫਿਰਨਾ ਅਤੇ ਪੰਛੀ ਫੜਨੇ ਅਲੈਕਸੇਈ ਲਈ ਕਿੱਤਾ ਘੱਟ ਇੱਕ ਸ਼ੌਕ ਜ਼ਿਆਦਾ ਸੀ, ਪਰ ਇਸ ਨਾਲ਼ ਰੋਜ਼ੀ-ਰੋਟੀ ਕਮਾਉਣਾ ਸੰਭਵ ਨਹੀਂ ਸੀ ਇਸ ਲਈ ਅਲੈਕਸੇਈ ਦਾ ਨਾਨਾ ਉਸਨੂੰ ਆਪਣੇ ਕਿਸੇ ਰਿਸ਼ਤੇਦਾਰ ਕੋਲ ਡਰਾਫਟਸਮੈਨ ਦਾ ਕੰਮ ਸਿੱਖਣ ਲਈ ਮੁੜ ਸ਼ਹਿਰ ਭੇਜ ਦਿੰਦਾ ਹੈ। ਉਸਦਾ ਉਸਤਾਦ ਇੱਕ

ਚੰਗਾ ਇਨਸਾਨ ਸੀ, ਪਰ ਆਪਣੇ ਪਰਿਵਾਰ ਦੇ ਬਾਕੀ ਮੈਂਬਰਾਂ ਸਾਹਮਣੇ ਉਸਦੀ ਘੱਟ ਹੀ ਚਲਦੀ ਸੀ। ਆਪਣੇ ਉਸਤਾਦ ਦੇ ਘਰ ਵਿੱਚ ਉਸਨੂੰ ਨੌਕਰਾਂ ਵਾਂਗ ਘਰ ਦਾ ਸਾਰਾ ਕੰਮ ਕਰਨਾ ਪੈਂਦਾ ਸੀ। *"ਮੈਨੂੰ ਬਹੁਤ ਹੀ ਸਖ਼ਤ ਮਿਹਨਤ ਕਰਨੀ ਪੈਂਦੀ। ਨੌਕਰਾਣੀ ਦੇ ਫ਼ਰਜ਼ ਨਿਭਾਂਦਿਆਂ ਹਰ ਬੁੱਧਵਾਰ ਮੈਨੂੰ ਰਸੋਈ ਦਾ ਫ਼ਰਸ਼ ਸਾਫ਼ ਕਰਨਾ ਪੈਂਦਾ ਤੇ ਸਮਾਵਰ ਤੇ ਪਿੱਤਲ ਦੀਆਂ ਹੋਰ ਚੀਜ਼ਾਂ ਲਿਸ਼ਕਾਣੀਆਂ ਪੈਂਦੀਆਂ, ਤੇ ਹਰ ਸ਼ਨਿੱਚਰਵਾਰ ਮੈਨੂੰ ਸਾਰੇ ਹੀ ਫ਼ਰਸ਼ ਤੇ ਦੋਵੇਂ ਪੌੜੀਆਂ ਝਾੜਨੀਆਂ-ਪੂੰਝਣੀਆਂ ਪੈਂਦੀਆਂ। ਮੈਂ ਚੁਲ੍ਹਿਆਂ ਲਈ ਲੱਕੜਾਂ ਪਾੜਦਾ ਤੇ ਲਿਆਂਦਾ, ਪਲੇਟਾਂ ਧੋਂਦਾ, ਸਬਜ਼ੀਆਂ ਸਾਫ਼ ਕਰਦਾ, ਤੇ ਪੰਸਾਰੀ ਦੀ ਦੁਕਾਨ ਤੇ ਦਵਾਈਆਂ ਵਾਲੇ ਦੀ ਦੁਕਾਨ ਨੂੰ ਭੱਜਦਾ।"*

ਮਜ਼ਦੂਰਾਂ ਅਤੇ ਕਿਰਤੀਆਂ ਦੀ ਕੰਗਾਲੀ 'ਚੋਂ ਨਿਕਲ ਕੇ ਅਲੈਕਸੇਈ ਇੱਕ ਮੱਧ-ਵਰਗੀ ਪਰਿਵਾਰ ਦੇ ਘੁਟਣ ਭਰੇ ਮਹੌਲ ਵਿੱਚ ਜਾ ਪਹੁੰਚਿਆ, ਜਿੱਥੇ ਘੁਟਣ ਦੇ ਨਾਲ਼ ਨਾਲ਼ ਹਰ ਸਮੇਂ ਇੱਕ ਘਸਮਾਣ ਜਿਹਾ ਵੀ ਚਲਦਾ ਰਹਿੰਦਾ ਸੀ ਅਤੇ ਕਿਉਂਕਿ ਅਲੈਕਸੀ ਅਜਿਹੇ ਮਾਹੌਲ ਦਾ ਆਦੀ ਨਹੀਂ ਸੀ ਇਸ ਲਈ ਇੱਕ ਬਾਹਰੀ ਵਿਅਕਤੀ ਦੀ ਨਜ਼ਰ ਨਾਲ ਉਹ ਇਸ ਘਰ ਦੇ ਬਾਸ਼ਿੰਦਿਆਂ ਦੀ ਹਰ ਹਰਕਤ ਅਤੇ ਜੀਵਨ-ਜਾਚ ਨੂੰ ਬੜੀ ਗਹੁ ਨਾਲ ਅਤੇ ਹੈਰਾਨੀ ਨਾਲ਼ ਦੇਖਦਾ ਸੀ। ਇਹੀ ਵਜ੍ਹਾ ਹੈ ਕਿ ਗੋਰਕੀ ਇੱਥੇ ਮੱਧ-ਵਰਗ ਅਤੇ ਹੇਠਲੇ ਮੱਧ-ਵਰਗ ਦੀਆਂ ਲਖਣਾਇਕ ਵਿਸ਼ੇਸ਼ਤਾਵਾਂ ਨੂੰ ਬੜੀ ਬਾਰੀਕੀ ਨਾਲ਼ ਫੜਨ ਦੇ ਯੋਗ ਹੋ ਸਕੇ। ਕਿਸੇ ਮੱਧ-ਵਰਗੀ ਇਨਸਾਨ ਲਈ ਜੋ ਗੱਲਾਂ ਬੇਹੱਦ ਮਾਮੂਲੀ ਹੋ ਸਕਦੀਆਂ ਹਨ ਗੋਰਕੀ ਉਹਨਾਂ ਹੀ ਗੱਲਾਂ ਵਿੱਚੋਂ ਉਸ ਜਮਾਤ ਦੀਆਂ ਵਿਸ਼ੇਸ਼ ਖਾਸੀਅਤਾਂ ਫੜਦੇ ਹਨ। *"ਆਪਣੇ ਚੌਹੀਂ ਪਾਸੇ ਮੈਨੂੰ ਬੇ-ਕਿਰਕ ਸ਼ਰਾਰਤਾਂ ਤੇ ਕੋਝੀ ਬੇਸ਼ਰਮੀ ਦਿਸਦੀ—ਕੁਨਾਵੀਨੋ ਦੇ ਗਲੀਆਂ ਬਜ਼ਾਰਾਂ ਤੋਂ ਵੀ ਕਿਤੇ ਬਹੁਤੀ, ਜਿਥੇ ਚਕਲਿਆਂ ਤੇ ਵੇਸਵਾਵਾਂ ਦੀ ਕੋਈ ਘਾਟ ਨਹੀਂ ਸੀ। ਕੁਨਾਵੀਨੋ ਦੇ ਗੰਦ ਤੇ ਸ਼ਰਾਰਤ ਦੇ ਪਿਛੇ ਬੰਦੇ ਨੂੰ ਕੁਝ ਦਿਸਦਾ ਸੀ, ਜਿਸ ਤੋਂ ਇਹੋ ਜਿਹੇ ਗੰਦ ਤੇ ਸ਼ਰਾਰਤ ਦੇ ਹੋਏ ਬਿਨਾਂ ਰਹਿ ਨਾ ਸਕਣ ਦੀ ਵਿਆਖਿਆ ਹੋ ਜਾਂਦੀ ਸੀ ਤੇ ਉਹ ਸੀ ਹੱਡ-ਭੰਨ ਕੰਮ ਤੇ ਗਈ-ਗੁਜ਼ਰੀ, ਅੱਧ-ਭੁੱਖੀ ਹੋਂਦ। ਏਥੇ ਲੋਕੀਂ ਸੁਖ ਚੈਨ ਨਾਲ਼ ਰਹਿੰਦੇ ਸਨ ਤੇ ਕੰਮ ਦੀ ਥਾਂ ਬੇਮਤਲਬ ਤਰਥੱਲੀ ਨੇ ਮੱਲੀ ਹੋਈ ਸੀ। ਤੇ ਹਰ ਚੀਜ਼ ਉੱਤੇ ਇਕ ਗੁੱਝੇ ਖਿਝਾ ਦੇਣ ਵਾਲੇ ਅਕੇਵੇਂ ਦਾ ਪਰਛਾਵਾਂ ਸੀ।"*

ਇਸ ਥਾਂ 'ਤੇ ਰਹਿੰਦੇ ਹੋਏ ਅਲੈਕਸੇਈ ਨੂੰ ਕਈ ਤਰ੍ਹਾਂ ਦੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ, ਹਰ ਛੋਟੀ ਛੋਟੀ ਗੱਲ ਉੱਤੇ ਘਰ ਦੀਆਂ ਔਰਤਾਂ ਤੋਂ ਤਾਅਨੇ ਮਿਹਣੇ ਸੁਣਨੇ ਪੈਂਦੇ। ਪਰ ਇਸ ਜਗ੍ਹਾ ਦਾ ਉਸਨੂੰ ਇੱਕ ਫਾਇਦਾ ਵੀ ਹੋਇਆ, ਇੱਥੇ ਹੀ ਅਲੈਕਸੇਈ ਨੂੰ ਪੜ੍ਹਾਈ ਕਰਨ ਦਾ ਕੁਝ ਸਮਾਂ ਮਿਲ਼ਿਆ। ਇੱਥੇ ਹੀ ਉਸਨੂੰ ਕੁਝ ਅਜਿਹੇ ਦਿਲਚਸਪ ਲੋਕ ਮਿਲ਼ੇ ਜਿਹਨਾਂ ਨੇ ਉਸਨੂੰ ਇਸ ਗੱਲ ਦਾ ਯਕੀਨ ਦਿਲਾਇਆ ਕਿ ਪੜ੍ਹਾਈ ਕਰਨਾ ਹੀ ਉਸ ਲਈ ਇੱਕ ਉੱਤਮ ਕੰਮ ਹੈ। ਕੁਝ ਲੋਕਾਂ ਤੋਂ ਉਸਨੂੰ ਪੜ੍ਹਨ ਲਈ ਕਿਤਾਬਾਂ ਵੀ ਮਿਲ਼ ਜਾਂਦੀਆਂ ਸਨ। ਪਰ ਤਾਂ ਵੀ ਕੁੱਲ ਮਿਲਾ ਕੇ ਅੱਲੜ੍ਹ ਉਮਰ ਦੇ ਅਲੈਕਸੇਈ ਲਈ ਇਹ ਸਮਾਂ ਬਹੁਤ ਹੀ ਔਕੜਾਂ ਭਰਿਆ ਰਿਹਾ। *"...ਇਹ ਬਹੁਤ ਮੁਸ਼ਕਲ ਸੀ। ਮੇਰੇ ਉੱਤੇ ਇਸ ਵਖਤਾਂ ਵਾਲੀ, ਅਕਾਊ ਜ਼ਿੰਦਗੀ ਦਾ, ਪੇਟ ਲਈ ਸਵੇਰ ਤੋਂ ਸ਼ਾਮ ਤੱਕ ਦੀ ਦੌੜ-ਭੱਜ ਦਾ, ਬੋਝ ਪਿਆ ਰਹਿੰਦਾ ਸੀ। ਮੈਂ ਇੰਝ ਜਿਉਂਦਾ, ਜਿਵੇਂ ਕੋਈ ਭੈੜਾ ਸੁਫ਼ਨਾ ਆ ਰਿਹਾ ਹੋਵੇ।*

*ਕਦੀ ਕਦੀ ਮੇਰਾ ਭੱਜ ਜਾਣ ਨੂੰ ਜੀ ਕਰਦਾ। ਪਰ ਨਹਿਸ਼ ਸਿਆਲ ਸਿਖਰਾਂ 'ਤੇ ਸੀ। ਰਾਤੀਂ ਝੱਖੜ ਝੁਲਦਾ ਸੀ, ਮਿਆਨੀ ਵਿੱਚ ਹਵਾ ਵੈਣ ਪਾਂਦੀ ਸੀ। ਠੰਡ ਦੀ ਜਕੜ ਵਿੱਚ ਬਾਲੇ ਚੀਂ-ਚੀਂ ਕਰਦੇ ਸਨ। ਕਿਵੇਂ ਭੱਜ ਸਕਦਾ ਸਾਂ ਮੈਂ?*

*ਮੈਨੂੰ ਬਾਹਰ ਖੇਡਣ ਜਾਣ ਦੀ ਇਜਾਜਤ ਨਹੀਂ ਸੀ ਹੁੰਦੀ, ਤੇ ਸਚੀ ਮੁਚੀ ਹੀ ਮੇਰੇ ਕੋਲ ਵਕਤ ਵੀ ਨਹੀਂ ਸੀ ਹੁੰਦਾ। ਸਿਆਲਾਂ ਦੇ ਛੋਟੇ ਛੋਟੇ ਦਿਨ ਏਧਰ ਓਧਰ ਦੇ ਕੰਮਾਂ ਦੇ ਗੇੜ ਵਿੱਚ ਹੀ ਉਡ-ਪੁਡ ਜਾਂਦੇ।"*

ਆਖਿਰ ਇੱਕ ਦਿਨ ਅਲੈਕਸੇਈ ਇਸ ਨਰਕ ਵਿੱਚੋਂ ਭੱਜ ਨਿਕਲ਼ ਜਾਣ ਵਿੱਚ ਸਫਲ ਹੋ ਹੀ ਜਾਂਦਾ ਹੈ। ਪਰ ਹੁਣ ਉਹ ਵਾਪਸ ਆਪਣੀ ਨਾਨੀ ਕੋਲ਼ ਜਾ ਕੇ ਉਸਦਾ ਦਿਲ ਨਹੀਂ ਦੁਖਾਉਣਾ ਚਾਹੁੰਦਾ, ਇਸ ਲਈ ਉਹ ਕਿਸੇ ਸਟੀਮਰ 'ਤੇ ਭਾਂਡੇ ਮਾਂਜਣ ਦਾ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ। ਇੱਥੇ ਵੀ ਉਸਨੂੰ ਬੜੇ ਦਿਲਚਸਪ ਅਤੇ ਅਦਭੁੱਤ ਤਜ਼ਰਬੇ ਹਾਸਿਲ ਹੋਏ। ਗੋਰਕੀ ਉਹਨਾਂ ਸਾਰੇ ਪਾਤਰਾਂ ਦਾ ਅਤੇ ਪ੍ਰਸਥਿਤੀਆਂ ਦਾ ਇੱਕ ਤੋਂ ਬਾਅਦ ਇੱਕ ਬੜਾ ਸ਼ਾਨਦਾਰ ਵਰਣਨ ਕਰਦੇ ਹਨ। ਇਸੇ ਸਟੀਮਰ 'ਤੇ ਇੱਕ ਬਾਵਰਚੀ ਵੀ ਹੈ—ਸਮੂਰੀ, ਕਿਤਾਬਾਂ ਦਾ ਆਸ਼ਿਕ ਹੈ, ਪਰ ਪੜ੍ਹਨਾ ਨਹੀਂ ਜਾਣਦਾ। ਅਲੈਕਸੇਈ ਨਾਲ਼ ਉਸਦੀ ਬੜੀ ਗੂੜ੍ਹੀ ਦੋਸਤੀ ਹੋ ਜਾਂਦੀ ਹੈ। ਅਲੈਕਸੇਈ ਨੂੰ ਉਹ ਕਿਤਾਬਾਂ ਪੜ੍ਹ ਕੇ ਸੁਣਾਉਣ ਲਈ ਕਹਿੰਦਾ। ਕਿਤਾਬਾਂ ਨੂੰ ਜਨੂੰਨ ਦੀ ਹੱਦ ਤੱਕ ਪਿਆਰ ਕਰਨਾ ਗੋਰਕੀ ਨੇ ਸ਼ਾਇਦ ਇਸੇ ਇਨਸਾਨ ਤੋਂ ਸਿੱਖਿਆ ਹੈ। ਅਲੈਕਸੇਈ ਨੂੰ ਆਪਣੇ ਤਜ਼ਰਬੇ ਦੱਸਦਿਆਂ ਉਹ ਕਹਿੰਦਾ ਹੈ, *"ਲੋਕਾਂ ਦਾ ਫ਼ਰਕ ਉਹਨਾਂ ਦੇ ਦਿਮਾਗਾਂ 'ਚ ਹੁੰਦੈ। ਕੁਝ ਲੋਕੀਂ ਹੁਸ਼ਿਆਰ ਹੁੰਦੇ ਨੇ, ਕੁਝ ਨਲਾਇਕ ਤੇ ਕੁਝ ਹੋਰ ਨਿਰੇ ਬੱਧੂ। ਠੀਕ ਕਿਤਾਬਾਂ ਪੜ੍ਹਨ ਨਾਲ ਹੁਸ਼ਿਆਰ ਹੋਈਦੈ, ...ਸਾਰੀਆਂ ਈ ਕਿਤਾਬਾਂ ਪੜ੍ਹਨੀਆਂ ਪੈਂਦੀਆਂ ਨੇ, ਠੀਕ ਕਿਤਾਬਾਂ ਲੱਭਣ ਦਾ ਇਕੋ ਢੰਗ ਇਹੋ ਈ ਹੁੰਦੈ।"*

*ਉਹ ਮੈਨੂੰ ਹਮੇਸ਼ਾ ਹੀ ਕਹਿੰਦਾ ਰਹਿੰਦਾ ਸੀ:*

*"ਪੜ੍ਹ, ਜੇ ਤੈਨੂੰ ਕਿਸੇ ਕਿਤਾਬ ਦੀ ਸਮਝ ਨਾ ਲੱਗੇ, ਉਹਨੂੰ ਸੱਤ ਵਾਰੀ ਪੜ੍ਹ। ਜੇ ਸੱਤ ਵਾਰਾਂ ਨਾਲ਼ ਕੁਝ ਨਾ ਬਣੇ, ਤਾਂ ਬਾਰਾਂ ਵਾਰੀ ਪੜ੍ਹ।"*

ਅਲੈਕਸੇਈ ਦਾ ਕਿਤਾਬਾਂ ਪ੍ਰਤੀ ਪਿਆਰ ਦਿਨੋ ਦਿਨ ਵਧਦਾ ਹੀ ਗਿਆ। ਜਿੱਥੇ ਕਿਤੇ ਵੀ ਉਹ ਰਿਹਾ ਕਿਤਾਬਾਂ ਹਮੇਸ਼ਾਂ ਹੀ ਉਸਦੇ ਅੰਗ ਸੰਗ ਰਹੀਆਂ। *"...ਮੈਨੂੰ ਕਿਤਾਬ ਵਲ ਇਕ ਵਧੇਰੇ ਗੰਭੀਰ ਵਤੀਰਾ ਬਣਾਨ ਲਈ ਪ੍ਰੇਰਿਆ, ਏਥੋਂ ਤੱਕ ਕਿ ਉਹ ਮੇਰੇ ਜਾਣਿਆਂ ਬਿਨਾਂ ਹੀ ਮੇਰੇ ਲਈ ਇੰਝ ਲਾਜ਼ਮੀ ਹੋ ਗਈਆਂ, ਜਿਵੇਂ ਸ਼ਰਾਬੀ ਲਈ ਵੋਦਕਾ।*

*ਉਹ ਮੈਨੂੰ ਇਕ ਹੋਰ ਜ਼ਿੰਦਗੀ ਵਿਖਾਂਦੀਆਂ, ਜ਼ਿੰਦਗੀ ਜਿਹੜੀ ਡੂੰਘੀਆਂ ਲਾਲਸਾਵਾਂ ਤੇ ਜਜ਼ਬਿਆਂ ਨਾਲ਼ ਭਰੀ ਹੁੰਦੀ, ਲੋਕਾਂ ਨੂੰ ਜੁਰਮ ਦੇ ਜਾਂ ਸੂਰਮਤਾ ਦੇ ਰਾਹੇ ਪਾ ਦੇਂਦੀ। ਮੈਂ ਵੇਖਿਆ ਕਿ ਮੇਰੇ ਚੁਗਿਰਦੇ ਦੇ ਲੋਕੀਂ ਨਾ ਜੁਰਮ ਦੇ ਕਾਬਲ ਸਨ ਨਾ ਸੂਰਮਤਾ ਦੇ; ਉਹ ਹਰ ਉਸ ਚੀਜ਼ ਤੋਂ ਲਾਂਭੇ ਰਹਿੰਦੇ ਸਨ, ਜਿਸ ਬਾਰੇ ਕਿਤਾਬਾਂ ਲਿਖਦੀਆਂ ਸਨ, ਤੇ ਉਹਨਾਂ ਦੀ ਜ਼ਿੰਦਗੀ ਵਿਚੋਂ ਦਿਲਚਸਪੀ ਵਾਲੀ ਕੋਈ ਗੱਲ ਲਭਣੀ ਔਖੀ ਸੀ। ਇਕ ਚੀਜ਼ ਦਾ ਮੈਨੂੰ ਪਤਾ ਸੀ - ਮੈਂ ਇੰਝ ਨਹੀਂ ਸਾਂ ਜਿਉਣਾ ਚਾਹੁੰਦਾ, ਜਿਵੇਂ ਉਹ ਜਿਉਂਦੇ ਸਨ।"*

ਅਲੈਕਸੇਈ ਨੂੰ ਹੁਣ ਤੱਕ ਇੱਕ ਗੱਲ ਪੂਰੀ ਤਰ੍ਹਾਂ ਸਾਫ ਹੋ ਚੁੱਕੀ ਸੀ ਕਿ ਇਸ ਤਰ੍ਹਾਂ ਤਿਲ ਤਿਲ ਕਰਕੇ ਜੀਵਨ ਬਰਬਾਦ ਨਹੀਂ ਕੀਤਾ ਜਾ ਸਕਦਾ, ਤੇ ਜੀਵਨ ਦਾ ਯਥਾਰਥ ਤੇ ਅਰਥ ਲੱਭਣ ਲਈ

ਉਸਨੂੰ ਗਿਆਨ ਦੇ ਸਾਗਰ ਵਿੱਚ ਉਤਰਨਾ ਹੀ ਪੈਣਾ ਹੈ। ਇੱਕ ਚੰਗੀ ਜ਼ਿੰਦਗੀ ਲਈ ਪੜ੍ਹਾਈ ਦੀ ਮਹੱਤਤਾ ਨੂੰ ਹੁਣ ਉਹ ਸਮਝ ਚੁੱਕਿਆ ਸੀ, *"... ਮੈਂ ਦਿਲ ਵਿੱਚ ਸੋਚਿਆ: "ਜੇ ਮੈਂ ਕੁਝ ਨਾ ਕੀਤਾ, ਮੇਰਾ ਕੁਝ ਨਹੀਂ ਰਹਿਣ ਲੱਗਾ।"*

*"...ਤੇ ਇਹ ਮੇਰਾ ਫੈਸਲਾ ਸੀ।*

*ਉਸ ਵਰ੍ਹੇ ਦੀ ਪਤਝੜ ਰੁੱਤੇ ਮੈਂ ਕਜ਼ਾਨ ਰਵਾਨਾ ਹੋ ਪਿਆ, ਦਿਲ ਹੀ ਦਿਲ ਵਿੱਚ ਇਹ ਆਸ ਕਰਦਾ, ਕਿ ਓਥੇ ਮੈਨੂੰ ਪੜ੍ਹਾਈ ਦਾ ਕੋਈ ਨਾ ਕੋਈ ਰਾਹ ਲੱਭ ਪਵੇਗਾ।"*

* * * *

## ਮੇਰੇ ਵਿਸ਼ਵ-ਵਿਦਿਆਲੇ

ਸਵੈ-ਜੀਵਨੀ ਦੀ ਇਸ ਲੜੀ ਦੀ ਦੂਜੀ ਕਿਤਾਬ 'ਮੇਰੇ ਸ਼ਗਿਰਦੀ ਦੇ ਦਿਨ' (1914) ਤੋਂ 9 ਸਾਲਾਂ ਦੇ ਵਕਫੇ ਪਿੱਛੋਂ ਗੋਰਕੀ ਨੇ ਅਗਲੀ ਕਿਤਾਬ 'ਮੇਰੇ ਵਿਸ਼ਵ-ਵਿਦਿਆਲੇ' ਲਿਖੀ। ਇਹ 9 ਸਾਲ ਨਾ ਸਿਰਫ ਰੂਸ ਦੇ ਸਗੋਂ ਪੂਰੀ ਦੁਨੀਆਂ ਦੇ ਇਤਿਹਾਸ ਵਿੱਚ ਇੱਕ ਖਾਸ ਮਹੱਤਵ ਰੱਖਦੇ ਹਨ। 1917 ਦੇ ਸਮਾਜਵਾਦੀ ਇਨਕਲਾਬ ਦੀ ਤਿਆਰੀ ਅਤੇ ਬਾਅਦ ਵਿੱਚ ਸਥਾਪਨਾ ਦੇ ਇਹਨਾਂ ਸਾਲਾਂ ਵਿੱਚ ਗੋਰਕੀ ਲਗਾਤਾਰ ਰੂਸ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਸਾਹਿਤਕ ਅਤੇ ਸੱਭਿਆਚਾਰਕ ਮੋਰਚੇ 'ਤੇ ਕੰਮ ਕਰਦੇ ਰਹੇ। ਪ੍ਰਸਿੱਧ ਮਾਰਕਸਵਾਦੀ ਸਾਹਿਤਕ ਆਲੋਚਕ ਟੈਰੀ ਈਗਲਟਨ ਇੱਕ ਥਾਂ ਲਿਖਦੇ ਹਨ, *"ਸਾਹਿਤ ਨੂੰ ਸਮਝਣਾ ਉਸ ਸਮੁੱਚੀ ਸਮਾਜਿਕ ਪ੍ਰਕਿਰਿਆ ਨੂੰ ਸਮਝਣਾ ਹੈ, ਜਿਸਦਾ ਕਿ ਉਹ (ਸਾਹਿਤ) ਹਿੱਸਾ ਹੁੰਦਾ ਹੈ।"* ਇਸ ਕਿਤਾਬ ਵਿੱਚ ਗੋਰਕੀ ਨੇ 19ਵੀਂ ਸਦੀ ਦੇ 9ਵੇਂ ਦਹਾਕੇ ਦੇ ਰਾਜਨੀਤਕ ਮਾਹੌਲ ਦਾ ਵਰਣਨ ਕੀਤਾ ਹੈ। 1860 ਤੋਂ ਬਾਅਦ ਰੂਸ ਵਿੱਚ ਮਾਰਕਸਵਾਦ ਦਾ ਪ੍ਰਚਾਰ-ਪ੍ਰਸਾਰ ਬੜੇ ਜ਼ੋਰਾਂ-ਸ਼ੋਰਾਂ ਨਾਲ਼ ਹੋਇਆ, ਸਟੱਡੀ-ਸਰਕਲਾਂ, ਗੋਸ਼ਟੀਆਂ ਅਤੇ ਬਹਿਸ-ਮੁਹਾਬਸਿਆਂ ਰਾਹੀਂ ਇਸ ਮਹੌਲ ਵਿੱਚ ਰੂਸ ਵਿੱਚ ਇੱਕ ਪੂਰੀ ਪੀੜ੍ਹੀ ਤਿਆਰ ਹੋਈ। ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਰਾਜਨੀਤੀ ਨਾਲ਼ ਸਬੰਧਤ ਗਤੀਵਿਧੀਆਂ ਵਧਣ ਲੱਗੀਆਂ ਤੇ ਵਿਦਿਆਰਥੀਆਂ ਦੇ ਸਰਗਰਮ ਰਾਜਨੀਤੀ ਵਿੱਚ ਹਿਸਾ ਲੈਣ ਕਾਰਨ ਘਟਨਾ-ਚੱਕਰ ਨਿੱਤ ਨਵੇਂ ਮੋੜ ਲੈ ਰਹੇ ਸਨ। ਅਜਿਹੇ ਮਾਹੌਲ ਵਿੱਚ ਪੇਸ਼ਕੋਵ (ਗੋਰਕੀ ਦਾ ਪਿਤਰੀ ਨਾਮ) ਕਿਸੇ ਯੂਨੀਵਰਸਿਟੀ ਵਿੱਚ ਪੜ੍ਹਨ ਦੀ ਸੱਧਰ ਨਾਲ਼ ਕਜ਼ਾਨ ਵਿੱਚ ਰਹਿਣ ਲਈ ਆ ਜਾਂਦਾ ਹੈ। *"ਓੜਕ ਮੈਂ ਕਾਜ਼ਾਨ ਪਹੁੰਚ ਗਿਆ। ਏਥੋਂ ਦੀ ਅੱਧੀ ਵਸੋਂ ਤਾਤਰੀਆਂ ਦੀ ਸੀ। ਇੱਕ ਭੁੱਖ-ਨੰਗ ਦੀ ਮਾਰੀ ਭੀੜੀ ਜਿਹੀ ਗਲੀ ਦੇ ਇੱਕ ਖੂੰਜੇ, ਮੱਧਰੀ-ਜਿਹੀ ਪਹਾੜੀ ਉੱਤੇ ਇੱਕ-ਮੰਜ਼ਿਲਾ ਮਕਾਨ ਸੀ ਇੱਕ-ਬਿਲਕੁਲ ਇੱਕਲ-ਵਾਂਜਾ। ਕੋਠੜੀਆਂ ਉਹਦੀਆਂ, ਭੀੜੀਆਂ, ਸੁੰਗੜੀਆਂ-ਸੁੰਗੜੀਆਂ। ...ਏਸ ਮਲਬੇ ਦੇ ਹੇਠ ਇੱਕ ਵੱਡਾ ਸਾਰਾ ਭੋਰਾ ਸੀ, ਜਿੱਥੇ ਹੁਣ ਅਵਾਰਾ ਕੁੱਤੇ ਰਹਿੰਦੇ ਸਨ- ਏਥੇ ਹੀ ਉਹ ਜੰਮਦੇ ਮਰਦੇ ਸਨ। ਇਹ ਭੋਰਾ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਹੋਵੇ ਵੀ ਕਿਉਂ ਨਾ-ਇਹ ਮੇਰਾ ਇੱਕ ਵਿਸ਼ਵ-ਵਿਦਿਆਲਾ ਜੁ ਸੀ।"*

ਇਸ ਬਿਲਕੁਲ ਹੀ ਅਨਜਾਣ ਸ਼ਹਿਰ ਵਿੱਚ ਪੇਸ਼ਕੋਵ ਆਪਣੇ ਕਿਸੇ ਮਿੱਤਰ ਦੇ ਘਰ ਰਹਿਣ ਲੱਗਦਾ ਹੈ। ਪਰ ਜਲਦੀ ਹੀ ਉਸਨੂੰ ਸਮਝ ਆ ਜਾਂਦੀ ਹੈ ਕਿ ਕਿਸੇ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਲਈ ਉਸਨੂੰ ਅਜੇ ਹੋਰ ਸਖਤ ਮਿਹਨਤ ਕਰਨੀ ਪਵੇਗੀ। ਇਸ ਦੌਰਾਨ ਉਹ ਰੋਜ਼ੀ ਕਮਾਉਣ ਲਈ ਹਰ ਤਰ੍ਹਾਂ ਦੀ ਮਜ਼ਦੂਰੀ ਕਰਦਾ ਹੈ। *"ਢਿੱਡ ਨੂੰ ਝੁਲਕਾ ਦੇਣ ਲਈ ਮੈਂ ਵੋਲਗਾ ਦੇ ਘਾਟਾਂ ਉੱਤੇ ਚਲਾ ਜਾਂਦਾ। ਏਥੇ ਪੰਦਰਾਂ ਵੀਹ ਕੋਪਕ ਦੀ ਮਜਦੂਰੀ ਤਾਂ ਸਹਿਜੇ ਹੀ ਮਿਲ ਜਾਂਦੀ। ਏਥੇ ਗੋਦੀ-ਮਜ਼ਦੂਰਾਂ, ਚੋਰ-ਉਚੱਕਿਆਂ ਤੇ ਲਟੋਰਾਂ ਦੀ ਸੰਗਤ ਵਿੱਚ ਮੈਨੂੰ ਇਉਂ ਮਹਿਸੂਸ ਹੁੰਦਾ ਜਿਵੇਂ ਲੋਹੇ ਦਾ ਸਰੀਆ ਭਖਦੇ ਕੋਲਿਆਂ ਵਿੱਚ ਝੋਕ ਦਿੱਤਾ ਗਿਆ ਹੋਵੇ। ਹਰ ਦਿਨ ਅਜੇਹੇ ਕਈ ਤਜ਼ਰਬੇ ਹੁੰਦੇ ਜੋ ਸੜਦੀਆਂ ਸੀਖ਼ਾਂ ਨਾਲ ਮੇਰੀ ਆਤਮਾ ਨੂੰ ਦਾਗ ਦੇਂਦੇ। ਏਥੇ ਮੈਂ ਜ਼ਿੰਦਗੀ ਦੀ ਉਹ ਘੁੰਮਣ-ਘੇਰ ਵੇਖਦਾ ਜਿਸ ਵਿੱਚ ਚਕਰੀਆਂ ਖਾਂਦੇ ਲੋਕਾਂ ਦੇ ਮਨੋਵਿਕਾਰ ਅਣਘੜ ਸਨ ਤੇ ਉਨ੍ਹਾਂ ਦਾ ਲੋਭ ਨੰਗਾ ਤੇ ਬੇਪਰਦ। ਜ਼ਿੰਦਗੀ ਦੀ ਕੁੜਿੱਤਣ ਨਾਲ ਭਰੇ ਹੋਏ ਇਹ ਲੋਕ ਜਹਾਨ ਦੀ ਹਰ ਵਸਤ ਨੂੰ ਟਿਚਕਰ ਕਰਦੇ ਤੇ ਆਪਣੇ ਵੱਲੋਂ ਨਿਸ਼ਚਿਤ, ਉਪਰਾਮ ਰਹਿੰਦੇ। ਮੈਨੂੰ ਇਨ੍ਹਾਂ ਦਾ ਸੁਭਾ ਬੜਾ ਚੰਗਾ ਲੱਗਦਾ। ਮੇਰਾ ਆਪਣਾ ਤਜ਼ਰਬਾ ਵੀ ਉਨ੍ਹਾਂ ਨਾਲ ਮੇਲ ਖਾਂਦਾ ਸੀ। ਤਾਂਹੀਉਂ ਮੈਂ ਉਨ੍ਹਾਂ ਵੱਲ ਖਿੱਚਿਆ ਜਾਂਦਾ। ਮੇਰਾ ਜੀ ਕਰਦਾ ਮੈਂ ਇਨ੍ਹਾਂ ਦੀ ਕੌੜੀ-ਕਸੈਲੀ ਜ਼ਿੰਦਗੀ ਵਿੱਚ ਭਰਪੂਰ ਡੁੱਬ ਜਾਵਾਂ। ਬ੍ਰੇਟ ਹਾਰਟ ਦੀਆਂ ਕਹਾਣੀਆਂ ਤੇ ਹੋਰ ਕਈ ਸਸਤੇ ਨਾਵਲ ਜੋ ਮੈਂ ਪੜ੍ਹ ਚੁੱਕਾ ਸਾਂ, ਏਸ ਦੁਨੀਆਂ ਵੱਲ ਮੇਰੀ ਖਿੱਚ ਨੂੰ ਹੋਰ ਪ੍ਰਬਲ ਕਰਦੇ।"*

ਕਜ਼ਾਨ ਵਿੱਚ ਵਿਦਿਆਰਥੀਆਂ ਨਾਲ਼ ਸੰਪਰਕ ਵਿੱਚ ਰਹਿਣ ਕਾਰਨ ਪੇਸ਼ਕੋਵ ਦਾ ਰਾਜਨੀਤੀ ਨਾਲ਼ ਸਬੰਧ ਜੁੜਨਾ ਸੁਭਾਵਿਕ ਹੀ ਸੀ। ਤਰ੍ਹਾਂ-ਤਰ੍ਹਾਂ ਦੀਆਂ ਵਿਚਾਰਧਾਰਾਵਾਂ ਅਤੇ ਦਰਸ਼ਨਾਂ ਨਾਲ਼ ਵਾਹ ਪੈਂਦਾ ਰਿਹਾ। ਪੇਸ਼ਕੋਵ ਲਈ ਇਹ ਸਭ ਉੱਕਾ ਹੀ ਨਵਾਂ ਸੀ, ਪਹਿਲੀ ਵਾਰ ਉਸਨੂੰ ਹਰ ਕੋਈ ਹੀ ਸਹੀ ਜਾਪਦਾ, ਲਗਾਤਾਰ ਇੱਕ ਮਾਨਸਿਕ ਜਾਂ ਦਾਰਸ਼ਨਿਕ ਦਵੰਦ ਚਲਦਾ ਰਹਿੰਦਾ, ਪਰ ਹੌਲੀ ਹੌਲੀ ਆਪਣੇ ਜੀਵਨ ਤੋਂ ਹਾਸਿਲ ਗਿਆਨ ਨਾਲ਼ ਉਹ ਇਸ ਸਭ ਕਾਸੇ ਨੂੰ ਸਮਝਣਾ ਸ਼ੁਰੂ ਕਰਦਾ ਹੈ। ਉਸ ਸਮੇਂ ਦੇ ਮਾਹੌਲ ਨੂੰ ਯਾਦ ਕਰਦਿਆਂ ਗੋਰਕੀ ਆਪਣੀ ਇੱਕ ਕਿਤਾਬ 'ਸਾਹਿਤ ਬਾਰੇ' ਵਿੱਚ ਇਸ ਬਾਰੇ ਇੰਜ ਲਿਖਦੇ ਹਨ, *"...ਨੌਵੇਂ ਦਹਾਕੇ ਵਿੱਚ, ਪੜ੍ਹਦੇ ਸਮੇਂ ਲੋਕ ਕਿਤਾਬਾਂ ਵਿੱਚੋਂ ਕਾਹਲ਼ੀ-ਕਾਹਲ਼ੀ ਵਿਚਾਰ ਚੁਣ ਲਿਆ ਕਰਦੇ ਸਨ, ਜੋ ਇੱਕ ਆਮ ਚਲਨ ਸੀ। ਲੋਕ ਮਿਖਾਇਲੋਵਸਕੀ ਤੇ ਪਲੈਖਾਨੋਵ, ਤਾਲਸਤਾਏ ਤੇ ਦੋਸਤੋਯੇਵਸਕੀ, ਡਿਊਹਰਿੰਗ ਅਤੇ ਸ਼ਾਪਨਆਵਰ ਨੂੰ ਪੜ੍ਹਦੇ ਸਨ, ਹਰ ਤਰ੍ਹਾਂ ਦੀਆਂ ਸਿੱਖਿਆਵਾਂ ਦੇ ਨਿੱਤ ਨਵੇਂ ਪੈਰੋਕਾਰ ਬਣ ਰਹੇ ਸਨ, ਜਿਸ ਕਾਰਨ ਉਹ ਹੈਰਾਨੀਜਨਕ ਰਫਤਾਰ ਨਾਲ਼ ਅਲੱਗ ਅਲੱਗ ਧੜਿਆਂ ਵਿੱਚ ਵੰਡੇ ਜਾ ਰਹੇ ਸਨ। ਮੈਂ ਇਸ ਗੱਲ 'ਤੇ ਜ਼ੋਰ ਦੇਣਾ ਚਾਹਾਂਗਾ ਕਿ ਕਿਸ ਤੇਜ਼ੀ ਨਾਲ਼ ਵੱਖ-ਵੱਖ ਮੱਤ ਅਪਣਾਏ ਜਾ ਰਹੇ ਸਨ।"*

ਇਸ ਤਰ੍ਹਾਂ ਇਸ ਕਿਤਾਬ ਵਿੱਚ ਉਸ ਸਮੇਂ ਦੇ ਰਾਜਨੀਤਕ ਜੀਵਨ ਦੀਆਂ ਕਈ ਜੀਵੰਤ ਝਲਕੀਆਂ ਮਿਲਦੀਆਂ ਹਨ। ਸਟੱਡੀ ਸਰਕਲ, ਵਿਸ਼ੇ, ਕਿਤਾਬਾਂ, ਬਹਿਸਾਂ, ਗੁਪਤ ਮੀਟਿੰਗਾਂ ਆਦਿ ਬਾਰੇ ਕਾਫੀ ਰੌਚਕ ਜਾਣਕਾਰੀ ਮਿਲਦੀ ਹੈ। ਕਹਾਣੀ ਨਵੇਂ ਨਵੇਂ ਪਾਤਰਾਂ ਦੀ ਆਮਦ ਨਾਲ਼ ਅੱਗੇ ਤੁਰਦੀ ਰਹਿੰਦੀ ਹੈ। ਤੇ ਪੇਸ਼ਕੋਵ ਵੀ

ਆਪਣੇ ਜੀਵਨ ਦਾ ਅਰਥ ਸਮਝਣ ਦੀਆਂ ਕੋਸ਼ਿਸ਼ਾਂ ਵਿੱਚ ਆਪਣੇ ਆਲ਼ੇ-ਦੁਆਲ਼ੇ ਨਾਲ਼ ਲਗਾਤਾਰ ਸੰਘਰਸ਼ ਕਰਦਾ ਰਹਿੰਦਾ ਹੈ।

ਜੀਵਨ ਦੀਆਂ ਤੰਗੀਆਂ ਤੁਰਸ਼ੀਆਂ ਤੋਂ ਤਾਂ ਪੇਸ਼ਕੋਵ ਪਹਿਲਾਂ ਹੀ ਪ੍ਰੇਸ਼ਾਨ ਸੀ ਫਿਰ ਨਾਨੀ ਦੀ ਮੌਤ ਦਾ ਸਦਮਾ ਉਸ ਲਈ ਅਸਹਿ ਹੋ ਗਿਆ। ਉਹ ਪੂਰੀ ਤਰ੍ਹਾਂ ਅੰਦਰੋਂ ਟੁੱਟ ਹੀ ਗਿਆ, ਪੜ੍ਹਨ ਦਾ ਸੁਪਨਾ ਵੀ ਪੂਰਾ ਹੁੰਦਾ ਨਹੀਂ ਦਿਸ ਰਿਹਾ ਸੀ। ਉਸ ਸਮੇਂ ਦੀ ਆਪਣੀ ਮਾਨਸਿਕ ਅਵਸਥਾ ਨੂੰ ਗੋਰਕੀ ਇਹਨਾਂ ਸ਼ਬਦਾਂ ਰਾਹੀਂ ਬਿਆਨ ਕਰਨ ਦੀ ਕੋਸ਼ਿਸ਼ ਕਰਦੇ ਹਨ, *"ਓਦਣ ਮੈਂ ਪਹਿਲੀ ਵਾਰੀ ਮਹਿਸੂਸ ਕੀਤਾ ਕਿ ਮੇਰੀ ਆਤਮਾ ਮੇਰੇ ਅੰਦਰ ਥੱਕ ਰਹੀ ਐ। ਮੈਂ ਮਹਿਸੂਸ ਕੀਤਾ ਕਿ ਇੱਕ ਕੁੜੱਤਣ ਮੇਰੇ ਅੰਤਰ-ਆਤਮਾ ਵਿੱਚ ਸਮਾ ਗਈ ਹੈ ਤੇ ਹੌਲ਼ੀ ਹੌਲ਼ੀ ਮੈਨੂੰ ਦੱਬੀ ਤੁਰੀ ਜਾ ਰਹੀ ਹੈ। ਉਸ ਵਕਤ ਤੋਂ ਲੈ ਕੇ ਮੇਰੀ ਮਾਨਸਕ ਦਸ਼ਾ ਪੈਰੋ ਪੈਰ ਵਿਗੜਦੀ ਹੀ ਗਈ। ਮੈਂ ਆਪਣੇ ਆਪ ਨੂੰ ਪਰ੍ਹਾਂ ਖਲੋਤੇ ਕਿਸੇ ਗ਼ੈਰ ਦੀਆਂ ਨਜ਼ਰਾਂ ਨਾਲ਼ ਵੇਖ ਰਿਹਾ ਸਾਂ, ਠੰਢੀਆਂ ਯੱਖ ਪਰਦੇਸੀ ਅਤੇ ਵੈਰੀ ਅੱਖਾਂ ਨਾਲ਼। ਮੈਨੂੰ ਇਉਂ ਪ੍ਰਤੀਤ ਹੋਣ ਲੱਗਾ ਕਿ ਹਰ ਮਨੁੱਖੀ ਆਤਮਾ ਵਿੱਚ ਪ੍ਰਸਪਰ ਵਿਰੋਧੀ ਗੱਲਾਂ ਬੜੀ ਉੱਘੜ ਦੁੱਗੜੀ ਬੇਨੇਮੀ ਨਾਲ਼ ਇੱਕ ਦੂਜੇ ਦੇ ਲਾਗੇ ਢੁੱਕ ਕੇ ਬੈਠੀਆਂ ਹੋਈਆਂ ਹਨ। ...ਇਸ ਤੋਂ ਛੁਟਕਾਰਾ ਪਾਉਣ ਵਾਸਤੇ ਮੈਂ ਹਰ ਪਾਸੇ ਖਿੱਚਿਆ ਜਾਂਦਾ ਸਾਂ— ਔਰਤਾਂ ਵੱਲ, ਕਿਤਾਬਾਂ ਵੱਲ, ਮਿਹਨਤ ਮੁਸ਼ੱਕਤ ਕਰਨ ਵਾਲੇ ਕਾਮਿਆਂ ਵੱਲ ਅਤੇ ਵਿਦਿਆਰਥੀਆਂ ਦੀ ਮਸਤ ਟੋਲੀ ਵੱਲ। ਪਰ ਮੇਰੇ ਪਾਸ ਏਨਾਂ ਸਮਾਂ ਨਹੀਂ ਸੀ ਕਿ ਮੈਂ ਆਪਣੀਆਂ ਰੁਚੀਆਂ ਨੂੰ ਸੰਤੁਸ਼ਟ ਕਰ ਸਕਾਂ। ਮੈਂ ਤਾਂ ਇੱਕ ਲਾਟੂ ਵਾਂਗ ਏਧਰੋਂ ਓਧਰ ਚੱਕਰ ਖਾਂਦਾ ਫਿਰਦਾ ਸਾਂ। ਕੋਈ ਅਣਜਾਣਿਆਂ-ਅਣਵੇਖਿਆ, ਪਰ ਸ਼ਕਤੀਵਾਨ ਹੱਥ ਮੈਨੂੰ ਕਿਸੇ ਅਦਿੱਸ ਕੋਰੜੇ ਨਾਲ਼ ਲਾਸਾਂ ਪਾ ਰਿਹਾ ਸੀ।"*

ਪਰ ਕੁਝ ਅਜਿਹੇ ਵੀ ਲੋਕ ਸਨ ਜਿਹਨਾਂ ਨੇ ਪੇਸ਼ਕੋਵ ਨੂੰ ਇਸ ਔਖੀ ਘੜੀ ਵਿੱਚ ਸਹਾਰਾ ਦਿੱਤਾ, ਅਤੇ ਉਸਨੂੰ ਇਸ ਭਾਵਨਾਤਮਕ ਸੰਕਟ ਵਿੱਚੋਂ ਬਾਹਰ ਆਉਣ ਵਿੱਚ ਸਹਾਇਤਾ ਕੀਤੀ। ਰੁਬਤਸੋਵ ਨਾਮ ਦਾ ਇੱਕ ਸਖਸ਼ ਪੇਸ਼ਕੋਵ ਨੂੰ ਸਮਝਾਉਂਦਿਆਂ ਕਹਿੰਦਾ ਹੈ, *"ਮੇਰੀ ਗੱਲ ਪੱਲੇ ਬੰਨ੍ਹ ਲੈ! ਇੱਕ ਦਿਨ ਲੋਕਾਂ ਦਾ ਸਬਰ ਮੁੱਕ ਜਾਣੈ। ਉਨ੍ਹਾਂ ਨੂੰ ਐਸਾ ਰੋਹ ਚੜ੍ਹਨੈ ਕਿ ਉਨ੍ਹਾਂ ਸਾਹਮਣੇ ਜੋ ਆਇਆ ਤੋੜ ਭੰਨ ਸੁੱਟਣੈ। ਇਸ ਸੜੀ ਬੁਸੀ ਜ਼ਿੰਦਗੀ ਦਾ ਤੁਖ਼ਮ ਉੱਡਾ ਦੇਣਾ ਏਂ। ਲੋਕਾਂ ਦਾ ਸਬਰ ਜ਼ਰੂਰ ਮੁਕਣੈਂ।"*

ਪੇਸ਼ਕੋਵ ਦੇ ਕੁਝ ਸਾਥੀਆਂ ਦੀ ਗ੍ਰਿਫਤਾਰੀਆਂ ਹੋਣ ਤੋਂ ਬਾਅਦ ਉਸਦਾ ਹੁਣ ਕਜ਼ਾਨ ਵਿੱਚ ਰਹਿਣਾ ਮੁਸ਼ਕਿਲ ਸੀ, ਇਸ ਲਈ ਉਹ ਆਪਣੇ ਇਕ ਹੋਰ ਸਾਥੀ ਨਾਲ਼ ਨੇੜਲੇ ਕਿਸੇ ਪਿੰਡ ਵਿੱਚ ਕਿਸਾਨਾਂ ਵਿੱਚ ਕੰਮ ਕਰਨ ਲਈ ਚਲਾ ਜਾਂਦਾ ਹੈ। ਇੱਥੇ ਰਹਿ ਕੇ ਉਸਨੂੰ ਪੇਂਡੂ ਜੀਵਨ ਨੂੰ ਨੇੜਿਓਂ ਵੇਖਣ ਦਾ ਮੌਕਾ ਮਿਲਦਾ ਹੈ। ਕਿਸਾਨਾ ਦੇ ਸੁਭਾਅ ਤੇ ਮਾਨਸਿਕਤਾ ਦਾ, ਪੇਂਡੂ ਵਾਤਾਵਰਣ ਦਾ, ਧਰਮਿਕ ਸੰਕਲਪਾਂ ਦਾ ਗੋਰਕੀ ਆਪਣੇ ਖਾਸ ਅੰਦਾਜ਼ ਵਿੱਚ ਚਿਤਰਣ ਕਰਦੇ ਹਨ। ਸ਼ਹਿਰਾਂ ਦੇ ਜੀਵਨ ਤੇ ਪੇਂਡੂ ਜੀਵਨ ਦਾ ਤੁਲਨਾਤਮਕ ਅਧਿਐਨ ਬਹੁਤ ਹੀ ਦਿਲਚਸਪ ਭਾਗ ਹੈ ਅਤੇ ਅਜੇ ਤੱਕ ਸਾਡੇ ਪੰਜਾਬੀ ਸਾਹਿਤ ਵਿੱਚ ਇਹ ਨਜ਼ਰੀਆ ਲਗਭਗ ਗੈਰ ਹਾਜ਼ਿਰ ਹੀ ਹੈ। ਇੱਥੇ ਵੀ ਪੇਸ਼ਕੋਵ ਨੂੰ ਅਮੀਰ ਕਿਸਾਨਾਂ ਦੇ ਗੁੱਸੇ ਦਾ ਲਗਾਤਾਰ ਸ਼ਿਕਾਰ ਹੋਣਾ ਪੈਂਦਾ ਹੈ, ਉਹਨਾਂ ਦੇ ਇੱਕ ਸਾਥੀ ਦਾ ਕਤਲ ਹੋ ਜਾਂਦਾ ਹੈ, ਤੇ ਸਭ ਕੁਝ ਖਿੰਡ ਪੁੰਡ ਜਾਣ ਤੋਂ ਬਾਅਦ ਪੇਸ਼ਕੋਵ ਆਪਣੇ ਇੱਕ ਹੋਰ ਸਾਥੀ ਨਾਲ਼ ਕੈਸਪੀਅਨ ਸਾਗਰ ਵੱਲ ਰਵਾਨਾ ਹੋ ਜਾਂਦਾ ਹੈ। *"...ਅਸੀਂ ਕੈਸਪੀਅਨ ਦੇ ਕੰਢੇ ਜਾ ਲੱਥੇ। ਏਥੇ ਮੱਛੀ-ਮਾਰਾਂ ਦੇ ਛੋਟੇ ਜਿਹੇ ਜੱਥੇ ਵਿੱਚ ਸਾਨੂੰ ਕੰਮ ਮਿਲ਼ ਗਿਆ ਤੇ ਅਸੀਂ ਕਾਬਨਕੁਲ-ਬਾਈ ਨਾਮਕ ਕਾਲਮਿਕ ਮੱਛੀ-ਮਾਰਾਂ ਦੀ ਗੰਦੀ ਬਸਤੀ ਵਿੱਚ ਰਹਿਣ ਲੱਗ ਪਏ।"*

* * * *

ਇਸ ਤੋਂ ਕੁਝ ਅਰਸੇ ਬਾਅਦ ਗੋਰਕੀ ਆਪਣੇ ਇਹਨਾਂ ਅਣਗਿਣਤ ਪ੍ਰਭਾਵਾਂ ਅਤੇ ਤਜ਼ਰਬਿਆਂ ਦਾ ਖਜ਼ਾਨਾ ਲੈ ਕੇ ਸਾਹਿਤ ਦੇ ਖੇਤਰ ਵਿੱਚ ਪੈਰ ਧਰਦੇ ਹਨ। ਜਿੱਥੇ ਉਹ ਆਖਰੀ ਸਾਹ ਤੱਕ ਆਪਣੇ ਹੋਰਨਾਂ ਸਾਥੀਆਂ ਨਾਲ਼ ਰਲ਼ ਕੇ ਇੱਕ ਨਵੇਂ ਸੰਸਾਰ ਦੇ ਨਿਰਮਾਣ ਵਿੱਚ ਰੁੱਝੇ ਰਹੇ। ਸੰਸਾਰ ਸਾਹਿਤ ਦਾ ਇਹ ਸੂਹਾ ਫੁੱਲ ਸਰੀਰਕ ਤੌਰ 'ਤੇ ਬੇਸ਼ੱਕ ਮੁਰਝਾ ਗਿਆ ਹੋਵੇ ਪਰ ਉਸਦੀਆਂ ਰਚਨਾਵਾਂ ਦੀਆਂ ਸੁਗੰਧੀਆਂ ਹਮੇਸ਼ਾਂ ਇੱਕ ਖੂਬਸੂਰਤ ਸੰਸਾਰ ਦੇ ਸੁਪਨੇ ਲੈਣ ਵਾਲ਼ਿਆਂ ਨੂੰ ਆਪਣੇ ਵੱਲ ਖਿੱਚਦੀਆਂ ਰਹਿਣਗੀਆਂ ਤੇ ਉਹਨਾਂ ਨੂੰ ਆਪਣੀ ਮੰਜ਼ਿਲ ਦੀ ਯਾਦ ਦਿਲਾਉਂਦੀਆਂ ਰਹਿਣਗੀਆਂ। ਸੰਸਾਰ ਭਰ ਦੇ ਕਿਰਤੀਆਂ ਦੇ ਇਸ ਮਹਾਨ ਸਾਹਿਤਕਾਰ ਅਤੇ ਉਹਨਾਂ ਵਰਗੇ ਅਨੇਕਾਂ ਹੋਰ 'ਅਸਲੀ ਇਨਸਾਨਾਂ' ਦੀ ਯਾਦ ਵਿੱਚ, ਮਨੁੱਖਤਾ ਨੂੰ ਉਹਨਾਂ ਦੀਆਂ ਮਹਾਨ ਦੇਣਾਂ ਨੂੰ ਸਮਰਪਿਤ ਕੁਝ ਕਾਵਿ-ਸਤਰਾਂ ਅੰਤਿਕਾ ਵਜੋਂ:

ਮੌਤ
ਤੇਰੇ ਜਿਸਮ ਨੂੰ ਆਈ ਹੈ
ਹੋਂਦ ਨੂੰ ਨਹੀਂ।

ਸਦੀਆਂ ਬਾਅਦ ਵੀ
ਰੁਮਕ ਰਹੀ ਜ਼ਿੰਦਗੀ ਦੀ ਕਿਸੇ ਰਗ ਵਿੱਚ
ਧੜਕ ਰਿਹਾ ਹੋਵੇਂਗਾ ਤੂੰ।

ਕਾਇਨਾਤ ਦੇ ਚਿਹਰੇ 'ਤੇ
ਕੋਈ ਨੈਣ-ਨਕਸ਼ ਤੇਰਾ ਵੀ ਹੋਵੇਗਾ।

ਇਨਸਾਨੀ ਸੁਹੱਪਣ ਦਾ
ਇੱਕ ਅੰਸ਼ ਬਣ ਕੇ ਚਮਕੇਂਗਾ।

ਤੂੰ ਰਹੇਂਗਾ
ਅਨੰਤ ਸਮਿਆਂ ਤੱਕ
ਜਿਉਂਦਾ

ਬਸ ਰੂਪ ਬਦਲ ਜਾਏਗਾ।

* * * *

# ਬੰਗਾਲ ਦੇ ਅਕਾਲ ’ਤੇ ਨਵੀਂ ਕਿਤਾਬ:
## ਬਰਤਾਨਵੀ ਸਾਮਰਾਜਵਾਦੀਆਂ ਦੇ ਬਰਬਰ ਯੁੱਧ-ਅਪਰਾਧ ’ਤੇ ਨਵੀਂ ਰੌਸ਼ਨੀ

ਜਦ ਦੂਜੀ ਸੰਸਾਰ-ਜੰਗ ਦੀ ਗੱਲ ਹੁੰਦੀ ਹੈ ਤਾਂ ਸਾਮਰਾਜਵਾਦੀਆਂ ਦੀਆਂ ਬਹੁਤ ਸਾਰੀਆਂ ਬਰਬਰਤਾਵਾਂ ਇੱਕੋ ਵਾਰ ਦਿਮਾਗ਼ ਵਿੱਚ ਲਿਸ਼ਕ ਜਾਂਦੀਆਂ ਹਨ। ਨਾਜ਼ੀ ਤਸੀਹਾ ਕੈਂਪਾਂ ਵਿੱਚ 60 ਲੱਖ ਯਹੂਦੀਆਂ ਦਾ ਮਾਰਿਆ ਜਾਣਾ, 50 ਲੱਖ ਰੋਮਾਵਾਂ (ਜਿਪਸੀਆਂ) ਦਾ ਸਫ਼ਾਇਆ, ਦੋ ਕਰੋੜ ਸੋਵੀਅਤ ਨਾਗਰਿਕਾਂ ਅਤੇ 80 ਲੱਖ ਚੀਨੀ ਨਾਗਰਿਕਾਂ ਦਾ ਮਾਰਿਆ ਜਾਣਾ, ਹੀਰੋਸ਼ੀਮਾ-ਨਾਗਾਸਾਕੀ ’ਤੇ ਅਮਰੀਕੀ ਪ੍ਰਮਾਣੂ ਬੰਬ ਸੁੱਟੇ ਜਾਣ ਨਾਲ਼ 2 ਲੱਖ ਲੋਕਾਂ ਦੀ ਫੌਰੀ ਮੌਤ ਅਤੇ 1 ਲੱਖ 30 ਹਜ਼ਾਰ ਲੋਕਾਂ ਦੀ ਬਾਅਦ ਵਿੱਚ ਕੈਂਸਰ ਅਤੇ ਹੋਰ ਵਿਕਿਰਣ ਜਣੇ ਰੋਗਾਂ ਨਾਲ਼ ਮੌਤ… ਸਾਮਰਜਵਾਦ ਦੀ ਇਹ ਖ਼ੂਨੀ ਬੈਲੇਂਸਸ਼ੀਟ ਭਲਾ ਕੌਣ ਭੁੱਲ ਸਕਦਾ ਹੈ?

ਇਸੇ ਦੌਰਾਨ ਇੱਕ ਹੋਰ ਭਿਆਨਕ ਘਟਨਾ ਘਟੀ ਜੋ ਕਿ ਕਤਲੇਆਮ ਦੇ ਹੀ ਬਰਾਬਰ ਸੀ, ਪਰ ਜਿਸਦੀ ਚਰਚਾ ਸਾਮਰਾਜਵਾਦੀ ਕੁਕਰਮ ਦੇ ਰੂਪ ਵਿੱਚ ਬਹੁਤ ਘੱਟ ਹੀ ਹੁੰਦੀ ਹੈ। ਇਹ ਘਟਨਾ ਸੀ, 1943 ਦਾ ਬਦਨਾਮ ਬੰਗਾਲ ਦਾ ਅਕਾਲ। ਇਸ ਵਿਸ਼ੇ ’ਤੇ ਹੁਣੇ ਹੀ ਮਧੂਸ਼੍ਰੀ ਮੁਖਰਜੀ ਦੀ ਇੱਕ ਕਿਤਾਬ **‘ਚਰਚਿਲ ਸੀਕ੍ਰੇਟ ਵਾਰ: ਦ ਬ੍ਰਿਟਿਸ਼ ਇਮਪਾਇਰ ਐਂਡ ਦ ਰੈਵੇਜਿੰਗ ਆਫ਼ ਇੰਡਿਆ ਡਿਊਰਿੰਗ ਵਰਲਡ ਵਾਰ-II** (ਬੇਸਿਕ ਬੁਕਸ, ਨਿਊਯਾਰਕ, 2010) ਪ੍ਰਕਾਸ਼ਤ ਹੋਈ ਹੈ। ਮੁਖਰਜੀ ਨੇ ਆਪਣੇ ਖੋਜ-ਕਾਰਜ ਵਿੱਚ ਇਸ ਸੱਚਾਈ ਨੂੰ ਸਾਬਤ ਕਰਨ ਵਾਲ਼ੇ ਇਤਿਹਾਸਕ ਸਬੂਤ ਦਿੱਤੇ ਹਨ ਕਿ ਇੱਕ ਵਰ੍ਹੇ ਤੱਕ ਜਾਰੀ ਇਹ ਭਿਆਨਕ ਅਕਾਲ ਕੁਦਰਤੀ ਕਰੋਪੀ ਨਹੀਂ ਸੀ ਸਗੋਂ “ਮਨੁੱਖ-ਸਿਰਜਿਤ” ਸੀ। ਇਸ ਮਨੁੱਖੀ ਮਹਾਂਕਰੋਪੀ ਲਈ ਪੂਰੀ ਤਰ੍ਹਾਂ ਵੇਲੇ ਦੇ ਬਰਤਾਨਵੀ ਪ੍ਰਧਾਨ ਮੰਤਰੀ ਚਰਚਿਲ ਦੀਆਂ ਸਾਮਰਾਜਵਾਦੀ ਨੀਤੀਆਂ ਜ਼ਿੰਮੇਵਾਰ ਸਨ। ਮੁਖਰਜੀ ਦਾ ਇਹ ਵੀ ਦਾਅਵਾ ਹੈ ਕਿ ਅਕਾਲ ਵਿੱਚ ਮਰਨ ਵਾਲ਼ਿਆਂ ਦੀ ਗਿਣਤੀ 30 ਲੱਖ ਨਹੀਂ ਸੀ (ਜਿਵੇਂ ਕਿ ਹੁਣ ਤੱਕ ਮੰਨਿਆ ਜਾਂਦਾ ਰਿਹਾ ਹੈ), ਸਗੋਂ ਇਸਤੋਂ ਕਾਫ਼ੀ ਉੱਤੇ, 50 ਲੱਖ ਦੇ ਆਸਪਾਸ ਸੀ।

ਵੈਸੇ, ਜਗੀਰਦਾਰਾਂ ਰਾਹੀਂ ਕਿਸਾਨਾਂ ਦੀ ਬੇਸ਼ੁਮਾਰ ਲੁੱਟ ਨੇ ਬਸਤੀਵਾਦੀ ਸ਼ਾਸਨ ਦੌਰਾਨ ਕਈ ਵਾਰ ਅਜਿਹੀਆਂ ਹਾਲਤਾਂ ਪੈਦਾ ਕੀਤੀਆਂ ਜਦ ਲਗਾਨ ਦੇ ਭਾਰ ਨਾਲ਼ ਨਿਚੋੜੇ ਗਏ ਕਿਸਾਨ ਖੇਤੀ ਕਰ ਸਕਣ ਦੀ ਹਾਲਤ ਵਿੱਚ ਨਹੀਂ ਹੁੰਦੇ ਸਨ। ਇਸਦਾ ਨਤੀਜਾ ਅੱਡ-ਅੱਡ ਖੇਤਰਾਂ ਵਿੱਚ ਅਕਾਲ ਦੇ ਰੂਪ ਵਿੱਚ ਸਾਹਮਣੇ ਆਉਂਦਾ ਸੀ। 1943 ਦੇ ਬੰਗਾਲ ਦੇ ਅਕਾਲ ਦੀ ਹਾਲਤ ਪਹਿਲਾਂ ਦੇ ਅਕਾਲਾਂ ਤੋਂ ਵੱਖਰੀ ਸੀ। ਯੁੱਧ ਦੇ ਦੱਖਣ ਏਸ਼ੀਆਈ ਮੋਰਚੇ ’ਤੇ ਬਰਤਾਨਵੀ ਸਾਮਰਜਵਾਦ ਨੂੰ ਜਪਾਨੀ ਫ਼ਾਸੀਵਾਦੀ ਲਗਾਤਾਰ ਪਿੱਛੇ ਧੱਕ ਰਹੇ ਸਨ। 1942 ਵਿੱਚ ਜਪਾਨੀਆਂ ਨੇ ਸਿੰਘਾਪੁਰ ਅਤੇ ਫਿਰ ਬਰਮਾ ’ਤੇ ਕਬਜ਼ਾ ਕਰ ਲਿਆ। ਤਦ ਬਰਮਾ ਹੋਰਨਾਂ ਬਰਤਾਨਵੀ ਬਸਤੀਵਾਦੀਆਂ, ਅਤੇ ਖ਼ੁਦ ਬਰਤਾਨੀਆ ਲਈ ਸਭ ਤੋਂ ਵੱਡੀ ਚੌਲ ਬਰਾਮਦ ਬਸਤੀ ਸੀ। ਭਾਰਤ ਦੀ ਕੁੱਲ ਚੌਲ-ਖਪਤ ਦਾ 15-20 ਪ੍ਰਤੀਸ਼ਤ ਉਸ ਸਮੇਂ ਬਰਮਾ ਤੋਂ ਆਉਂਦਾ ਸੀ। ਬਰਮਾ ਨੂੰ ਜਿੱਤਕੇ ਜਪਾਨ ਭਾਰਤ ਦੀ ਸਰਦਲ ’ਤੇ ਖੜਾ ਸੀ। ਜਪਾਨੀ ਹਮਲਾ ਨੇੜੇ ਸੀ। ਬਰਤਾਨਵੀ ਸਾਮਰਾਜਵਾਦੀਆਂ ਨੇ ਜਵਾਬੀ ਤਿਆਰੀ ਵਿੱਚ “ਡਿਨਾਇਲ ਪਾਲਿਸੀ” ਦਾ ਸਹਾਰਾ ਲਿਆ ਜਿਸਦਾ ਅਰਥ ਸੀ ਹਮਲਾਵਰਾਂ ਨੂੰ ਹਰ ਉਪਯੋਗੀ ਚੀਜ਼ ’ਤੇ ਕਬਜ਼ੇ ਤੋਂ ਵਾਂਝਿਆਂ ਕਰ ਦੇਣਾ। ਸਮੁੱਚੇ ਤਟੀ ਬੰਗਾਲ ਵਿੱਚ ਹਰ ਤਰ੍ਹਾਂ ਦੇ ਵਾਹਨ (ਟਰੱਕ, ਕਾਰਾਂ, ਕਿਸ਼ਤੀਆਂ, ਗੱਡੇ, ਹਜ਼ਾਰਾਂ ਸਾਇਕਲ ਆਦਿ) ਫ਼ੌਜ ਨੇ ਜ਼ਬਤ ਕਰ ਲਏ। ਝੋਨੇ ਅਤੇ ਚੌਲ਼ਾਂ ਦੇ ਭੰਡਾਰ ਜਾਂ ਤਾਂ ਤਬਾਹ ਕਰ ਦਿੱਤੇ ਗਏ ਜਾਂ ਹਟਾ ਦਿੱਤੇ ਗਏ। ਫ਼ੌਜ ਦੀਆਂ ਬੈਰਕਾਂ ਅਤੇ ਹਵਾਈ ਪਟੜੀਆਂ ਲਈ 35,000 ਪਰਿਵਾਰਾਂ ਨੂੰ ਆਪਣੇ ਘਰਾਂ ਅਤੇ ਗੁਜ਼ਰ-ਬਸਰ ਦੇ ਸਾਧਨਾਂ ਤੋਂ ਹੱਥ ਧੋਣੇ ਪਏ। ਉਸ ਸਮੇਂ ਬੰਗਾਲ ਦੇ ਵੱਡੇ ਭੂ ਭਾਗ ਵਿੱਚ ਕਿਸ਼ਤੀਆਂ ਹੀ ਆਵਾਜਾਈ ਦਾ ਮੁੱਖ ਸਾਧਨ ਸਨ। ਕਿਸ਼ਤੀਆਂ ਨਾਲ਼ ਹੀ ਕਿਸਾਨ ਖੇਤਾਂ ਤੱਕ ਜਾਂਦੇ ਸਨ, ਘੁਮਿਆਰ ਮਿੱਟੀ ਲੈਣ ਜਾਂਦੇ ਸਨ, ਲੋਕ ਬਜ਼ਾਰ ਜਾਂਦੇ ਸਨ। ਕਿਸ਼ਤੀਆਂ ਤੋਂ ਬਿਨਾਂ ਖੇਤੀ, ਘਰੇਲੂ ਸਨਅਤ ਸਭ ਠੱਪ ਹੋ ਗਏ। ਜਨਜੀਵਨ ਖਿੰਡ ਗਿਆ। ਇਹ ਵੀ ਯਾਦ ਰੱਖਣ ਯੋਗ ਹੈ ਕਿ ਕੁੱਝ ਹੀ ਮਹੀਨੇ ਪਹਿਲਾਂ 1942 ਵਿੱਚ ਆਏ ਭਿਆਨਕ ਤੂਫ਼ਾਨ ਨੇ ਸਮੁੰਦਰ ਤਟੀ ਬੰਗਾਲ ਵਿੱਚ ਕਾਫ਼ੀ ਤਬਾਹੀ ਮਚਾਈ ਸੀ। ਖੇਤ ਨਮਕੀਨ ਪਾਣੀ ਦੀ ਦਲਦਲ ਬਣ ਗਏ ਸਨ। ਇਸ ਕਰੋਪੀ ਤੋਂ ਨਿਕਲਣ ਲਈ ਬਰਤਾਨਵੀ ਹਾਕਮਾਂ ਨੇ ਲੋਕਾਂ ਦੀ ਕੋਈ ਮਦਦ ਨਹੀਂ ਕੀਤੀ ਕਿਉਂਕਿ ਉਸ ਸਮੇਂ ‘ਭਾਰਤ ਛੱਡੋ ਅੰਦੋਲਨ’ ਉਬਾਲ਼ ’ਤੇ ਸੀ ਅਤੇ ਸੰਘਰਸ਼ਸ਼ੀਲ ਲੋਕਾਂ ਦਾ ਮਨੋਬਲ ਤੋੜਨ ਲਈ ਬਰਤਾਨਵੀ ਸ਼ਾਸਕ ਕੁੱਝ ਵੀ ਕਰ ਗੁਜ਼ਰਨ ’ਤੇ ਉਤਾਰੂ ਸਨ।

1943 ਦੇ ਸ਼ੁਰੂ ਵਿੱਚ ਜਦ ਅਕਾਲ ਦਾ ਖ਼ਤਰਾ ਸਿਰ ’ਤੇ ਸੀ ਤਾਂ ਸੰਭਾਵਤ ਲੋਕ-ਰੋਹ ਦੇ ਧਮਾਕੇ ਤੋਂ ਘਬਰਾਕੇ ਵਾਇਸਰਾਇ ਵਾਵੇਲ ਅਤੇ ਭਾਰਤ ਸਕੱਤਰ ਐਮਰੀ ਨੇ ਬਰਤਾਨਵੀ ਪ੍ਰਧਾਨ ਮੰਤਰੀ ਚਰਚਿਲ, ਯੁੱਧ ਮੰਤਰਾਲੇ ਅਤੇ ਜਹਾਜ਼ਰਾਨੀ ਮੰਤਰਾਲੇ ਨੂੰ ਕਈ ਪੱਤਰ ਲਿਖਕੇ ਅਨਾਜ ਸੰਕਟ ਦੇ ਖ਼ਤਰੇ ਬਾਰੇ ਦੱਸਿਆ। ਪਰ ਚਰਚਿਲ ਦੀ ਸੋਚ ਕੁੱਝ ਹੋਰ ਸੀ। ਸਾਮਰਾਜਵਾਦੀ ਹਿੱਤਾਂ ’ਤੇ ਉਸਦੀ ਪਕੜ ਇੱਕ ਖ਼ੂੰਖਾਰ ਬੁਲਡੌਗ ਵਰਗੀ ਸੀ। ਉਹ ਆਜ਼ਾਦੀ ਦੇ ਘੋਲ਼ ਵਿੱਚ ਲੋਕਾਂ ਦੇ ਮਨੋਬਲ ਨੂੰ ਤੋੜ ਦੇਣਾ ਚਾਹੁੰਦਾ ਸੀ। ਭਾਰਤੀ ਜ਼ਮੀਨ ’ਤੇ ਜਪਾਨੀਆਂ ਦਾ ਮੁਕਾਬਲਾ ਉਹ ਅੱਧ-ਪਚੱਧੀ ਟਰੇਨਿੰਗ ਨਾਲ਼ ਲੈਸ ਭਾਰਤੀ ਸਿਪਾਹੀਆਂ ਨੂੰ (ਪੂਰੀ ਟਰੇਨਿੰਗ ਨੂੰ ਉਹ ਖ਼ਤਰਨਾਕ ਮੰਨਦਾ ਸੀ) ਤੋਪ ਦਾ ਚਾਰਾ ਬਣਾਕੇ ਕਰਨਾ ਚਾਹੁੰਦਾ ਸੀ, ਪਰ ਵਿਸ਼ਾਲ

ਲੋਕਾਈ ਦੇ ਸਹਿਯੋਗ 'ਤੇ ਉਸਨੂੰ ਬਿਲਕੁਲ ਭਰੋਸਾ ਨਹੀਂ ਸੀ। ਉਸਨੂੰ ਅਮਰੀਕਾ ਵਰਗੇ ਮਿੱਤਰ-ਰਾਸ਼ਟਰਾਂ ਦੀ ਮਦਦ ਦਾ ਵੀ ਭਰੋਸਾ ਸੀ ਅਤੇ ਉਹ ਇਹ ਵੀ ਜਾਣਦਾ ਸੀ ਕਿ ਚੀਨ ਅਤੇ ਸੋਵੀਅਤ ਸੰਘ ਦੇ ਲੋਕ ਜਪਾਨ ਸਹਿਤ ਪੂਰੀ ਫ਼ਾਸੀਵਾਦੀ ਧੁਰੇ ਦਾ ਲੱਕ ਤੋੜ ਰਹੇ ਸਨ। ਇਸ ਤਰਾਂ ਚਰਚਿਲ ਭਾਰਤੀ ਲੋਕਾਂ ਦਾ ਸਹਿਯੋਗ ਲੈਣ ਦੀ ਜਗ੍ਹਾ, ਉਸਦੇ ਮਨੋਬਲ ਨੂੰ ਕੁਚਲਕੇ ਹੀ ਦੱਖਣ ਏਸ਼ੀਆਈ ਰੰਗਮੰਚ 'ਤੇ ਯੁੱਧ ਜਿੱਤਣਾ ਚਾਹੁੰਦਾ ਸੀ। ਯੁੱਧ ਦੀਆਂ ਹਾਲਤਾਂ ਦਾ ਫਾਇਦਾ ਲੈ ਕੇ ਭਾਰਤੀ ਲੋਕ ਆਪਣੀ ਅਜ਼ਾਦੀ ਲਈ ਦਬਾਅ ਬਣਾਉਣ, ਇਸ ਤਰ੍ਹਾਂ ਉਹ ਬਿਲਕੁਲ ਨਹੀਂ ਚਾਹੁੰਦਾ ਸੀ। ਇਸ ਲਈ ਏਮਰੀ ਦੇ ਇੱਕ ਪੱਤਰ ਦਾ ਉੱਤਰ ਦਿੰਦੇ ਹੋਏ ਉਸਨੇ ਲਿਖਿਆ ਸੀ, "ਜੇਕਰ ਰੋਟੀ ਦੀ ਏਨੀ ਹੀ ਘਾਟ ਹੈ ਤਾਂ ਗਾਂਧੀ ਹੁਣ ਤੱਕ ਮਰਿਆ ਕਿਉਂ ਨਹੀਂ" (ਗਾਂਧੀ ਉਸ ਸਮੇਂ ਜੇਲ ਵਿੱਚ ਭੁੱਖ ਹੜਤਾਲ 'ਤੇ ਸੀ)। ਸੰਭਾਵਤ ਅਨਾਜ ਸੰਕਟ ਨੂੰ ਭਾਂਪ ਕੇ ਕਲਕੱਤਾ ਅਤੇ ਬੰਗਾਲ ਦੇ ਹੋਰਨਾਂ ਸ਼ਹਿਰਾਂ ਵਿੱਚ ਜਮਾਂਖੋਰਾਂ ਨੇ ਅਨਾਜ ਜਮ੍ਹਾ ਕਰਕੇ ਕਾਲ਼ਾਬਜ਼ਾਰੀ ਸ਼ੁਰੂ ਕਰ ਦਿੱਤੀ। ਸੰਕਟ ਸਮੇਂ ਤੋਂ ਪਹਿਲਾਂ ਹੀ ਆ ਗਿਆ ਅਤੇ ਭਿਆਨਕ ਰੂਪ ਵਿੱਚ ਆਇਆ। ਉਸ ਸਮੇਂ ਆਸਟ੍ਰੇਲੀਆ ਵਿੱਚ ਵੱਡੀ ਮਾਤਰਾ ਵਿੱਚ ਕਣਕ ਦਾ ਭਾਰੀ ਵਾਧੂ ਭੰਡਾਰ ਮੌਜੂਦ ਸੀ ਜਿਸਨੂੰ ਜੇਕਰ ਜਹਾਜ਼ਾਂ ਵਿੱਚ ਲੱਦਕੇ ਬੰਗਾਲ ਪਹੁੰਚਾ ਦਿੱਤਾ ਜਾਂਦਾ ਤਾਂ ਜਮਾਂਖ਼ੋਰੀ ਮੁਨਾਫ਼ੇ ਦਾ ਸੌਦਾ ਨਹੀਂ ਰਹਿ ਜਾਂਦੀ ਅਤੇ ਭਾਰੀ ਪੇਂਡੂ ਅਬਾਦੀ ਨੂੰ ਦੋ ਡੰਗ ਦੀ ਰੋਟੀ ਨਸੀਬ ਹੋ ਜਾਂਦੀ, ਪਰ ਚਰਚਿਲ ਨੇ ਇੰਝ ਨਹੀਂ ਕੀਤਾ। ਇਹੀ ਨਹੀਂ, ਅਨਾਜ ਦੀ ਮਦਦ ਭੇਜਣ ਦਾ ਅਮਰੀਕਾ ਅਤੇ ਕਨੇਡਾ ਦਾ ਪ੍ਰਸਤਾਵ ਵੀ ਉਸਨੇ ਠੁਕਰਾ ਦਿੱਤਾ। ਉਸਦਾ ਤਰਕ ਸੀ ਕਿ ਅਨਾਜ ਲਿਆਉਣ ਲਈ ਪੂਰੀ ਗਿਣਤੀ ਵਿੱਚ ਜਹਾਜ਼ ਉਪਲੱਬਧ ਨਹੀਂ ਸਨ। ਮੁਖਰਜੀ ਨੇ ਸਾਬਤ ਕੀਤਾ ਹੈ ਕਿ ਤੱਥ ਇਸਦੇ ਉਲਟ ਸਨ। ਜਹਾਜ਼ ਏਨੇ ਸਨ ਕਿ ਉਹਨਾਂ ਵਿੱਚ ਲਦਾਈ ਲਈ ਪੂਰਾ ਸਮਾਨ ਨਹੀਂ ਸੀ। ਇੱਕ ਸਮਾਂ ਸੀ ਜਦ ਜਰਮਨ ਯੂ-2 ਪਣਡੁੱਬੀਆਂ ਨੇ ਭਾਰੀ ਗਿਣਤੀ ਵਿੱਚ ਬਰਤਾਨਵੀ ਵਪਾਰੀ ਜਹਾਜ਼ਾਂ ਨੂੰ ਡੁਬੋਕੇ ਸੰਕਟ ਪੈਦਾ ਕਰ ਦਿੱਤਾ ਸੀ, ਪਰ 1942 ਦੇ ਅੰਤ ਤਕ ਹਾਲਤ ਬਦਲ ਚੁੱਕੀ ਸੀ। ਅਮਰੀਕਾ ਨੇ ਵੱਡੀ ਪੱਧਰ 'ਤੇ ਬਰਤਾਨੀਆ ਨੂੰ ਜਹਾਜ਼ ਬਣਾਕੇ ਦਿੱਤੇ ਅਤੇ ਉਸਦੇ ਵਪਾਰਕ ਜਹਾਜ਼ੀ ਬੇੜਿਆਂ ਦੀ ਜਰਮਨ ਪਣਡੁੱਬੀਆਂ ਤੋਂ ਰੱਖਿਆ ਲਈ ਆਪਣੇ ਜੰਗੀ ਜਹਾਜ਼ ਤੈਨਾਤ ਕੀਤੇ। ਪਰ ਅਸਲ ਵਿੱਚ ਚਰਚਲ ਅਨਾਜ ਮੰਗਵਾਉਣਾ ਹੀ ਨਹੀਂ ਚਾਹੁੰਦਾ ਸੀ। ਉਹ ਬਸ ਇਨ੍ਹਾਂ ਚਾਹੁੰਦਾ ਸੀ ਕਿ ਮੱਧ-ਪੂਰਬ ਤੋਂ ਲੈਕੇ ਦੱਖਣ-ਪੂਰਬ ਤੱਕ ਲੜਨ ਵਾਲ਼ੇ ਭਾਰਤੀ ਸਿਪਾਹੀਆਂ ਨੂੰ ਅਤੇ ਕਾਰਖ਼ਾਨਿਆਂ ਵਿੱਚ ਫ਼ੌਜ ਲਈ ਪੈਦਾਵਾਰ ਕਰਨ ਵਾਲ਼ੀ ਅਬਾਦੀ ਨੂੰ ਯੁੱਧ ਦੇ ਦੌਰਾਨ ਭੋਜਨ ਅਤੇ ਜ਼ਰੂਰੀ ਸਮਾਨ ਮਿਲਦੇ ਰਹਿਣ। ਬਾਕੀ ਅਬਾਦੀ, ਖ਼ਾਸਕਰ ਪੇਂਡੂ ਅਬਾਦੀ ਨੂੰ ਉਹ ਕੌਮੀ ਲਹਿਰ ਵਿੱਚ ਹਿੱਸਾ ਲੈਣ ਦੀ ਸਜ਼ਾ ਦੇਣਾ ਚਾਹੁੰਦਾ ਸੀ ਅਤੇ ਅਨਾਜ ਦੀ ਜਬਰ ਦੇ ਹਥਿਆਰ ਦੇ ਰੂਪ ਵਿੱਚ ਵਰਤੋਂ ਕਰ ਰਿਹਾ ਸੀ।

ਚਰਚਲ ਦੀ ਇਹਨਾਂ ਨੀਤਿਆਂ ਨੇ ਬੰਗਾਲ ਦੇ ਅਕਾਲ ਨੂੰ ਜਨਮ ਦਿੱਤਾ। ਪਿੰਡਾਂ ਦੇ ਪਿੰਡ ਵੀਰਾਨ ਹੋ ਗਏ। ਕਲਕੱਤਾ ਦੀਆਂ ਸੜਕਾਂ ਲਾਸ਼ਾਂ ਨਾਲ਼ ਭਰਨ ਲੱਗੀਆਂ। ਸੂਪ ਅਤੇ ਦਲੀਏ ਲਈ ਜਗ੍ਹਾ-ਜਗ੍ਹਾ ਸੈਂਕੜੇ ਚਲਦੇ-ਫਿਰਦੇ ਪਿੰਜਰ ਲਾਈਨ ਲਾਕੇ ਖੜੇ ਰਹਿੰਦੇ ਸਨ ਅਤੇ ਕਈ ਉੱਥੇ ਹੀ ਮਰ ਜਾਂਦੇ ਸਨ। ਲੱਖਾਂ ਬੇਸਹਾਰਾ ਬੱਚੇ ਸੜਕਾਂ 'ਤੇ ਭਟਕ ਰਹੇ ਸਨ। ਭੁੱਖੀਆਂ ਮਾਂਵਾਂ ਨੇ ਆਪਣੇ ਬੱਚਿਆਂ ਨੂੰ ਜ਼ਿੰਦਾ ਰੱਖਣ ਲਈ ਸ਼ਰੀਰ ਵੇਚਣਾ ਸ਼ੁਰੂ ਕਰ ਦਿੱਤਾ। ਵੇਸਵਾਘਰਾਂ ਵਿੱਚ ਭੀੜ ਲੱਗ ਗਈ। ਹਾਲਤ ਅਜਿਹੀ ਹੋ ਗਈ ਕਿ ਉੱਚ ਮੱਧ-ਵਰਗ ਦੇ ਲੋਕ ਵੀ ਇਸ ਹਾਲਤ ਨਾਲ਼ ਨਿਬੜਨ ਦੇ ਢੰਗਾਂ 'ਤੇ ਗੱਲ ਕਰਨ ਲੱਗੇ। ਸੜਕਾਂ 'ਤੇ ਸੜਦੀਆਂ ਲਾਸ਼ਾਂ, ਅੱਧਮਰੇ ਲੋਕਾਂ ਅਤੇ ਦਾਅਵਤਾਂ ਉਡਾਉਂਦੇ ਕੁੱਤਿਆਂ ਨੂੰ ਦੇਖ-ਦੇਖ ਉਹਨਾਂ ਨੂੰ ਵੀ ਪ੍ਰੇਸ਼ਾਨੀ ਹੋਣ ਲੱਗੀ। ਭਾਂਵੇਂਕਿ ਉਸ ਸਮੇਂ ਵੀ ਕਲਕੱਤਾ ਦੇ ਉੱਚੇ ਦਰਜੇ ਦੇ ਹੋਟਲਾਂ ਵਿੱਚ ਪੰਜ ਕੋਰਸ ਵਾਲ਼ੇ ਵੱਡੇ ਲੰਚ-ਡਿਨਰ ਪਰੋਸੇ ਜਾ ਰਹੇ ਸਨ।

ਮਧੂਸ਼੍ਰੀ ਮੁਖਰਜੀ ਦੀ ਕਿਤਾਬ ਇਸ ਮਾਮਲੇ ਵਿੱਚ ਮਹੱਤਵਪੂਰਨ ਹੈ ਕਿ ਇਸ ਵਿੱਚ ਉਸ ਇਤਿਹਾਸਕ ਸ੍ਰੋਤ-ਸਮੱਗਰੀ (ਚਰਚਲ, ਏਮਰੀ, ਲਾਰਡ ਵਾਵੇਲ, ਲਾਰਡ ਲਿਨਲਿਥਗੋ ਆਦਿ ਦੇ ਪੱਤਰ, ਉਸ ਦੌਰ ਦੇ ਹੋਰ ਦਸਤਾਵੇਜ਼, ਯਾਦਾਂ ਆਦਿ) ਦੀ ਪਹਿਲੀ ਵਾਰ ਵਰਤੋਂ ਕੀਤੀ ਗਈ ਹੈ ਜੋ ਇਸ ਸਦੀ ਦੇ ਪਹਿਲੇ ਦਹਾਕੇ ਦੇ ਮੱਧ ਵਿੱਚ ਪਹਿਲੀ ਵਾਰ ਇਤਿਹਾਸਕਾਰਾਂ ਦੇ ਖੋਜ-ਅਧਿਐਨ ਲਈ ਬ੍ਰਿਟਿਸ਼ ਮੁਹਾਫ਼ਿਜ਼ਖਾਨੇ ਦੁਆਰਾ ਖੋਲੀ ਗਈ ਹੈ। ਇਹ ਕਿਤਾਬ ਇੱਕ ਵਾਰ ਫਿਰ ਸਾਮਰਜਵਾਦ ਦੇ ਬਰਬਰ ਮਨੁੱਖਦੋਖੀ ਚਰਿੱਤਰ ਨੂੰ ਉਜਾਗਰ ਕਰਨ ਦਾ ਕੰਮ ਕਰਦੀ ਹੈ।

ਪੂੰਜੀਵਾਦ ਦੇ ਰੂਪ ਵਿੱਚ ਮੂਰਤ ਆਰਥਿਕ-ਸਮਾਜਿਕ ਸਬੰਧਾਂ ਲਈ ਵਾਧੂ-ਮੁਨਾਫ਼ਾ ਨਿਚੋੜਨ ਦੇ ਨਾਲ਼ ਹੀ ਲੋਕਾਂ ਦਾ ਬਰਬਰ ਜ਼ਬਰ-ਲੁੱਟ ਇੱਕ ਲਾਜ਼ਮੀ ਜ਼ਰੂਰਤ ਹੈ। ਬਸਤੀਵਾਦ ਦੇ ਦੌਰ ਵਿੱਚ ਅਤੇ ਪਿਛਲੀ ਸਦੀ ਦੌਰਾਨ ਦੋ ਮਹਾਂਯੁੱਧਾਂ ਅਤੇ ਕਈ ਖੇਤਰੀ ਯੁੱਧਾਂ ਦੌਰਾਨ ਲੋਕ ਸਾਮਰਾਜਵਾਦੀ ਅਪਰਾਧਾਂ ਦੇ ਗਵਾਹ ਬਣੇ ਸਨ। ਬਰਤਾਨੀਆ ਨੇ ਜੋ ਬੰਗਾਲ ਵਿੱਚ ਕੀਤਾ, ਅਮਰੀਕੀ ਸਾਮਰਾਜਵਾਦ ਅੱਜ ਸੋਮਾਲੀਆ ਅਤੇ ਸੂਡਾਨ ਤੋਂ ਲੈਕੇ ਅਫ਼ਗਾਨਿਸਤਾਨ ਤਕ ਉਹੀ ਕੁੱਝ ਕਰ ਰਿਹਾ ਹੈ। ਇਹ ਸਾਮਰਾਜਵਾਦ ਅਤੇ ਪੂੰਜੀਵਾਦ ਦੀ ਹੀ ਨੀਤਿਆਂ ਹਨ ਕਿ 9 ਪ੍ਰਤੀਸ਼ਤ ਵਿਕਾਸ ਦਰ ਅਤੇ ਕੁੱਝ-ਇੱਕ ਕਰੋੜ ਅਮੀਰਾਂ ਦੇ ਦੇਸ਼ ਭਾਰਤ ਵਿੱਚ ਅੱਜ ਵੀ ਤਕਰੀਬਨ 40 ਕਰੋੜ ਅਬਾਦੀ ਕੁਪੋਸ਼ਣ ਦੀ ਸ਼ਿਕਾਰ ਹੈ ਅਤੇ ਗੋਦਾਮਾਂ ਵਿੱਚ ਸਾਲਾਨਾ ਲੱਖਾਂ ਟਨ ਅਨਾਜ ਸੜਕੇ ਮਿੱਟੀ ਹੋ ਰਿਹਾ ਹੈ।

ਬੰਗਾਲ ਦਾ ਅਕਾਲ ਭਾਰਤ ਦੇ ਲੋਕਾਂ ਵਿਰੁੱਧ ਬਰਤਾਨਵੀ ਸਾਮਰਾਜਵਾਦੀਆਂ ਦੁਆਰਾ ਛੇੜੀ ਗਈ ਅਸਿੱਧੀ ਜੰਗ ਸੀ। ਸਾਮਰਾਜਵਾਦੀ ਦੁਨੀਆਂ ਭਰ ਦੇ ਦੱਬੇ-ਕੁਚਲੇ ਲੋਕਾਂ ਵਿਰੁੱਧ ਸਿੱਧੀ ਜੰਗ ਤੋਂ ਬਿਨਾਂ ਅਜਿਹੀ ਅਸਿੱਧੀ ਜੰਗ ਅੱਜ ਵੀ ਚਲਾਉਂਦੇ ਰਹਿੰਦੇ ਹਨ। "ਮਨੁੱਖ ਸਿਰਜਤ" ਅਨਾਜ ਸੰਕਟ ਅਤੇ ਅਕਾਲ ਅੱਜ ਵੀ ਆਮ ਗੱਲ ਹੈ। ਨਵੀਂ ਗੱਲ ਇਹ ਹੈ ਕਿ ਭਾਰਤ ਵਰਗੇ ਦੇਸ਼ਾਂ ਦਾ ਪੂੰਜੀਪਤੀ ਵਰਗ ਵੀ ਅੱਜ ਇਸ ਅਸਿੱਧੀ ਜੰਗ ਵਿੱਚ ਸਾਮਰਾਜਵਾਦੀਆਂ ਦਾ ਛੋਟਾ ਜੋਟੀਦਾਰ ਬਣ ਚੁੱਕਾ ਹੈ। ਨਵਉਦਾਰਵਾਦੀ ਨੀਤਿਆਂ ਦੇ ਕਨੂੰਨਾਂ ਪ੍ਰਤੀ ਉਹ ਪੂਰੀ ਤਰ੍ਹਾਂ ਵਫ਼ਾਦਾਰ ਬਣ ਚੁੱਕਾ ਹੈ।•

# ਸ਼ਬਦਾਂ ਨਾਲ਼ ਜਾਦੂ ਬੁਣਨਾ

# ਕਵਿਤਾ ਲਿਖਣਾ

• ਦੀਪਾਅਨ ਬੋਸ

ਕਵਿਤਾ ਲਿਖਣ ਲਈ ਜ਼ਰੂਰੀ ਹੈ - ਸਾਦਗੀ, ਮਾਸੂਮੀਅਤ, ਸੱਚਾਈ, ਜ਼ਿੰਦਗੀ ਅਤੇ ਕੁਦਰਤ ਦੀਆਂ ਸੱਚਾਈਆਂ ਨੂੰ ਖੋਜਣ-ਜਾਣਨ ਦੀ ਚਾਹਨਾ ਅਤੇ ਮਨੁੱਖਤਾ ਦੇ ਭਵਿੱਖ ਨੂੰ ਸੋਹਣਾ ਬਣਾਉਣ ਦੀ ਤੜਪ। ਪਰ ਸਿਰਫ਼ ਇਹਨਾਂ ਹੀ ਕਾਫੀ ਨਹੀਂ ਹੈ। ਜੇਕਰ ਤੁਸੀਂ ਸੁਪਨੇ ਨਹੀਂ ਦੇਖ ਸਕਦੇ, ਜੇਕਰ ਤੁਹਾਡੀਆਂ ਕਲਪਨਾਵਾਂ ਕੋਲ ਉੱਚੀ ਉਡਾਰੀ ਭਰਨ ਦੀ ਚਾਹਤ ਅਤੇ ਜਿਗਰ ਨਹੀਂ ਹੈ, ਜੇਕਰ ਤੁਹਾਡੇ ਪੈਰ ਦੁਨੀਆਦਾਰੀ ਦੇ ਚਿੱਕੜ ਵਿੱਚ ਲਿੱਬੜੇ ਹੋਏ ਹਨ, ਜੇਕਰ ਤੁਸੀਂ ਦੂਰ-ਭਵਿੱਖ ਦੀਆਂ ਨੀਲੀਆਂ ਡੂੰਘਾਈਆਂ ਵਿੱਚ ਝਾਕਣ ਦੀ ਕੋਸ਼ਿਸ਼ ਨਹੀਂ ਕਰਦੇ, ਤਾਂ ਸ਼ਾਇਦ ਤੁਸੀਂ ਕਵਿਤਾ ਨਹੀਂ ਲਿਖ ਸਕਦੇ।

ਕਵਿਤਾ ਬੱਚੇ ਵੀ ਲਿਖ ਸਕਦੇ ਹਨ। ਉਹ ਉੱਪਰ ਦੱਸੇ ਗੁਣਾਂ ਨਾਲ ਭਰੇ-ਪੂਰੇ ਹੁੰਦੇ ਹਨ। ਪਰ ਅਸੀਂ ਇਕ ਅਜਿਹੀ ਲਾਲਚ ਤੇ ਮੁਨਾਫੇ ਦੀ ਹਵਸ ਨਾਲ਼ ਭਰੀ ਦੁਨੀਆਂ ਵਿੱਚ ਰਹਿੰਦੇ ਹਾਂ, ਜਿੱਥੇ ਜ਼ਿਆਦਾਤਰ ਲੋਕ ਅੱਗੇ ਵਾਲੇ ਨੂੰ ਕੈਂਚੀ ਮਾਰਕੇ, ਦਰੜਕੇ ਅੱਗੇ ਵਧਣ ਨੂੰ ਤੱਤਪਰ ਰਹਿੰਦੇ ਹਨ। ਜਿੱਥੇ ਹੋਸ਼ ਸੰਭਾਲਦੇ ਹੀ ਦੁਨੀਆਦਾਰੀ ਦੀ, ਸਿਰਫ਼ ਆਪਣਾ ਘਰ ਸੰਵਾਰਨ ਦੀ, ਸਿਰਫ਼ ਆਪਣੇ ਬਾਰੇ ਸੋਚਣ ਦੀ ਗੁੜ੍ਹਤੀ ਦਿੱਤੀ ਜਾਂਦੀ ਹੈ। ਜ਼ਿਆਦਾਤਰ ਲੋਕ ਲਕੀਰ ਦੀ ਫਕੀਰੀ ਕਰਦੇ ਜਿਉਂਦੇ ਹਨ। ਥੋੜ੍ਹੇ ਹੁੰਦੇ ਹਨ ਜੋ ਤੌਰ-ਏ-ਜ਼ਿੰਦਗੀ ਬਦਲਣ ਬਾਰੇ ਸੋਚਦੇ ਹਨ। ਇਸ ਤਰ੍ਹਾਂ ਦੇ ਸਮਾਜ ਵਿੱਚ ਦਿਲ ਸੁੰਗੜ ਜਾਂਦਾ ਹੈ। ਅਣਜੰਮੀ ਕਵਿਤਾ ਦੀ ਸਮੇਂ ਤੋਂ ਪਹਿਲਾਂ ਹੀ ਮੌਤ ਹੋ ਜਾਂਦੀ ਹੈ। ਸੱਚਾ ਕਵੀ ਮੂਲ ਰੂਪ ਵਿੱਚ ਵਿਦਰੋਹੀ ਹੁੰਦਾ ਹੈ। ਉਹ ਇਸ ਤਰ੍ਹਾਂ ਦੇ ਸਮਾਜ ਦੀ ਚਾਲੂ ਰੀਤ ਖਿਲਾਫ਼ ਖੜਾ ਹੁੰਦਾ ਹੈ ਅਤੇ ਅਣਗਾਹੇ ਰਾਹਾਂ 'ਤੇ ਚਲਦਾ ਹੈ।

ਕਵਿਤਾ ਕਲਪਨਾ ਦੀ ਉਡਾਰੀ ਬਿਨਾਂ ਨਹੀਂ ਹੁੰਦੀ। ਇਕ ਸਮਾਜਕ ਸਰੋਕਾਰ ਵਾਲੇ ਵਿਅਕਤੀ ਦੀਆਂ ਕਲਪਨਾਵਾਂ ਸਮਾਜ ਨਾਲੋਂ ਕਟੀਆਂ ਹੋਈਆਂ ਨਹੀਂ ਹੁੰਦੀਆਂ.. ਬੇਮੁੱਖ ਨਹੀਂ ਹੁੰਦੀਆਂ। ਕਲਪਨਾ ਅਤੇ ਸੁਪਨਿਆਂ ਤੋਂ ਬਿਨਾਂ ਨਵੇਂ ਜੀਵਨ ਦੀ ਕੋਈ ਅਗਾਊਂ ਯੋਜਨਾ ਨਹੀਂ ਬਣਾਈ ਜਾ ਸਕਦੀ। ਅਗਾਊਂ-ਯੋਜਨਾ ਦੇ ਬਿਨਾਂ ਕੋਈ ਉਸਾਰੀ ਨਹੀਂ ਹੋ ਸਕਦੀ। ਬੱਚਿਆਂ ਨੂੰ ਆਪਣੇ ਵਿਚਾਰਾਂ, ਭਾਵਨਾਵਾਂ, ਅਨੁਭਵਾਂ ਨੂੰ ਖੰਭ ਦੇਣੇ ਚਾਹੀਦੇ ਹਨ, ਉਹਨਾਂ ਨੂੰ ਨਿਧੱੜਕ ਹੋਣਾ ਚਾਹੀਦਾ ਹੈ, ਦਲੇਰੀ ਨੂੰ ਕੁਦਰਤੀ ਗੁਣ ਬਣਾਉਣਾ ਚਾਹੀਦਾ ਹੈ। ਬੱਚਿਆਂ ਨੂੰ ਆਪਣਾ ਬਚਪਨ ਬਣਾਈ ਰੱਖਣਾ ਚਾਹੀਦਾ ਹੈ। ਉਹਨਾਂ ਨੂੰ ਸੁਪਨੇ ਦੇਖਣ ਦੀ ਆਦਤ ਕਦੀ ਨਹੀਂ ਛੱਡਣੀ ਚਾਹੀਦੀ।

ਜਿੱਥੋਂ ਤੱਕ ਸੰਭਵ ਹੋ ਸਕੇ ਕਵਿਤਾ ਸਹਿਜ-ਸਰਲ ਹੋਣੀ ਚਾਹੀਦੀ ਹੈ। ਜੇਕਰ ਉਹ ਗੁੰਝਲਦਾਰ ਵੀ ਲੱਗਦੀ ਹੋਵੇ, ਜਾਂ ਉਸਦਾ ਬਿਆਨ ਔਖਾ ਵੀ ਹੋਵੇ ਤਾਂ ਕਵੀ ਨੂੰ ਚਾਹੀਦਾ ਹੈ ਕਿ ਉਹ ਕਿਸੇ ਰੂਪਕ ਜਾਂ ਬਿੰਬ ਜਾਂ ਸੰਦਰਭ ਦੇ ਰੂਪ ਵਿੱਚ ਕੋਈ ਇਕ ਕਾਵਿਕ ਕੁੰਜੀ ਪਾਠਕ ਨੂੰ ਫੜਾ ਦੇਵੇ ਤਾਂ ਕਿ ਪਾਠਕ ਕਵਿਤਾ ਦੀ ਅੰਦਰੂਨੀ ਦੁਨੀਆਂ ਵਿੱਚ ਦਾਖਲ ਹੋ ਸਕੇ ਅਤੇ ਆਪਣੇ ਵਿਚਾਰ-ਭਾਵਨਾਵਾਂ ਦੀ ਹਿੱਸੇਦਾਰੀ ਕਰ ਸਕੇ, ਕਵੀ ਨਾਲ਼ ਸੰਵਾਦ ਕਰ ਸਕੇ।

ਵੱਡਾ ਕਵੀ ਹੋਣਾ ਮਹੱਤਵਪੂਰਨ ਨਹੀਂ ਹੈ। ਚੰਗੀ ਕਵਿਤਾ ਹੋਣਾ ਮਹੱਤਵਪੂਰਨ ਹੈ। ਵੱਡੇ ਕਵੀਆਂ ਨੇ ਬਹੁਤ ਸਾਰੀਆਂ ਮਾਮੂਲੀ ਕਵਿਤਾਵਾਂ ਵੀ ਲਿਖੀਆਂ ਹਨ। ਘੱਟ ਮਸ਼ਹੂਰ ਕਵੀਆਂ ਨੇ ਕਈ ਸ਼ਾਨਦਾਰ ਕਵਿਤਾਵਾਂ ਲਿਖੀਆਂ ਹਨ।

ਜੇ ਕੋਈ ਪਾਠਕ ਕਵਿਤਾ ਦੇ ਵਿਚਾਰਾਂ ਦਾ ਹਿੱਸੇਦਾਰ ਨਾ ਬਣ ਸਕੇ, ਤਾਂ ਵੀ ਘੱਟ ਤੋਂ ਘੱਟ ਏਨਾ ਤਾਂ ਹੋਣਾ ਹੀ ਚਾਹੀਦਾ ਹੈ ਕਿ ਉਹ ਆਪਣੇ ਲਈ ਕਵਿਤਾ ਦੇ ਵਿਸ਼ਾ-ਵਸਤੂ ਬਾਰੇ ਸੋਚ ਸਕੇ। ਇਸ ਤਰ੍ਹਾਂ ਨਾ ਹੋਵੇ ਕਿ ਉਹ ਇਹੀ ਸੋਚਦਾ ਰਹਿ ਜਾਵੇ ਕਿ ਕਵਿਤਾ ਦਾ ਵਿਸ਼ਾ-ਵਸਤੂ ਹੈ ਕੀ!

ਕਵਿਤਾ ਛੰਦ ਜਾਂ ਲੈਅ ਵਿੱਚ ਬੰਨ੍ਹੇ ਹੋਏ ਸਿਰਫ਼ ਸ਼ਬਦ ਹੀ ਨਹੀਂ ਹਨ। ਉਹ ਮਹਿਜ਼ ਬਿੰਬਾਂ-ਰੂਪਕਾਂ ਦੀ ਲੜੀ ਨਹੀਂ ਹੈ। ਛੰਦ-ਲੈਅ, ਰੂਪਕ-ਬਿੰਬ ਜਾਂ ਹੋਰ ਅਲੰਕਾਰ ਇਹ ਸਭ ਕਲਾ ਹੈ। ਕਵਿਤਾ ਕਲਾ ਦੇ ਨਾਲ਼ ਵਿਚਾਰਾਂ ਦੀ, ਸੰਦੇਸ਼ ਦੀ ਏਕਤਾ ਹੈ। ਇਹ ਬਹੁਤ ਸੁਭਾਵਿਕ ਤਰੀਕੇ ਨਾਲ਼ ਹੋਣਾ ਚਾਹੀਦਾ ਹੈ। ਜ਼ਿਆਦਾ ਪਰਛਾਵੇਂ ਹੇਠ ਰਹਿਣ ਨਾਲ਼ ਤੁਹਾਡੀ ਕਵਿਤਾ ਖੜਕ-ਦੜਕ ਜਾਵੇਗੀ, ਟੁੱਟ ਵੀ ਸਕਦੀ ਹੈ। ਕਵੀ ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ ਪ੍ਰਤੀ ਜਾਗਰੂਕ ਅਤੇ ਸੰਵੇਦਨਸ਼ੀਲ ਤਾਂ ਹੁੰਦਾ ਹੀ ਹੈ, ਉਸਦੇ ਅੰਦਰ ਇਕ ਅੰਦਰੂਨੀ ਚਿੰਗਿਆੜੀ ਜਾਂ ਲਿਸ਼ਕ ਦਾ ਹੋਣਾ ਵੀ ਬਹੁਤ ਜ਼ਰੂਰੀ ਹੁੰਦਾ ਹੈ ਅਤੇ ਉਸਦੇ ਅੰਦਰ ਸ਼ਬਦਾਂ ਨਾਲ਼ ਗੂੜ੍ਹਾ ਲਗਾਓ ਵੀ ਹੋਣਾ ਚਾਹੀਦਾ ਹੈ। ਚੰਗੀਆਂ ਕਵਿਤਾਵਾਂ ਵਿੱਚ ਵਿਚਾਰ, ਸ਼ਬਦਾਂ ਅਤੇ ਢਾਂਚੇ ਵਿੱਚ ਤਾਲਮੇਲ ਹੁੰਦਾ ਹੈ, ਉਹਨਾਂ ਦੀ ਏਕਤਾ ਪੂਰਨਤਾ ਦੇ ਨੇੜੇ ਹੁੰਦੀ ਹੈ। ਉਹਨਾਂ ਵਿੱਚ ਤਰਾਸ਼ ਅਜਿਹੀ ਹੁੰਦੀ ਹੈ ਕਿ ਲੱਗਦਾ ਹੀ ਨਹੀਂ ਕਿ ਕਿਤੇ ਕੁੱਝ ਬਦਲਿਆ ਜਾ ਸਕਦਾ ਹੈ। ਪਰ ਕੁੱਝ ਕਵੀ ਢਾਂਚੇ ਅਤੇ ਸ਼ਬਦਾਂ ਦੀ ਤਰਾਸ਼ 'ਤੇ ਜ਼ਿਆਦਾ ਜ਼ੋਰ ਦਿੰਦੇ ਹਨ ਜਦਕਿ ਵਿਚਾਰਾਂ ਵਿੱਚ ਅਣਘੜਤਾ, ਵਿਰੋਧਤਾਈ ਜਾਂ ਅਧੂਰਾਪਣ ਬਚਿਆ ਰਹਿ ਜਾਂਦਾ ਹੈ। ਅਜਿਹੀ ਕਵਿਤਾ ਦੀ ਚਮਕ ਨਿਰਜੀਵ ਜਾਪਦੀ ਹੈ।

ਮਨੁੱਖ ਦੀਆਂ ਸਾਰੀਆਂ ਚੇਤੰਨ ਕਿਰਿਆਵਾਂ ਵਿੱਚ ਮਕਸਦ ਹੁੰਦਾ ਹੈ। ਕਵਿਤਾ ਵੀ ਬਾਮਕਸਦ ਹੁੰਦੀ ਹੈ। ਇਕ ਸੱਚੀ

ਅਤੇ ਇਮਾਨਦਾਰ ਕਵਿਤਾ ਚੰਗੇ ਸਮਾਜ ਅਤੇ ਚੰਗੇ ਮਨੁੱਖ ਦੀ ਉਸਾਰੀ ਵਿੱਚ ਮਦਦਗਾਰ ਹੁੰਦੀ ਹੈ, ਉਹ ਭਵਿੱਖ ਵੱਲ ਜਾਂਦੀ ਮਨੁੱਖਤਾ ਦੀਆਂ ਪੈੜਾਂ ਦੀ ਪਹਿਚਾਣ ਕਰਦੀ ਹੈ। ਕਵਿਤਾ ਦਾ ਮਕਸਦ ਉੱਪਰੋਂ ਥੋਪਿਆ ਹੋਇਆ ਨਹੀਂ ਹੁੰਦਾ। ਕਵੀ ਜੇਕਰ ਇਨਸਾਨੀ ਦਿਆਲੂ ਭਾਵਾਂ ਵਾਲਾ ਵਿਅਕਤੀ ਹੈ, ਜੇਕਰ ਉਹ ਸਮਾਜਕ ਆਲੇ-ਦੁਆਲੇ ਪ੍ਰਤੀ ਜਾਗਰੂਕ ਹੈ, ਜੇਕਰ ਉਹ ਨਿਆਂ ਅਤੇ ਇਨਸਾਨੀ ਕਦਰਾਂ ਦਾ ਝੰਡਾ-ਬਰਦਾਰ ਹੈ, ਤਾਂ ਉਸਦੀ ਕਵਿਤਾ ਵਿੱਚ ਮਕਸਦ ਆ ਹੀ ਜਾਂਦਾ ਹੈ, ਭਾਵੇਂ ਕਿ ਉਹ ਕਵਿਤਾ ਮੂਡ ਦੇ ਸਹਿਜ ਵਹਿਣ ਅਤੇ ਆਈਡੀਆ ਦੀ ਲਿਸ਼ਕ ਦੇ ਨਾਲ਼ ਇਕਦਮ ਆਪ-ਮੁਹਾਰੇ ਕਾਰਜ ਦੇ ਵਾਂਗ ਹੀ ਲਿਖਣ ਬੈਠਦਾ ਹੈ। ਕਾਵਿ ਸਿਰਜਣਾ ਘਣੇ ਅਨੰਦ ਦਾ ਅਹਿਸਾਸ ਨਾ ਦੇਵੇ ਤਾਂ ਮਹਿਜ ਸਮਾਜਕ ਫਰਜ ਦੇ ਨਾਤੇ ਕੋਈ ਕਵਿਤਾ ਨਹੀਂ ਲਿਖ ਸਕਦਾ। ਇਹਨਾਂ ਅਰਥਾਂ ਵਿੱਚ ਕਵਿਤਾ ਬੇਸ਼ੱਕ ਖੁਦ ਨੂੰ ਸੁਖ-ਦੇਣੀ ਹੁੰਦੀ ਹੈ। ਪਰ ਜੇਕਰ ਕਵੀ ਸਮਾਜਕ ਨਿਆਂ ਅਤੇ ਇਨਸਾਨੀ ਕਦਰਾਂ ਦਾ ਸੱਚਾ ਝੰਡਾ ਬਰਦਾਰ ਹੈ, ਤਾਂ ਉਸ ਦੇ ਵਿਚਾਰ ਆਪ-ਮੁਹਾਰੇ ਕਵਿਤਾ ਨੂੰ ਪੂਰੇ ਸਮਾਜ ਦੇ ਆਮ ਲੋਕਾਂ ਲਈ ਉਪਯੋਗੀ ਅਤੇ ਜ਼ਰੂਰੀ ਖਜ਼ਾਨਾ ਬਣਾ ਦਿੰਦੇ ਹਨ, ਕਿਉਂਕਿ ਉਹ ਕਵਿਤਾ ਲੋਕਾਂ ਨੂੰ **ਭਵਿੱਖ ਦਾ ਸੁਪਨਾ** ਦਿੰਦੀ ਹੈ ਅਤੇ ਉਹਨਾਂ ਨੂੰ ਉਹਦੇ ਲਈ ਘੋਲ ਕਰਨ ਦੀ ਪ੍ਰੇਰਨਾ ਅਤੇ ਸਿੱਖਿਆ ਦਿੰਦੀ ਹੈ।

**ਕਾਰਲ ਸੈਂਡਬਰਗ** ਨੇ ਕਵਿਤਾ ਬਾਰੇ ਕਵਿਤਾ ਵਰਗੀ ਸ਼ੈਲੀ ਵਿੱਚ ਬੜੀਆਂ ਮਜ਼ੇਦਾਰ ਗੱਲਾਂ ਕਹੀਆਂ ਹਨ, ਇਸ 'ਤੇ ਤੁਸੀਂ ਵੀ ਧਿਆਨ ਦੇਣਾ: "ਕਵਿਤਾ ਧਰਤੀ 'ਤੇ ਰਹਿਣ ਵਾਲੇ ਅਜਿਹੇ ਸਮੁੰਦਰੀ ਜੀਵਾਂ ਦਾ ਰੋਜ਼ਨਾਮਚਾ ਹੈ ਜੋ ਹਵਾ ਵਿੱਚ ਉੱਡਣਾ ਚਾਹੁੰਦੇ ਹਨ। ਕਵਿਤਾ ਜਾਨਣ ਤੋਂ ਪਰ੍ਹੇ ਅਤੇ ਸਮਝਣ ਤੋਂ ਪਰ੍ਹੇ ਦੀਆਂ ਵਾੜੇਬੰਦੀਆਂ 'ਤੇ ਨਿਸ਼ਾਨਾ ਸਾਧਣ ਲਈ ਅੱਖਰਾਂ ਦੀ ਖੋਜ ਹੈ। ਇਹ ਇਕ ਮਾਇਆਵੀ ਲਿੱਪੀ ਹੈ ਜੋ ਦੱਸਦੀ ਹੈ ਕਿ ਇੰਦਰਧਨੁਸ਼ ਕਿਸ ਤਰ੍ਹਾਂ ਬਣਦੇ ਹਨ ਅਤੇ ਕਿਉਂ ਉਹ ਚਲੇ ਜਾਂਦੇ ਹਨ।"

ਸਾਡੇ ਸਰਾਪੇ ਦੇਸ਼ ਅਤੇ ਹਨ੍ਹੇਰੇ ਸਮੇਂ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਸੁਪਨੇ ਦੇਖਣ ਦੀ ਜ਼ਰੂਰਤ ਹੈ, ਕਵਿਤਾ ਲਿਖਣ ਦੀ ਜ਼ਰੂਰਤ ਹੈ ਅਤੇ ਇਕ ਬਿਹਤਰ ਦੁਨੀਆਂ ਬਾਰੇ ਸੋਚਣ ਅਤੇ ਉਸ ਲਈ ਘੋਲ ਵਿੱਚ ਆਪਣਾ ਜੀਵਨ ਲਾ ਦੇਣ ਲਈ ਵਿਚਾਰ ਕਰਨ ਦੀ ਜ਼ਰੂਰਤ ਹੈ।

ਕਵਿਤਾ ਅਤੇ ਜ਼ਿੰਦਗੀ ਬਾਰੇ ਇਸ ਗੱਪਸ਼ਪ ਦਾ ਅੰਤ ਤੁਰਕੀ ਦੇ ਮਹਾਂਕਵੀ **ਨਾਜ਼ਿਮ ਹਿਕਮਤ** ਦੀ ਕਵਿਤਾ ਦੀਆਂ ਇਹਨਾਂ ਸਤਰਾਂ ਨਾਲ਼ ਕੀਤਾ ਜਾਣਾ ਚਾਹੀਦਾ ਹੈ।

*ਸਭ ਤੋਂ ਸੁੰਦਰ ਉਹ ਮਹਾਂਸਾਗਰ ਹੈ*
*ਜਿਸ ਨੂੰ ਅਜੇ ਸਾਡੇ 'ਚੋਂ ਕੋਈ ਨਹੀਂ ਦੇਖ ਸਕਿਆ ਹੈ*
*ਸਭ ਤੋਂ ਸੁੰਦਰ ਲੱਗਣ ਵਾਲਾ ਬੱਚਾ ਉਹ ਹੈ ਜੋ*
*ਹਾਲੇ ਇਸ ਧਰਤੀ 'ਤੇ ਜੰਮਿਆ ਨਹੀਂ ਹੈ।*
*ਸਭ ਤੋਂ ਸੁੰਦਰ ਗੱਲਾਂ ਜੋ ਮੈਂ ਤੇਰੇ ਨਾਲ਼ ਕਰਨੀਆਂ ਹਨ*
*ਮੇਰੇ ਬੁੱਲ੍ਹ ਹਾਲੇ ਤੱਕ ਤੈਨੂੰ ਕਹਿ ਨਹੀਂ ਸਕੇ ਹਨ।*

•••

# ਸਰਗਰਮੀਆਂ

## ਲੁਧਿਆਣਾ ਵਿੱਚ ਮਜ਼ਦੂਰਾਂ ਲਈ ਲਾਇਬ੍ਰੇਰੀ ਦੀ ਸਥਾਪਨਾ

ਪੈਦਾਵਾਰ ਦੀ ਪ੍ਰਕਿਰਿਆ ਜਾਣੀ ਕੁਦਰਤ ਨਾਲ਼ ਘੋਲ਼ ਤੋਂ ਹੀ ਗਿਆਨ ਪੈਦਾ ਹੁੰਦਾ ਹੈ। ਪੈਦਾਵਾਰੀ ਪ੍ਰਕਿਰਿਆ ਵਿੱਚ ਮੁੱਖ ਭੂਮਿਕਾ ਪੈਦਾਵਾਰੀ ਜਮਾਤ ਦੀ ਹੁੰਦੀ ਹੈ। ਕਹਿਣ ਦਾ ਅਰਥ ਹੈ ਕਿ ਸਾਰੇ ਗਿਆਨ ਅਤੇ ਸੱਭਿਆਚਾਰ ਨੂੰ ਪੈਦਾ ਕਰਨ ਵਾਲ਼ੇ ਕਿਰਤੀ ਲੋਕ ਹੀ ਹਨ। ਪਰ ਉਹ ਹੀ ਹਰ ਤਰ੍ਹਾਂ ਦੇ ਗਿਆਨ ਅਤੇ ਸੱਭਿਆਚਾਰ ਤੋਂ ਵਿਹੂਣੇ ਹਨ। ਅੱਜ ਦੇ ਸਮੇਂ ਵਿੱਚ ਉਹ ਮਸ਼ੀਨਾਂ ਦੇ ਪੁਰਜੇ ਬਣਕੇ ਰਹਿ ਗਏ ਹਨ। ਪੂੰਜੀ ਦੀ ਅੰਨ੍ਹੀ ਲੁੱਟ ਨੇ ਆਧੁਨਿਕ ਮਜ਼ਦੂਰ ਜਮਾਤ ਨੂੰ ਇੱਕ ਅਣਮਨੁੱਖੀ ਸਮੂਹ ਬਣਾ ਦਿੱਤਾ ਹੈ। ਮਜ਼ਦੂਰ ਜਮਾਤ ਤੱਕ ਗਿਆਨ ਅਤੇ ਸੱਭਿਆਚਾਰ ਨੂੰ ਲੈਕੇ ਜਾਣਾ ਮੁਕਤੀ ਦੇ ਨਵੇਂ ਪ੍ਰੋਜੈਕਟ ਦਾ ਇੱਕ ਅਹਿਮ ਹਿੱਸਾ ਹੈ। ਇਸੇ ਸੋਚ ਨੂੰ ਅਮਲੀ ਰੂਪ ਦੇਣ ਲਈ ਲੁਧਿਆਣਾ ਦੀ ਮਜ਼ਦੂਰ ਕਲੋਨੀ ਵਿੱਚ ਮਜ਼ਦੂਰ ਲਾਇਬ੍ਰੇਰੀ ਦੀ ਸ਼ੁਰੂਆਤ ਕੀਤੀ ਗਈ ਹੈ।

ਪਿਛਲੀ 10 ਜੁਲਾਈ ਨੂੰ ਚੰਡੀਗੜ੍ਹ ਰੋਡ, ਲੁਧਿਆਣਾ ਸਥਿਤ ਮਜ਼ਦੂਰ ਬਸਤੀ ਈ. ਡਬਲੀਊ. ਐਸ. ਕਲੋਨੀ ਵਿੱਚ ਮਜ਼ਦੂਰ ਲਾਇਬ੍ਰੇਰੀ ਦਾ ਉਦਘਾਟਨ ਕੀਤਾ ਗਿਆ। ਉਦਘਾਟਨ ਸਮਾਰੋਹ ਵਿੱਚ ਲਗਭਗ ਤਿੰਨ ਸੌ ਮਜ਼ਦੂਰ ਪਹੁੰਚੇ। ਲਾਇਬ੍ਰੇਰੀ ਦਾ ਉਦਘਾਟਨ ਬਜ਼ੁਰਗ ਖੱਬੇਪੱਖੀ ਅਤੇ ਦੇਸ਼ਭਗਤ ਯਾਦਗਾਰ ਹਾਲ ਕਮੇਟੀ, ਜਲੰਧਰ ਦੇ ਉੱਪ-ਸਕੱਤਰ ਕਾਮਰੇਡ ਨੌਨਿਹਾਲ ਸਿੰਘ ਨੇ ਕੀਤਾ। ਸਮਾਰੋਹ ਦੀ ਸ਼ੁਰੂਆਤ ਲਾਇਬ੍ਰੇਰੀ ਦੇ ਮੁੱਖ ਪ੍ਰਬੰਧਕ ਸਾਥੀ ਰਾਜਵਿੰਦਰ ਨੇ ਇਨਕਲਾਬੀ ਗੀਤ ਪੇਸ਼ ਕਰਕੇ ਕੀਤੀ। ਇਸ ਤੋਂ ਬਾਅਦ ਮਜ਼ਦੂਰ ਲਾਇਬ੍ਰੇਰੀ ਦੇ ਟੀਚੇ ਬਾਰੇ ਦੱਸਦੇ ਹੋਏ ਮਜ਼ਦੂਰ ਜਥੇਬੰਦਕ ਲਖਵਿੰਦਰ ਨੇ ਕਿਹਾ ਕਿ ਜਿਸ ਤਰ੍ਹਾਂ ਮਜ਼ਦੂਰ ਜਮਾਤ ਨੂੰ ਪੂੰਜੀਪਤੀ ਜਮਾਤ ਨੇ ਬਾਕੀ ਸਾਰੀਆਂ ਚੀਜ਼ਾਂ ਤੋਂ ਵਾਂਝਿਆਂ ਰੱਖਣ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਉਸੇ ਤਰ੍ਹਾਂ ਉਹਨਾਂ ਨੂੰ ਗਿਆਨ ਤੋਂ ਵੀ ਵਾਂਝਿਆਂ ਕਰ ਦਿੱਤਾ ਗਿਆ ਹੈ। ਮਜ਼ਦੂਰਾਂ ਨੂੰ ਹੀ ਗਿਆਨ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਹੈ ਕਿਉਂਕਿ ਦੁਨੀਆਂ ਦੀ ਇਤਿਹਾਸਕ ਕਾਇਆਪਲਟ ਕਰਨ ਦਾ ਕੰਮ ਹੁਣ ਇਸੇ ਜਮਾਤ ਦੇ ਮੋਢਿਆਂ 'ਤੇ ਹੈ। ਲਖਵਿੰਦਰ ਨੇ ਕਿਹਾ ਕਿ ਮਜ਼ਦੂਰ ਲਾਇਬ੍ਰੇਰੀ ਦੀ ਸਥਾਪਨਾ ਮਜ਼ਦੂਰਾਂ ਤੱਕ ਮੁਕਤੀ ਦਾ ਗਿਆਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਦਾ ਇੱਕ ਨਿੱਕਾ-ਜਿਹਾ ਅੰਗ ਹੈ।

ਕਾਮਰੇਡ ਨੌਨਿਹਾਲ ਸਿੰਘ ਨੇ ਮਜ਼ਦੂਰ ਸਾਥੀਆਂ ਨੂੰ ਕਿਹਾ ਕਿ ਮਜ਼ਦੂਰਾਂ ਵਿੱਚ ਚੇਤਨਾ ਫੈਲਾਉਣ ਦੀ ਇਹ ਕੋਸ਼ਿਸ਼ ਬਹੁਤ ਸ਼ਲਾਘਾਯੋਗ ਹੈ ਅਤੇ ਉਮੀਦ ਜ਼ਾਹਿਰ ਕੀਤੀ ਕਿ ਮਜ਼ਦੂਰਾਂ ਵੱਲੋਂ ਉਹਨਾਂ ਦੁਆਰਾ ਸਥਾਪਤ ਕੀਤੀ ਲਾਇਬ੍ਰੇਰੀ ਲਈ ਚੰਗਾ ਉਤਸ਼ਾਹ ਦਿਖਾਇਆ ਜਾਵੇਗਾ। ਦੇਸ਼ਭਗਤ ਯਾਦਗਾਰ ਹਾਲ ਦੀ ਲਾਇਬ੍ਰੇਰੀ ਦੇ ਇੰਚਾਰਜ ਚਿਰੰਜੀਵੀ ਲਾਲ ਨੇ ਕਿਹਾ ਕਿ ਉਹਨਾਂ ਨੇ ਮਜ਼ਦੂਰਾਂ ਨੂੰ ਆਪਣੀਆਂ ਆਰਥਕ ਮੰਗਾਂ-ਮਸਲਿਆਂ 'ਤੇ ਤਾਂ ਜੁਟਦੇ ਦੇਖਿਆ ਹੈ ਪਰ ਇੱਕ ਲਾਇਬ੍ਰੇਰੀ ਦੇ ਉਦਘਾਟਨ ਦੇ ਮੌਕੇ 'ਤੇ ਏਨੀ ਦਿਲਚਸਪੀ ਅਤੇ ਅਨੁਸ਼ਾਸਤ ਢੰਗ ਨਾਲ਼ ਇਕੱਠੇ ਹੋਏ ਦੇਖਣ ਦਾ ਮੌਕਾ ਉਹਨਾਂ ਨੂੰ ਪਹਿਲੀ ਵਾਰ ਮਿਲਿਆ ਹੈ। ਮਜ਼ਦੂਰਾਂ ਨੂੰ ਜਗਾਉਣ ਲਈ ਲਾਇਬ੍ਰੇਰੀ ਸਥਾਪਤ

ਕਰਨਾ ਇੱਕ ਚੰਗਾ ਕਦਮ ਹੈ।

ਉਦਘਾਟਨ ਸਮਾਰੋਹ ਵਿੱਚ ਸਾਥੀ ਤਾਜ ਮੁਹੰਮਦ ਨੇ ਮਜ਼ਦੂਰ ਮੁਕਤੀ ਦੀ ਕਵਿਤਾ ਪੇਸ਼ ਕੀਤੀ। ਇਸ ਤੋਂ ਇਲਾਵਾ ਘਨਸ਼ਾਮ, ਨਸੀਮ ਅਤੇ ਹੋਰਨਾਂ ਮਜ਼ਦੂਰ ਸਾਥੀਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।•

## ਲੁਧਿਆਣੇ 'ਚ ਹੋਈ ਟੈਕਸਟਾਈਲ ਮਜ਼ਦੂਰਾਂ ਦੀ ਪੰਚਾਇਤ

14 ਅਗਸਤ 2011 ਨੂੰ ਲੁਧਿਆਣੇ, ਚੰਡੀਗੜ੍ਹ ਸੜਕ 'ਤੇ ਸਥਿਤ ਪੁੱਡਾ ਮੈਦਾਨ 'ਚ ਟੈਕਸਟਾਈਲ ਮਜ਼ਦੂਰਾਂ ਦੀ ਪੰਚਾਇਤ ਹੋਈ। ਮਜ਼ੂਦਰ ਪੰਚਾਇਤ ਦੀ ਸ਼ੁਰੂਆਤ ਜ਼ੋਰਦਾਰ ਨਾਅਰਿਆਂ ਦੀ ਗੂੰਜ ਨਾਲ਼ ਹੋਈ। ਇੱਕ ਛੋਟੇ ਬੱਚੇ ਦਾਨਿਸ਼ ਅਤੇ ਮਜ਼ਦੂਰ ਸਾਥੀ ਘਨਸ਼ਾਮ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਟੈਕਸਟਾਈਲ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਸਾਥੀ ਰਾਜਵਿੰਦਰ ਨੇ ਪੰਚਾਇਤ ਦੇ ਉਦੇਸ਼ ਬਾਰੇ ਵਿਸਥਾਰ 'ਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਦਾ ਸਮਾਂ ਮਜ਼ਦੂਰਾਂ ਲਈ ਬੇਹੱਦ ਮੁਸ਼ਕਲ ਅਤੇ ਚੁਣੌਤੀਆਂ ਭਰਿਆ ਹੈ। ਪਿੱਛਲੇ ਕੁਝ ਸਾਲਾਂ 'ਚ ਹੀ ਮਹਿੰਗਾਈ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਪੂੰਜੀਪਤੀਆਂ ਦੇ ਮੁਨਾਫੇ ਦੀ ਦਰ 'ਚ ਦਿਨ-ਦੂਣੀ ਰਾਤ ਚੌਗਣੀ ਰਫ਼ਤਾਰ ਨਾਲ਼ ਵਾਧਾ ਹੋ ਰਿਹਾ ਹੈ ਅਤੇ ਉਹਨਾਂ ਦੇ ਐਸ਼ੋ-ਇਸ਼ਰਤ ਅਤੇ ਅੱਯਾਸ਼ੀ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ, ਜਦ ਕਿ ਮਜ਼ਦੂਰ ਨਰਕਾਂ ਭਰੀ ਜ਼ਿੰਦਗੀ ਬਤੀਤ ਕਰ ਰਹੇ ਹਨ। ਉਹਨਾਂ ਕਿਹਾ ਕਿ ਲੁਧਿਆਣੇ ਦੇ ਟੈਕਸਟਾਈਲ ਮਜ਼ਦੂਰਾਂ ਦੀ ਵੀ ਇਹੀ ਕਹਾਣੀ ਹੈ। ਟੈਕਸਟਾਈਲ ਮਾਲਕਾਂ ਦੇ ਮੁਨਾਫੇ 'ਚ ਕੋਈ ਕਮੀ ਨਹੀਂ ਹੋਈ, ਉਹਨਾਂ ਦੇ ਅੱਯਾਸ਼ੀ ਭਰੇ ਜੀਵਨ 'ਚ ਕੋਈ ਕਮੀ ਨਹੀਂ ਹੋਈ ਪਰ ਮਜ਼ਦੂਰਾਂ ਨੂੰ ਮਰ ਮਰ ਕੇ ਜਿਉਣਾ ਪੈ ਰਿਹਾ ਹੈ। ਮਾਲਕਾਂ ਤੋਂ ਉਚਿਤ ਤਨਖਾਹ ਅਤੇ ਹੋਰ ਹੱਕ-ਅਧਿਕਾਰਾਂ ਦੀ ਉਮੀਦ ਤਾਂ ਕੀ ਕਰਨੀ, ਉਹ ਤਾਂ ਭਾਰਤੀ ਸੰਵਿਧਾਨ 'ਚ ਦਰਜ ਕਿਰਤ ਕਾਨੂੰਨਾਂ ਦੀਆਂ ਵੀ ਖੁੱਲ੍ਹੇਆਮ ਧੱਜੀਆਂ ਉਡਾ ਰਹੇ ਹਨ। ਅੱਠ ਘੰਟੇ ਦੀ ਕੰਮ ਦਿਹਾੜੀ ਦਾ ਕਾਨੂੰਨ ਤਾਂ ਸ਼ਾਇਦ ਟੈਕਸਟਾਈਲ ਮਜ਼ਦੂਰ ਭੁੱਲ ਹੀ ਚੁੱਕੇ ਹਨ। ਤਨਖਾਹ, ਪੀਸ ਰੇਟ, ਦਿਹਾੜੀ ਬੇਹੱਦ ਘੱਟ ਦਿੱਤੀ ਜਾਂਦੀ ਹੈ। ਪਹਿਚਾਣ ਕਾਰਡ, ਹਾਜ਼ਰੀ ਕਾਰਡ, ਈ.ਐਸ.ਆਈ. ਆਦਿ ਸਹੂਲਤਾਂ ਵੀ ਨਹੀਂ ਹਨ। ਕਾਨੂੰਨ ਮੁਤਾਬਕ ਮਹਿੰਗਾਈ ਭੱਤਾ, ਘਰ ਦਾ ਕਿਰਾਇਆ, ਵਾਹਨ ਭੱਤਾ, ਵਰਦੀ ਅਤੇ ਹੋਰ ਵਿਸ਼ੇਸ਼ ਭੱਤੇ ਲੁਧਿਆਣੇ ਦੇ ਟੈਕਸਟਾਈਲ ਮਾਲਕ ਲਾਗੂ ਹੀ ਨਹੀਂ ਕਰਦੇ। ਜ਼ਿਆਦਾਤਰ ਟੈਕਸਟਾਈਲ ਫੈਕਟਰੀਆਂ 'ਚ ਮਜ਼ਦੂਰਾਂ ਨਾਲ਼ ਬੇਇਜ਼ਤੀ ਭਰਿਆ ਸਲੂਕ ਕੀਤਾ ਜਾਂਦਾ ਹੈ। ਗਾਲਾਂ, ਮਾਰਕੁੱਟ ਕੀਤੀ ਜਾਂਦੀ ਹੈ। ਉਹਨਾਂ ਕਿਹਾ ਕਦੋਂ ਤੱਕ ਆਖਰ ਅਸੀਂ ਇਹ ਧੱਕੇਸ਼ਾਹੀਆਂ ਸਹਿੰਦੇ ਰਹਾਂਗੇ ? ਸਾਥੀ ਰਾਜਵਿੰਦਰ ਨੇ ਆਪਣੀ ਗੱਲ ਜਾਰੀ ਰੱਖਦੇ ਹੋਏ ਕਿਹਾ ਕਿ ਇਸ ਸੀਜ਼ਨ 'ਚ ਕੁਝ ਟੈਕਸਟਾਈਲ ਕਾਰਖਾਨਿਆਂ ਦੇ ਮਜ਼ਦੂਰ ਮਾਲਕਾਂ ਅੱਗੇ ਤਨਖਾਹ ਜਾਂ ਪੀਸ ਰੇਟ ਵਧਾਉਣ ਦੀਆਂ ਮੰਗਾਂ ਰੱਖ ਰਹੇ ਹਨ। ਇਨ੍ਹਾਂ ਮਜ਼ਦੂਰਾਂ ਦੀ ਆਪਣੇ ਹੱਕਾਂ ਪ੍ਰਤੀ ਜਾਗਰੂਕਤਾ ਅਤੇ ਘੋਲ਼ ਦੀ ਭਾਵਨਾ ਸਵਾਗਤਯੋਗ ਹੈ। ਪਰ ਸਾਨੂੰ ਆਪਣੇ ਖਿੰਡੇ-ਪੁੰਡੇ ਘੋਲ਼ਾਂ ਨੂੰ ਇੱਕ ਮੰਚ 'ਤੇ ਲਿਆਉਣਾ ਹੋਵੇਗਾ। ਉਹਨਾਂ ਕਿਹਾ ਕਿ ਸਮੂਹਕ ਵਿਚਾਰ-ਚਰਚਾ, ਵਿਆਪਕ ਏਕਤਾ, ਯੋਜਨਾਬੰਦੀ ਅਤੇ ਤਿਆਰੀ ਦੇ ਮਕਸਦ ਤਹਿਤ ਹੀ ਇਹ ਪੰਚਾਇਤ ਸੱਦੀ ਗਈ ਹੈ।

ਇਸ ਤੋਂ ਬਾਅਦ ਅਨੇਕਾਂ ਕਾਰਖਾਨਿਆਂ ਦੇ ਮਜ਼ਦੂਰਾਂ ਨੇ ਵਿਚਾਰ-ਚਰਚਾ 'ਚ ਭਾਗ ਲਿਆ। ਇਹ ਗੱਲ ਸਾਹਮਣੇ ਆਈ ਕਿ ਪਿਛਲੇ ਸਾਲ ਪਾਵਰਲੂਮ ਮਜ਼ਦੂਰਾਂ ਨੇ ਹੜਤਾਲ ਕਰਕੇ ਪੀਸ ਰੇਟ ਵਧਵਾਇਆ ਸੀ ਪਰ ਮਾਲਕਾਂ ਨੇ ਕਈ ਚਾਲਬਾਜ਼ੀਆਂ ਨਾਲ਼ ਮਜ਼ਦੂਰਾਂ ਦੀ ਆਮਦਨ ਨੂੰ ਘੱਟ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਮਜ਼ਦੂਰਾਂ ਨੇ ਕਿਹਾ ਅਸਲ ਮੰਗ ਤਾਂ ਪੀਸ ਰੇਟ ਸਿਸਟਮ ਖਤਮ ਕਰਕੇ ਬੱਝਵੀ ਤਨਖਾਹ ਲਾਗੂ ਕਰਵਾਉਣ ਦੀ ਹੈ ਪਰ ਇਸ ਲਈ ਮਜ਼ਦੂਰਾਂ ਨੂੰ ਇੱਕ ਫੌਲਾਦੀ ਏਕਤਾ ਬਣ ਕੇ ਲੜਣਾ ਪਵੇਗਾ ਨਹੀਂ ਤਾਂ ਪੀਸਾਂ ਦੇ ਰੇਟ ਵਧਵਾ ਕੇ ਹੀ ਸਾਰਨਾ ਪਵੇਗਾ। ਈ.ਐਸ.ਆਈ. ਸਹੂਲਤ ਲਾਗੂ ਕਰਵਾਉਣ ਅਤੇ ਕਾਰਖਾਨਿਆਂ 'ਚ ਮਜ਼ਦੂਰਾਂ ਨੂੰ ਪੱਕਾ ਕਰਨ, ਪਹਿਚਾਣ ਕਾਰਡ, ਹਾਜ਼ਰੀ ਰਜਿਸਟਰ ਲਾਗੂ ਕਰਵਾਉਣ ਲਈ ਮਜ਼ਦੂਰਾਂ 'ਚ ਕਾਫੀ ਜੋਸ਼ ਦੇਖਣ ਨੂੰ ਮਿਲ ਰਿਹਾ ਹੈ। ਪਿਛਲੇ 25 ਸਾਲਾਂ ਤੋਂ ਲੁਧਿਆਣੇ ਦੀ ਟੈਕਸਟਾਈਲ ਸਨਅਤ ਵਿੱਚ ਕੰਮ ਕਰਨ ਵਾਲੇ ਭਗਵਾਨ ਦਾਸ ਨਾਂ ਦੇ ਮਜ਼ਦੂਰ ਸਾਥੀ ਨੇ ਕਿਹਾ ਕਿ ਮਜ਼ਦੂਰ ਕਦੀ ਘੋਲ਼ 'ਚ ਪਿਛੇ ਨਹੀਂ ਰਹੇ ਪਰ ਲੀਡਰਾਂ ਕਾਰਨ ਮਜ਼ਦੂਰਾਂ ਨੂੰ ਹਾਰ ਸਹਿਣੀ ਪੈਂਦੀ ਹੈ। ਉਹਨਾਂ ਕਿਹਾ ਯੂਨੀਅਨ ਦੇ ਆਗੂਆਂ ਨੂੰ ਹਮੇਸ਼ਾ ਅਡਿੱਗ ਰਹਿਣਾ ਚਾਹੀਦਾ, ਮਜ਼ਦੂਰ ਹਰ ਕੁਰਬਾਨੀ ਕਰਨ ਨੂੰ ਤਿਆਰ ਹਨ। ਹੋਰ ਮਜ਼ਦੂਰਾਂ ਨੇ ਆਪਣੇ ਵਿਚਾਰ ਰੱਖਦੇ ਹੋਏ ਕਿਹਾ ਕਿ ਮਜ਼ਦੂਰਾਂ 'ਚ ਵੀ ਕਮੀਆਂ ਹਨ। ਹੜਤਾਲ ਦੇ ਸਮੇਂ ਬਹੁਤ ਸਾਰੇ ਮਜ਼ਦੂਰ ਘਰ ਚਲੇ ਜਾਂਦੇ ਹਨ। ਮੀਟਿੰਗਾਂ 'ਚ ਸ਼ਾਮਲ ਨਹੀਂ ਹੁੰਦੇ। ਇਸ ਤਰ੍ਹਾਂ ਮਜ਼ਦੂਰਾਂ ਦੀ ਏਕਤਾ ਅਤੇ ਘੋਲ਼ ਕਮਜ਼ੋਰ ਹੁੰਦੇ ਹਨ। ਮਜ਼ਦੂਰ ਪੰਚਾਇਤ 'ਚ ਕਾਰਖਾਨਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ ਨੇ ਕਿਹਾ ਕਿ ਮਜ਼ੂਦਰਾਂ ਦੀ ਸੱਚੀ ਜਥੇਬੰਦੀ ਉਹੀ ਹੈ ਜਿਸ 'ਚ ਜਮਹੂਰੀਅਤ ਨੂੰ ਸਖ਼ਤੀ ਨਾਲ਼ ਲਾਗੂ ਕੀਤਾ ਜਾਂਦਾ ਹੋਵੇ। ਉਹਨਾਂ ਕਿਹਾ ਕਿ ਟੈਕਸਟਾਈਲ ਮਜ਼ਦੂਰ ਪੰਚਾਇਤ ਦਾ ਸੱਦਿਆਂ ਜਾਣਾ ਇੱਕ ਬਹੁਤ ਹੀ ਸ਼ਲਾਘਾਯੋਗ ਕਦਮ ਹੈ, ਜਿਸ 'ਚ ਮਜ਼ਦੂਰਾਂ ਨੂੰ ਖੁੱਲ੍ਹ ਕੇ ਆਪਣੀ ਗੱਲ ਕਹਿਣ ਦਾ ਮੌਕਾ ਮਿਲਿਆ ਹੈ। ਉਹਨਾਂ ਕਿਹਾ ਕਿ ਦਲਾਲ ਜੱਥੇਬੰਦੀਆਂ ਦੇ ਆਗੂ ਕਦੀ ਅਜਿਹਾ ਨਹੀਂ ਕਰਦੇ। ਪੰਚਾਇਤ 'ਚ ਪ੍ਰੇਮਨਾਥ, ਨਸੀਮ, ਸੁਰਿੰਦਰ, ਰਾਜਕੁਮਾਰ, ਘਨਸ਼ਾਮ, ਲਛਮਣ, ਵਿਕਰਮ ਆਦਿ ਮਜ਼ਦੂਰ ਸਾਥੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਅਖੀਰ 'ਚ ਸਾਥੀ ਰਾਜਵਿੰਦਰ ਨੇ ਕਿਹਾ ਕਿ ਮਜ਼ਦੂਰ ਪੰਚਾਇਤ 'ਚ ਹੋਏ ਸਲਾਹ-ਮਸ਼ਵਰੇ ਦੇ ਅਧਾਰ 'ਤੇ ਮੰਗ ਪੱਤਰ ਕੀਤਾ ਜਾਵੇਗਾ ਜਿਹੜਾ ਮਾਲਕਾਂ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ। ਜੇਕਰ ਮਾਲਕ ਮੰਗਾਂ ਨਹੀਂ ਮੰਨਦੇ ਤਾਂ ਉਨ੍ਹਾਂ ਨੂੰ ਹੜਤਾਲ ਲਈ ਤਿਆਰ ਰਹਿਣਾ ਹੋਵੇਗਾ।

ਇਨ੍ਹਾਂ ਮਹੀਨਿਆਂ 'ਚ ਟੈਕਸਟਾਈਲ ਉਤਪਾਦਨ 'ਚ ਬਹੁਤ ਤੇਜ਼ੀ ਹੁੰਦੀ ਹੈ ਇਸ ਲਈ ਇਹ ਸਮਾਂ ਘੋਲ਼ ਕਰਨ ਲਈ ਮਜ਼ਦੂਰਾਂ ਲਈ ਬਹੁਤ ਅਨੁਕੂਲ ਹੁੰਦਾ ਹੈ। ਮਜ਼ਦੂਰ ਪੰਚਾਇਤ ਲਈ ਲੁਧਿਆਣੇ ਦੇ ਵੱਖ ਵੱਖ ਇਲਾਕਿਆਂ ਦੇ ਟੈਕਸਟਾਈਲ ਮਜ਼ਦੂਰਾਂ ਵੱਲੋਂ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ ਗਿਆ ਸੀ। ਟੈਕਸਟਾਈਲ ਮਜ਼ਦੂਰ ਯੂਨੀਅਨ ਵੱਲੋਂ ਮਜ਼ਦੂਰਾਂ ਦੀਆਂ ਮੀਟਿੰਗਾਂ ਕਰਵਾਈਆਂ ਗਈਆਂ। ਇੱਕ ਪਰਚਾ ਵੱਡੀ ਮਾਤਰਾ 'ਚ ਮਜ਼ਦੂਰਾਂ 'ਚ ਵੰਡਿਆ ਗਿਆ। ਮਜ਼ਦੂਰਾਂ 'ਚ ਇਸ ਪੰਚਾਇਤ ਲਈ ਕਾਫੀ ਉਤਸ਼ਾਹ ਸੀ ਪਰ ਭਾਰੀ ਮੀਂਹ ਕਾਰਨ ਬਹੁਤੇ ਮਜ਼ਦੂਰ ਪਹੁੰਚ ਨਹੀਂ ਸਕੇ, ਫਿਰ ਵੀ ਖਰਾਬ ਮੌਸਮ ਦੇ ਬਾਵਜੂਦ ਪੰਜ ਸੌ ਤੋਂ ਵੱਧ ਮਜ਼ਦੂਰਾਂ ਨੇ ਟੈਕਸਟਾਈਲ ਮਜ਼ਦੂਰ ਪੰਚਾਇਤ 'ਚ ਭਾਗ ਲਿਆ।•

## ਪਾਠਕ ਮੰਚ

**ਸੰਪਾਦਕ ਜੀ**

ਮੈਨੂੰ ਸਾਹਿਤ ਪੜ੍ਹਨਾ ਬੜਾ ਚੰਗਾ ਲੱਗਦਾ ਹੈ। ਮੈਂ ਆਪਣੇ ਕਾਲਜ ਦੇ ਵਿਹਲੇ ਵਕਤ ਲਾਇਬ੍ਰੇਰੀ 'ਚ ਕਹਾਣੀਆਂ ਤੇ ਲੇਖ ਪੜ੍ਹਦਾ ਹਾਂ। ਪਰ ਇੱਕ ਦਿਨ ਮੈਨੂੰ ਲਲਕਾਰ ਦੀ ਇੱਕ ਕਾਪੀ 'ਲਲਕਾਰ' ਦੇ ਪ੍ਰਚਾਰ ਕਰਨ ਵਾਲ਼ੇ ਸਾਥੀਆਂ ਤੋਂ ਮਿਲੀ। ਉਸ ਤੋਂ ਪੜ੍ਹ ਕੇ ਮੈਨੂੰ ਸੰਸਾਰ 'ਚ ਫੈਲੇ ਨਾ-ਬਰਾਬਰਤਾ ਦੇ ਪਾੜੇ ਦੇ ਦਿਨ-ਬ-ਦਿਨ ਵਧਣ-ਫੁੱਲਣ ਬਾਰੇ ਪਤਾ ਲੱਗਿਆ। ਇਹ ਵੀ ਪਤਾ ਚੱਲਿਆ ਕਿ ਇਹ ਗਰੀਬ ਤੇ ਮਜ਼ਦੂਰ ਨੂੰ ਸਜ਼ਾ ਕਰਮਾਂ ਦੀ ਨਹੀਂ ਹੈ ਸਗੋਂ ਪੂੰਜੀਪਤੀਆਂ ਤੇ ਸਰਕਾਰਾਂ ਦੇ ਟੱਟੂਆਂ ਦੀ ਵਜ੍ਹਾ ਨਾਲ਼ ਅਜਿਹੀ ਨਰਕ ਭਰੀ ਜਿੰਦਗੀ ਜੀਣੀ ਪੈ ਰਹੀ ਹੈ। 'ਲਲਕਾਰ' ਦੇ ਨਾਲ਼-ਨਾਲ਼ ਮੈਂ ਬਹੁਤ ਸਾਰੀਆਂ ਹੋਰ ਕਿਤਾਬਾਂ ਵੀ ਪੜ੍ਹੀਆਂ। ਜੋ ਸਭ ਮਜ਼ਦੂਰਾਂ ਤੇ ਗਰੀਬਾਂ ਦੇ ਆਜ਼ਾਦ ਹੋਣ ਬਾਰੇ ਦੱਸਦੀਆਂ ਹਨ। ਸੋ ਇਕ ਨਾਵਲ ਜਿਸਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਉਹ ਹੈ 'ਕਬਹੂ ਨਾ ਛਾਡੈ ਖੇਤੁ' ਜੋ ਇਕ ਰੂਸੀ ਲੇਖਕ ਨਿਕੋਲਾਈ ਓਸਤਰੋਵਸਕੀ ਦੁਆਰਾ ਲਿਖਿਆ ਗਿਆ ਹੈ। ਇਸ ਨਾਵਲ ਵਿੱਚ ਮੁੱਖ ਪਾਤਰ ਪਾਵੇਲ ਕੋਰਚਾਗੀਨ ਹੈ। ਪਾਵੇਲ ਇਕ ਮਜ਼ਦੂਰ ਪਰਿਵਾਰ ਵਿਚ ਪੈਦਾ ਹੋਇਆ ਤੇ ਸਾਰੀ ਜਿੰਦਗੀ ਸੋਵੀਅਤ ਯੂਨੀਅਨ ਦੇ ਨਾਮ ਕਰ ਦਿਤੀ ਸੀ। ਤੇ ਅਖੀਰ ਅਥਾਹ ਮੁਸ਼ਕਲਾਂ ਦੌਰਾਨ ਉਹ ਅਪਾਹਜ ਤੇ ਅੰਨ੍ਹਾ ਹੋ ਜਾਂਦਾ ਹੈ। ਮੈਨੂੰ ਉਸਦੇ ਕਹੇ ਹੋਏ ਬੋਲ ਯਾਦ ਆਉਦੇ ਨੇ ਜੋ ਇਕ ਸੱਚੇ-ਸੁੱਚੇ ਇਨਕਲਾਬੀ ਦੇ ਸਨ। ਜਦੋਂ ਪਾਵੇਲ ਅਪਾਹਜ ਤੇ ਅੰਨਾ ਹੋ ਗਿਆ ਤੇ ਉਸਦਾ ਲਿਖਿਆ ਹੋਇਆ ਨਾਵਲ ਪੜ੍ਹ ਕੇ ਕੋਈ ਨੌਜਵਾਨ ਉਹਨਾਂ ਨੂੰ ਮਿਲਣ ਆਉਂਦਾ ਤਾਂ ਉਹ ਸੋਚਦਾ ਕਿ "ਹਾਲੇ ਵੀ ਮੈ ਉਹਨਾਂ ਵਿਚੋਂ ਬਹੁਤ ਸਾਰਿਆ ਨਾਲ਼ੋ ਜਿਹੜੇ ਮੈਨੂੰ ਮਿਲਣ ਆਉਦੇ ਹਨ, ਕਿਤੇ ਵੱਧ ਖੁਸ਼ੀ ਦਾ ਜੀਵਨ ਜੀਅ ਰਿਹਾਂ। ਇਹਨਾਂ ਵਿੱਚੋ ਬਹੁਤ ਤਾਂ ਪੁੱਛ-ਗਿੱਛ ਕਰਨ ਦੇ ਸ਼ੌਕ ਨਾਲ਼ ਹੀ ਆਉਦੇ ਹਨ। ਮੈਨੂੰ ਇਸ 'ਤੇ ਹੈਰਾਨੀ ਨਹੀ ਹੁੰਦੀ। ਉਹਨਾਂ ਦੇ ਨਰੋਏ ਸਰੀਰ ਹਨ। ਪਰ ਉਨ੍ਹਾਂ ਦੀ ਹੋਂਦ ਰੁੱਖੀ ਤੇ ਬੇਰੰਗ ਹੈ। ਉਹ ਦੋਨਾਂ ਅੱਖਾਂ ਨਾਲ ਦੇਖ ਸਕਦੇ ਹਨ, ਪਰ ਮੈ ਸਮਝਦਾ ਹਾਂ ਉਨ੍ਹਾਂ ਦੀ ਤੱਕਣੀ ਖੋਖ਼ਲੀ ਤੇ ਅਲ਼ਗਰਜ ਹੈ। ਉਹ ਸ਼ਾਇਦ ਮੇਰੇ 'ਤੇ ਤਰਸ ਖਾਂਦੇ ਹਨ ਅਤੇ ਸੋਚਦੇ ਹਨ, "ਰੱਬ ਮੈਨੂੰ ਇਹਦੇ ਵਰਗੀ ਹਾਲਤ ਵਿੱਚ ਪੈਣੋਂ ਬਚਾਵੇ!" ਮੈਨੂੰ ਉਹ ਅਜਿਹੇ ਤੁੱਛ ਜੀਵ ਪ੍ਰਤੀਤ ਹੁੰਦੇ ਹਨ ਕਿ ਮੈ ਕਸਮ ਖਾ ਕੇ ਉਹਨਾਂ ਨਾਲ ਥਾਂ ਬਦਲਣ ਲਈ ਕਦੇ ਸਹਿਮਤ ਨਹੀ ਹੋਵਾਂਗਾ।"

ਇਹ ਬੋਲ ਕਿਸੇ ਬਹਾਦਰ ਦੇ ਹੋ ਸਕਦੇ ਹਨ। ਹੁਣ ਤੁਸੀ ਸੋਚੋਗੇ ਕਿ ਪਾਵੇਲ ਨੇ ਕਿਹੜਾ ਨਾਵਲ ਲਿਖਿਆ ਸੀ ਅਤੇ ਕਦੋਂ? ਦਰਅਸਲ ਗੱਲ ਇਹ ਹੈ ਕਿ ਪਾਵੇਲ ਕੋਰਚਾਗਿਨ ਤੇ ਨਿਕਲਾਈ ਉਸਤ੍ਰੋਵਸਕੀ ਇਕ ਹੀ ਇਨਸਾਨ ਸਨ। ਓਸਤਰੋਵਸਕੀ ਨੇ ਆਪਣੇ ਜੀਵਨ ਉੱਤੇ ਨਾਵਲ ਲਿਖਿਆ ਸੀ ਅਤੇ ਪਾਵੇਲ ਉਹ ਆਪ ਹੀ ਸਨ ਤੇ ਨਾਵਲ ਲੋਕਾਂ ਤੱਕ ਪਹੁੰਚਣ ਤੋਂ ਬਾਅਦ ਉਨ੍ਹਾਂ ਨੂੰ ਉਹ ਲੋਕ ਮਿਲਣ ਆਉਦੇ ਸਨ। ਸੋ ਮੈਂ ਆਸ ਰੱਖਦਾ ਹਾਂ ਖ਼ਾਸਕਰ ਨੌਜਵਾਨਾਂ ਤੋਂ ਕਿ ਉਹ ਇਸ ਨਾਵਲ 'ਕਬਹੂ ਨ ਛਾਡੈ ਖੇਤੁ' ਨੂੰ ਜਰੂਰ ਪੜ੍ਹਨ।

**'ਲਲਕਾਰ ਹਰ ਪਲ ਚੜ੍ਹਦੀ-ਕਲਾ ਵਿੱਚ ਰਹੇ।'**

**ਅਰਵਿੰਦਰ, ਗੌਰਮਿੰਟ ਕਾਲਜ, ਚੰਡੀਗੜ੍ਹ।**


## ਦਸਤਕ ਪ੍ਰਕਾਸ਼ਨ, ਲੁਧਿਆਣਾ

| | |
|---|---|
| 1. ਮੇਰਾ ਬਚਪਨ (ਨਾਵਲ) (ਮੈਕਸਿਮ ਗੋਰਕੀ) | 80.00 |
| 2. ਮੇਰੇ ਸ਼ਗਿਰਦੀ ਦੇ ਦਿਨ (ਮੈਕਸਿਮ ਗੋਰਕੀ) | 100.00 |
| 3. ਮੇਰੇ ਵਿਸ਼ਵ-ਵਿਦਿਆਲੇ (ਮੈਕਸਿਮ ਗੋਰਕੀ) | 70.00 |
| 4. ਪ੍ਰੇਮ, ਪਰੰਪਰਾ ਅਤੇ ਵਿਦਰੋਹ (ਕਾਤਿਆਇਨੀ) | 20.00 |
| 5. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖਤ) | 15.00 |
| 6. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ | 15.00 |
| 7. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ | 10.00 |
| 8. ਪਹਿਲਾ ਅਧਿਆਪਕ (ਚੰਗੀਜ਼ ਆਇਤਮਾਤੋਵ) | 20.00 |
| 9. ਸ਼ੋਲੋਖੋਵ ਦੀਆਂ ਕਹਾਣੀਆਂ | 30.00 |
| 10. ਸ਼ਾਂਤ ਸਰਘੀ ਵੇਲਾ (ਬੋਰਿਸ ਵਾਸੀਲਿਯੇਵ) | 30.00 |

### ਦਸਤਕ ਪ੍ਰਕਾਸ਼ਨ ਵੱਲੋਂ ਜਲਦ ਪ੍ਰਕਾਸ਼ਤ ਹੋ ਰਹੀਆਂ ਕਿਤਾਬਾਂ ਦੀ ਸੂਚੀ

1. ਭਾਂਜ (ਐਲੈਗਜ਼ਾਂਦਰ ਫ਼ਦੇਯੇਵ)
2. ਫ਼ੌਲਾਦੀ ਹੜ੍ਹ (ਅਲੈਗਜ਼ਾਂਦਰ ਸਰਾਫ਼ੀਮੋਵਿਚ)
3. ਇਕਤਾਲ਼ੀਵਾਂ (ਬੋਰਿਸ ਲਵਰੇਨਿਓਵ)

## ਅਨੁਰਾਗ ਟਰੱਸਟ

| | |
|---|---|
| 1. ਇਵਾਨ (ਵਲਾਦੀਮੀਰ ਬਗਾਮੋਲੋਵ) | 40.00 |
| 2. ਵਾਂਕਾ (ਐਂਤੋਨ ਚੇਖ਼ਵ) | 15.00 |
| 3. ਕਿਸਮਤ ਆਪੋ ਆਪਣੀ (ਜੈਨੇਂਦਰ) | 20.00 |
| 4. ਕੋਹੇਕਾਫ਼ ਦਾ ਕੈਦੀ (ਲਿਓ ਤਾਲਸਤਾਏ) | 30.00 |

### ਅਨੁਰਾਗ ਟਰੱਸਟ ਵੱਲੋਂ ਜਲਦ ਪ੍ਰਕਾਸ਼ਤ ਹੋ ਰਹੀਆਂ ਕਿਤਾਬਾਂ ਦੀ ਸੂਚੀ

1. ਛੱਤ 'ਤੇ ਫਸ ਗਿਆ ਬਿੱਲਾ ਅਤੇ ਤਿੰਨ ਕਹਾਣੀਆਂ (ਵਿਤਾਉਤੇ ਜਿਲਿੰਸਕਾਈਤੇ)
2. ਅਜੀਬੋ ਗ਼ਰੀਬ ਕਿੱਸੇ (ਹੋਲਗਰ ਪੁੱਕ)
3. ਦੋ ਹਿੰਮਤੀ ਕਹਾਣੀਆਂ (ਹੋਲਗਰ ਪੁੱਕ)
4. ਨਵੇਂ ਜ਼ਮਾਨੇ ਦੀਆਂ ਪਰੀ-ਕਥਾਵਾਂ (ਹੋਲਗਰ ਪੁੱਕ)
5. ਅਸੀਂ ਸੂਰਜ ਨੂੰ ਵੇਖ ਸਕਦੇ ਹਾਂ (ਮਿਕੋਲਾ ਗਿਲ, ਦਾਯਰ ਸਲਾਵਕੋਵਿਚ)
6. ਗੁਫ਼ਾ ਮਾਨਵਾਂ ਦੀਆਂ ਕਹਾਣੀਆਂ (ਮੈਰੀ ਮਾਰਸ)
7. ਕਿੱਸਾ ਇਹ ਕਿ ਇੱਕ ਪੇਂਡੂ ਨੇ ਦੋ ਅਫ਼ਸਰਾਂ ਦਾ ਢਿੱਡ ਕਿਵੇਂ ਭਰਿਆ (ਮਿਖਾਈਲ ਸਲਿਤਕੋਵ-ਸ਼ਚੇਦ੍ਰਿਨ)
8. ਸਦਾਨੰਦ ਦੀ ਛੋਟੀ ਦੁਨੀਆਂ (ਸੱਤਿਆਜੀਤ ਰਾਏ)

**ਕਿਤਾਬਾਂ ਮੰਗਵਾਉਣ ਲਈ ਪਤਾ**

ਮੁੱਖ ਦਫ਼ਤਰ : ਡੀ-68, ਨਿਰਾਲਾ ਨਗਰ, ਲਖਨਊ-226020
ਫੋਨ : 0522-2786782,
ਈਮੇਲ : **janchetna@rediffmail.com,**
260, ਸ਼ਹੀਦ ਸੁਖਦੇਵ ਸਿੰਘ ਨਗਰ, ਪਿੰਡ-ਲੋਹਾਰਾ,
ਤਹਿ. ਅਤੇ ਜ਼ਿਲ੍ਹਾ – ਲੁਧਿਆਣਾ। ਫੋਨ : 98155-87807
ਈਮੇਲ. **janchetnapb@gmail.com**

### ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ।

## ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

1. ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) 20.00
2. ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) 30.00
3. ਲੂਈ ਬੋਨਾਪਾਰਟ ਦਾ ਅਠਾਰ੍ਹਵਾਂ ਬਰੂਮੇਰ (ਕਾ. ਮਾਰਕਸ) 50.00
4. ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) 35.00
5. ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) 65.00
6. ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) 05.00
7. ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ
ਦਰਸ਼ਨ ਦਾ ਅੰਤ (ਫ਼. ਏਂਗਲਜ਼) 30.00
8. ਕਾਰਲ ਮਾਰਕਸ ਅਤੇ ਉਨ੍ਹਾਂ ਦੀ ਸਿੱਖਿਆ (ਲੈਨਿਨ) 35.00
9. ਰਾਜ ਅਤੇ ਇਨਕਲਾਬ (ਲੈਨਿਨ) 50.00
10. ਰਾਜ (ਲੈਨਿਨ 10.00)
11. ਖੇਤੀ ਵਿਚ ਪੂੰਜੀਵਾਦ (ਲੈਨਿਨ) 15.00
12. ਆਰਥਿਕ ਰੋਮਾਂਚਵਾਦ ਦਾ ਚਰਿੱਤਰ ਚਿਤਰਣ (ਲੈਨਿਨ) 50.00
13. ਰਿਹਾਇਸ਼ੀ ਘਰਾਂ ਦਾ ਸਵਾਲ (ਫ਼. ਏਂਗਲਜ਼) 35.00
14. ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ) 40.00
15. ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿਚ 75.00
16. ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ) 40.00
17. ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ) 60.00
18. ਦਵੰਦਵਾਦ ਜ਼ਰੀਏ ਲੋਕਾਂ ਦੀ ਸੇਵਾ 10.00
(ਸੱਭਿਆਚਾਰਕ ਇਨਕਲਾਬ ਦੌਰਾਨ ਚੀਨ ਵਿਚ ਹੋਏ ਨਵੇਂ ਪ੍ਰਯੋਗਾਂ ਦੀ ਕਹਾਣੀ)
19. ਮਾਓ-ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਅਵੇਕੀਅਨ) 100.00
20. ਇਨਕਲਾਬ ਅੰਦਰ ਇਨਕਲਾਬ (ਆਇਰਿਸ ਹੰਟਰ) 20.00
21. ਸੋਵੀਅਤ ਯੂਨੀਅਨ ਦੇ ਇਤਿਹਾਸ ਸਬੰਧੀ ਪ੍ਰਚਾਰੇ ਜਾਂਦੇ ਝੂਠ 10.00
22. ਚੋਰ, ਭ੍ਰਸ਼ਟ ਤੇ ਅੱਯਾਸ਼ ਨੇਤਾਸ਼ਾਹੀ 3.00
23. ਨਵ-ਉਦਾਰਵਾਦੀ ਨੀਤੀਆਂ ਦੇ ਅਠਾਰਾਂ ਸਾਲ 3.00
24. ਫਿਲਾਸਫੀ ਕੋਈ ਗੋਰਖਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) 10.00
25. ਗ਼ਦਰੀ ਸੂਰਬੀਰ (ਰਣਧੀਰ ਸਿੰਘ) 10.00
26. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) 10.00
27. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) 10.00
28. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ
10.00
29. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਾਯਕੰਮਾ) 15.00
30. ਜੰਗਲਨਾਮਾ - ਇਕ ਰਾਜਨੀਤਿਕ ਪੜਚੋਲ 3.00
31. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ 10.00
32. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ 20.00
ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ
33. ਕਿਉਂ ਮਾਓਵਾਦ? 10.00
34. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ
ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰ) 10.00
35. ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੈਰਿਸ ਕਮਿਊਨ ਦੀ ਅਮਰ ਕਹਾਣੀ 10.00
36. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10.00
37. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10.00
38. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ
ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 25.00
39. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ
(ਦੀ ਸੰਘਾਈ ਟੈਕਸਟ ਬੁੱਕ ਆਫ਼ ਪੋਲੀਟੀਕਲ ਇਕਾਨਮੀ) 60.00
40. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) 10.00
41. ਰਿਜ਼ਰਵੇਸ਼ਨ (ਪੱਖ, ਵਿਪੱਖ ਅਤੇ ਤੀਸਰਾ ਪੱਖ) 5.00
42. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ 20.00
43. ਭਗਤ ਸਿੰਘ ਨੇ ਕਿਹਾ... 5.00
44. ਸ਼ਹੀਦ ਕਰਤਾਰ ਸਿੰਘ ਸਰਾਭਾ 5.00
45. ਮੈਂ ਨਾਸਤਿਕ ਕਿਉਂ ਹਾਂ? (ਭਗਤ ਸਿੰਘ) 10.00
46. ਫ਼ਲਸਫ਼ਾਨਾ ਲਿਖਤਾਂ (ਮਾਓ-ਜ਼ੇ-ਤੁੰਗ) 25.00
47. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10.00
48. ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ) 20.00
49. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20.00
50. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) 10.00
51. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ਼ ਅਤੇ ਲੈਨਿਨ ਵਲੋਂ
ਸੁਤੰਤਰ ਵਪਾਰ ਸੰਬੰਧੀ ਵਿਚਾਰ) 10.00
52. ਆਈਨਸਟੀਨ ਦੇ ਸਮਾਜਿਕ ਸਰੋਕਾਰ 10.00
53. ਫਾਸੀਵਾਦ ਕੀ ਹੈ? ਅਤੇ ਇਸ ਨਾਲ਼ ਕਿਵੇਂ ਲੜੀਏ? 15.00

## ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਜਲਦ ਪ੍ਰਕਾਸ਼ਤ ਹੋਣ ਜਾ ਰਹੀਆਂ ਕਿਤਾਬਾਂ

1. ਜਰਮਨੀ ਵਿਚ ਇਨਕਲਾਬ ਅਤੇ ਉਲਟ ਇਨਕਲਾਬ (ਏਂਗਲਜ਼)
2. ਫ਼ਿਉਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼)
3. ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼)
4. ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਮਾਰਕਸ)
5. ਫ਼ਰਾਂਸ ਅਤੇ ਜਰਮਨੀ ਵਿਚ ਕਿਸਾਨੀ ਦਾ ਸਵਾਲ (ਏਂਗਲਜ਼)
6. ਪੂੰਜੀ ਦੀ ਉਤਪਤੀ (ਮਾਰਕਸ)
7. ਦੂਜੀ ਇੰਟਰਨੈਸ਼ਨਲ ਦਾ ਪਤਨ (ਲੈਨਿਨ)
8. ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ (ਲੈਨਿਨ)
9. ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ)
10. ਲੋਕਾਂ ਵਿਚ ਕੰਮ ਕਿਵੇਂ ਕਰੀਏ (ਲੈਨਿਨ)
11. ਸਾਹਿਤ ਅਤੇ ਕਲਾ ਬਾਰੇ (ਲੈਨਿਨ)
12. ਸੋਸ਼ਲਿਜ਼ਮ ਤੇ ਜੰਗ (ਲੈਨਿਨ)
13. ਖੱਬੇ ਪੱਖੀ ਕਮਿਊਨਿਜ਼ਮ ਇਕ ਬਚਗਾਨਾ ਰੋਗ (ਲੈਨਿਨ)
14. ਵਿਰਸਾ ਜਿਸਨੂੰ ਅਸੀਂ ਤਿਆਗਦੇ ਹਾਂ (ਲੈਨਿਨ)
15. ਪ੍ਰੋਲੇਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ (ਲੈਨਿਨ)
16. ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਜ਼ੇਵਾ)
17. ਅਜਿੱਤ ਬਾਲਸ਼ਵਿਕ ਨਤਾਸ਼ਾ
18. ਸੋਵੀਅਤ ਅਰਥ-ਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ)
19. ਚੀਨ ਵਿਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ)
20. ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ)
21. ਸੰਵਿਧਾਨ ਦਾ 'ਖਰੜਾ' ਤਿਆਰ ਕਰਨ 'ਚ ਅੰਬੇਡਕਰ ਦੀ ਭੂਮਿਕਾ (ਰੰਗਾਨਾਯਕੰਮਾ)
22. ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ)
23. ਭਾਰਤ ਦੇ ਇਤਿਹਾਸ ਵਿਚ ਜਾਤ-ਪਾਤ (ਪ੍ਰੋ. ਇਰਫ਼ਾਨ ਹਬੀਬ)





14 ਅਗਸਤ ਨੂੰ ਟੈਕਸਟਾਈਲ ਮਜ਼ਦੂਰ ਯੂਨੀਅਨ ਵੱਲੋਂ
ਲੁਧਿਆਣਾ ਵਿਖੇ ਸੱਦੀ ਮਜ਼ਦੂਰ ਪੰਚਾਇਤ ਦੇ ਦ੍ਰਿਸ਼